ਸਤਿਬੀਰ ਸਿੰਘ

# ਬਾਰਹ ਮਾਹਾ ਤਿਨੇ

[illegible]

[illegible]

ੴ ਸਤਿਨਾਮ

ਜ਼ਰਨੈਲ ਸਿੰਘ ਸ਼ਾਂਤਿ,

ੴ ਸਤਿਨਾਮ

ਜ਼ਰਨੈਲ ਸਿੰਘ ਸ਼ਾਂਤਿ,

ਕਰ
ਕੀਤ
ਜਥ

ਕਲ
ਆਹ

ਦਿੰ

ਹੱਥ
ਸੱਭ

ਕਰ
ਕੀੜ
ਜਬ

ਕਲ
ਆਖ

ਦਿੰ

ਹੱਥ
ਸੱਭ

**ਬਾਰਹ ਮਾਹ ਦਾ ਅਰਥ ਭਾਵ :**

'ਬਾਰਹ ਮਾਹ' ਨੂੰ ਆਮ ਤੌਰ ਤੇ ਫ਼ਿਰਾਕ, ਵਿਛੋੜੇ, ਤਰਲੇ, ਹਾਵੇ, ਔਂਸੀਆਂ, ਵੇਦਨਾ, ਭੜਕੀ, ਕਰਕ ਕਲੇਜੇ, ਆਤਸ਼ ਹਿਰਦੇ, ਸੀਨੇ ਘਾਹ, ਝੋਰੇ, ਹਾਹੁਕੇ, ਬੇਅਰਾਮੀ, ਦਿਲਗੀਰੀ, ਤ੍ਰਿਮਕਦੇ ਨੈਨ, ਸਿਕ, ਸਿਸਕੀਆਂ, ਸਾੜੇ ਤੇ ਤੀਬਰਤਾ ਲਈ ਵਰਤਦੇ ਹਨ, ਪਰ ਗੁਰੂ ਅਰਜਨ ਦੇਵ ਜੀ ਨੇ ਉਸੇ ਤਰ੍ਹਾਂ ਜਿਵੇਂ 'ਅਲਾਹਣੀਆਂ' ਨੂੰ ਗੁਰੂ ਨਾਨਕ ਦੇਵ ਜੀ ਨੇ ਅਲਾਹ ਨੂੰ ਪੁਕਾਰਨ ਤੇ ਸੋਗ ਵਿਚ ਸਹਿਜ ਰੱਖਣ ਦਾ ਵੱਲ ਦੱਸਿਆ; ਜਿਵੇਂ ਗੁਰੂ ਰਾਮ ਦਾਸ ਜੀ ਨੇ ਘੋੜੀਆਂ ਵਿਚ ਅਤਿ ਖ਼ੁਸ਼ੀ ਵੇਲੇ ਵੀ 'ਕੜਿਆਲ ਮੁੱਖੇ' ਰਹਿ ਖ਼ੁਸ਼ੀ ਤੇ ਕਾਬੂ ਰੱਖਣ ਦੀ ਜਾਚ ਦੱਸੀ, ਤਿਵੇਂ ਪੰਜਵੇਂ ਪਾਤਸ਼ਾਹ ਨੇ ਪਏ ਵਿਛੋੜੇ ਨੂੰ ਹੋਰ ਨਾ ਵਧਾ ਸਗੋਂ ਮੇਟਨ ਦਾ ਵੱਲ ਦੱਸਿਆ।

**ਪ੍ਰੰਪਰਾ :**

ਹਿੰਦੁਸਤਾਨ ਕਾਵਿ ਵਿਚ ਖਟ ਰਿਤੂ ਵਰਣਨ 'ਛੇ ਰੁੱਤਾਂ' (ਬਸੰਤ, ਗਰਮੀ, ਬਰਸਾਤ, ਸਰਦ, ਬਰਫ਼ੀਲੀ ਤੇ ਹਿਮਕਰ [ਪੱਤਝੜ]) ਨੂੰ ਲੈਕੇ ਕਈ ਕਾਵਿ ਰਚੇ ਗਏ, ਪਰ ਲੱਗਦਾ ਹੈ ਕਿ ਬਾਰਹ ਮਾਹ ਪਿੱਛੋਂ ਦੀ ਦੇਣ ਹੈ। ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ ਜੋ 'ਰੁੱਤੀ' ਦੀ ਬਾਣੀ ਉਚਾਰੀ ਹੈ, ਉਸ ਵਿਚ ਹਰ ਰੁੱਤ ਤੋਂ ਪਹਿਲਾਂ ਸਲੋਕ ਦਿੱਤਾ ਹੈ ਜੋ ਵਿਛੋੜੇ ਦੀ ਪੀੜ ਦਰਸਾਂਦਾ ਹੈ। ਸਲੋਕਾਂ ਵਿਚ 'ਕਿਲ ਵਿਖੇ ਦੀ ਪੀੜ' 'ਸੂਖੇ ਕਾਰਨ ਪਈ ਖ਼ੁਸ਼ਕੀ', 'ਵਿਛੋੜੇ ਦੀ ਕਸਕ', ਨਾ ਮਿਲਣ ਕਾਰਨ ਤੜਪਣਾ (ਇਕ ਤਿਲੁ ਰਹਿਣੁ ਨ ਜਾਈ) ਤਰਲੋ ਮੱਛੀ ਹੋਇਆ ਜੀਉੜਾ (ਆਸ ਪਿਆਸੀ ਮੈ ਫਿਰਉ) ਸੜਦੀ ਬੁੱਜਦੀ ਦੇਹ (ਜਲਣਿ) ਡੋਲਦੇ ਚਿੱਤ (ਡੋਲਤ ਚੀਤ) ਦਾ ਵਰਣਨ ਕਰ ਕੇ ਅਖ਼ੀਰਲੇ ਸਲੋਕ ਵਿਚ 'ਸਭ ਤੇ ਊਚੇ ਨਾਨਕ ਨਾਮ ਪਿਆਰ' ਦੀ ਘੁੱਟੀ ਦੇ ਕੇ ਸੱਚਾ ਪਿਆਰ ਪਾਉਣ ਦਾ ਰਾਹ ਦਰਸਾਇਆ ਹੈ। ਛੰਦਾਂ ਵਿਚ ਹਰ ਰੁੱਤ ਵਿਚ ਆਏ ਦੋ ਮਹੀਨਿਆਂ ਦਾ ਸੁਭਾਅ, ਪ੍ਰਭਾਵ ਕਿਵੇਂ ਦੇਹ ਤੇ ਪੈਂਦਾ ਹੈ ਤੇ ਫਿਰ ਦੇਹ ਤੋਂ ਉੱਚੇ ਹੋ ਕੇ ਮਨ ਦਾ ਟਿਕਾ ਕਿਵੇਂ ਪਾਉਣਾ ਹੈ, ਦਰਸਾਇਆ ਹੈ।

ਹਿੰਦੁਸਤਾਨੀ ਖੱਟ ਵਰਨਣ ਵਾਲੇ ਗਰਮੀ ਦੀ ਰੁੱਤ ਤੋਂ ਅਰੰਭ ਕਰ ਕੇ ਬਸੰਤ ਤਕ ਪੁੱਜਦੇ ਸਨ, ਪਰ ਗੁਰੂ ਅਰਜਨ ਦੇਵ ਜੀ ਨੇ ਬਸੰਤ ਤੋਂ ਸ਼ੁਰੂ ਕੀਤਾ ਹੈ ਤਾਂ ਕਿ ਅਰੰਭ ਵਿਚ ਹੀ ਆਸ ਬੱਝ ਜਾਵੇ। ਜਿਵੇਂ ਥਿਤੀ ਵਿਚ ਗੁਰੂ ਅਰਜਨ ਦੇਵ ਜੀ '**ਚੰਦ ਚੜ੍ਹੇ**', ਤੋਂ ਅਰੰਭ ਕਰਦੇ ਹਨ, ਪਰ ਕਬੀਰ ਜੀ ਮੱਸਿਆ ਤੋਂ ਸ਼ੁਰੂ ਕਰਦੇ ਹਨ।

ਚੇਤ ਤੇ ਵੈਸਾਖ ਨੂੰ 'ਰੁੱਤੀ' ਦੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ 'ਸੁਖ ਮਾਸ' ਕਿਹਾ ਹੈ ਕਿਉਂਕਿ ਇਹ ਰੁੱਤ ਸੁਖਾਵੀਂ ਹੋਣ ਕਾਰਨ ਚਾਅ ਭਰਦੀ ਹੈ :

**ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।**

**ਜੇਠ ਤੇ ਹਾੜ** ਧੁਪ ਸਤਾਂਦੀ ਹੈ। ਗਰਮੀ ਔਖਾ ਕਰਦੀ ਹੈ :

ਗ੍ਰੀਖਮ ਰੁਤਿ ਅਤਿ ਗਾਖੜੀ, ਜੇਠ ਅਖਾੜੈ ਘਾਮ ਜੀਉ।

# ਇਸੇ ਕਲਮ ਤੋਂ

## ਹੋਰ ਧਾਰਮਿਕ ਤੇ ਇਤਿਹਾਸਕ ਰਚਨਾਵਾਂ

| | |
|---|---|
| ਸੌ ਸਵਾਲ | (ਗੁਰਮਤਿ ਸਬੰਧੀ) |
| ਸਾਡਾ ਇਤਿਹਾਸ (ਭਾਗ ੧) | (ਦਸ ਪਾਤਸ਼ਾਹੀਆਂ) |
| ਸਾਡਾ ਇਤਿਹਾਸ (ਭਾਗ ੨) | (ਬੰਦਾ ਸਿੰਘ ਬਹਾਦਰ ਤੋਂ ਮਹਾਰਾਜਾ ਰਣਜੀਤ ਸਿੰਘ ਤੱਕ) |
| ਬਲਿਓ ਚਿਰਾਗ | (ਗੁਰੂ ਨਾਨਕ ਦੇਵ ਜੀ) |
| ਕੁਦਰਤੀ ਨੂਰ | (ਗੁਰੂ ਅੰਗਦ ਦੇਵ ਜੀ) |
| ਪਰਬਤੁ ਮੇਰਾਣੁ | (ਗੁਰੂ ਅਮਰ ਦਾਸ ਜੀ) |
| ਪੂਰੀ ਹੋਈ ਕਰਾਮਾਤਿ | (ਗੁਰੂ ਰਾਮ ਦਾਸ ਜੀ) |
| ਪਰਤਖ੍ਹ ਹਰਿ | (ਗੁਰੂ ਅਰਜਨ ਦੇਵ ਜੀ) |
| ਗੁਰ ਭਾਰੀ | (ਗੁਰੂ ਹਰਿਗੋਬਿੰਦ ਜੀ) |
| ਨਿਰਭਉ-ਨਿਰਵੈਰ | (ਗੁਰੂ ਹਰਿ ਰਾਇ ਜੀ) |
| ਅਸ਼ਟਮ ਬਲਬੀਰਾ | (ਗੁਰੂ ਹਰਿਕ੍ਰਿਸ਼ਨ ਜੀ) |
| ਇਤਿ ਜਿਨਿ ਕਰੀ | (ਗੁਰੂ ਤੇਗ਼ ਬਹਾਦਰ ਜੀ) |
| ਪੁਰਖ ਭਗਵੰਤ | (ਗੁਰੂ ਗੋਬਿੰਦ ਸਿੰਘ ਜੀ) |
| ਪੁਰਾਤਨ ਇਤਿਹਾਸਕ ਜੀਵਨੀਆਂ | (ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ) |
| ਰੱਛਿਆ ਰਹਿਤ | (ਰਹਿਤ ਦੀ ਮਹੱਤਤਾ ਸਬੰਧੀ) |
| ਖ਼ਾਲਸੇ ਦੀ ਵਾਸੀ | (ਧਾਰਮਿਕ ਲੇਖ) |
| ਸਿਧਾਂਤ ਤੇ ਸ਼ਤਾਬਦੀਆਂ | |
| ਦਰਵੇਸ਼ੀ ਗਾਖੜੀ | (ਜੀਵਨੀਆਂ ਦਰਵੇਸ਼ਾਂ ਦੀਆਂ) |
| ਬੀੜ ਪ੍ਰੰਪਰਾ ਦਾ ਵਿਕਾਸ | (ਸਿੱਖ ਯੋਧੇ ਕਿਵੇਂ ਬਣੇ) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ (ਜਿਲਦ ਪਹਿਲੀ) | ਪ੍ਰਸਤਾਵਨਾ, ਜਪ, ਸੋਦਰ, ਸੋ ਪੁਰਖ ਤੇ ਸੋਹਿਲਾ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ (ਸੈਂਚੀ ਦੂਜੀ ਤੇ ਤੀਜੀ) | ਸਿਰੀ ਰਾਗ ਸੰਪੂਰਣ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ (ਸੈਂਚੀਂ ਚੌਥੀ) | ਮਾਝ ਰਾਗ ਸਾਰਾ ਮੁਕੰਮਲ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਸਮੁੱਚਾ ਪੰਦਰਾਂ ਜਿਲਦਾਂ ਵਿਚ) |

# ਬਾਰਹ ਮਾਹਾ ਤਿਨੇ

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ ਜਲੰਧਰ

BARAH MAHA TINNEY

*by*

Satbir Singh

---

ਪਹਿਲੀ ਵਾਰ : 1989

ਮੁੱਲ : 20 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ।
ਫ਼ੋਨ : 73650

ਛਾਪਕ : ਸੈਂਟੋ ਪ੍ਰਿੰਟਰਜ਼,
ਫਗਵਾੜਾ ਗੇਟ, ਜਲੰਧਰ।

ਰਾਹੀਂ : ਸਰਬਜੀਤ ਕੰਪੋਜ਼ਿੰਗ ਹਾਊਸ,
ਭਾਈ ਦਿਤ ਸਿੰਘ ਨਗਰ, ਜਲੰਧਰ।

ਉਨ੍ਹਾਂ
ਗੁਰ ਸਿਖਾਂ ਦੇ
ਨਾਂ
ਜੋ ਅੰਮ੍ਰਿਤ ਵੇਲੇ ਉੱਠ
ਕਰ ਇਸ਼ਨਾਨ
ਨਿਤ ਸਾਧ ਸੰਗਿ ਕਰੰਤੇ

# ਮਾਹ ਦਿਵਸ ਮੂਰਤ ਭਲੇ

ਭਾਈ ਨੰਦ ਲਾਲ ਜੀ ਨੇ ਜ਼ਿੰਦਗੀ-ਨਾਮਾ ਵਿਚ ਲਿਖਿਆ ਹੈ ਕਿ ਜਿਵੇਂ ਸ਼ੁਕਰਵਾਰ ਵਾਲੇ ਦਿਹਾੜੇ ਪਾਕ ਪਰਹੇਜ਼ਗਾਰ ਮੁਸਲਮਾਨਾਂ ਵਿਚ ਇਕੱਠੇ ਹੋ ਨਮਾਜ਼ ਪੜ੍ਹਣ ਦਾ ਰਿਵਾਜ ਹੈ **ਤਿਵੇਂ ਸਾਡੇ ਧਰਮ ਵਿਚ ਦੋ ਵਾਰ ਵਾਹਿਗੁਰੂ ਦੀ ਉਚੇਚੀ ਯਾਦ ਲਈ ਇਕੱਠੇ ਹੁੰਦੇ ਹਨ :**

ਗਿਰਦ ਮੀ ਆਇੰਦ ਦਰ ਮਾਹੇ ਦੋ ਬਾਰ ।
ਬਹਿਰਿ ਜ਼ਿਕਰਿ ਖਾਸਾਇ ਪਰਵਦਗਾਰ ।੨੧।

ਹਰ ਗੁਰਦੁਆਰਾ ਸਾਹਿਬ ਦੇਸੀ ਮਹੀਨੇ ਚੜ੍ਹੇ ਚਿਰਾਂ ਤੋਂ ਦੀਵਾਨ ਸੱਜਦੇ ਹਨ ਅਤੇ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਬਾਰਹ ਮਾਹਾ ਮਾਝ ਦਾ ਪਾਠ ਕੀਤਾ ਜਾਂਦਾ ਹੈ। ਭਾਵੇਂ ਗੁਰੂ ਨਾਨਕ ਦੇਵ ਜੀ ਦਾ ਤੁਖਾਰੀ ਰਾਗ ਵਿਚ ਉਚਾਰਿਆ ਬਾਰਹ ਮਾਹਾ ਵੀ ਹੈ, ਪਰ ਉਸ ਨੂੰ ਪੜ੍ਹਣ ਤੇ ਸਮਝਣ ਦੇ ਘੱਟ ਉਪਰਾਲੇ ਹੋਏ ਹਨ ਅਤੇ ਇਹ ਤਾਂ ਵਿਰਲਿਆਂ ਨੂੰ ਪਤਾ ਹੈ ਕਿ ਦਸਮ ਪਿਤਾ ਨੇ 'ਬਿਰਹ ਨਾਟਕ' ਦੇ ਸਿਰਲੇਖ ਹੇਠ ਬਾਰਹ ਮਾਹ ਵੀ ਰਚਿਆ ਹੈ। ਸੋ ਇਹ ਚਿੱਤ ਆਇਆ ਕਿ ਤਿਨੇ ਹੀ ਬਾਰਹ ਮਾਹਾਂ ਦੇ ਅਰਥ-ਭਾਵ-ਰਹੱਸ ਇਕੋ ਥਾਂ ਲਿਖ ਕੇ ਸੰਗਤਾਂ ਸਾਹਮਣੇ ਭੇਟ ਕਰਾਂ। ਉਸ ਕੋਸ਼ਿਸ਼ ਦਾ ਸਿੱਟਾ ਹੀ ਹੈ ਇਹ 'ਬਾਰਹ ਮਾਹਾ ਤਿੰਨੇ' ਦੀ ਇਹ ਪੁਸਤਕ।

ਇਸੇ ਸਿਲਸਿਲੇ ਦੀ ਤੀਜੀ ਪੁਸਤਕ 'ਮਨਿ ਬਿਸ੍ਰਾਮ' ਦਾ ਅਰਥ ਭਾਵ ਵੀ ਦੇ ਰਹਿਆ ਹਾਂ ਕਿਉਂਕਿ ਸੁਖਮਨੀ ਸਾਹਿਬ ਪੜ੍ਹੀ ਤਾਂ ਨਿੱਤ ਜਾ ਰਹੀ ਹੈ, ਪਰ ਜੋ ਰਹੱਸ ਛੁਪਿਆ ਹੈ, ਉਸ ਨੂੰ ਗ੍ਰਹਿਣ ਕਰਨ ਦੀ ਕੋਈ ਲੋੜ ਨਹੀਂ ਸਮਝੀ ਜਾਂਦੀ।

ਜੋ ਤਜਰਬਾ **'ਅਨਾਦਿ ਅਨਾਹਤਿ'** ਵਿਚ ਜਪ ਤੇ ਉਹਦੇ ਪੱਖ ਦਰਸਾਉਣ ਲਈ ਕੀਤਾ, ਉਹ ਗੁਰੂ ਮੇਹਰ ਸਦਕਾ ਸਫਲ ਹੋਇਆ।

ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਰ-ਵਿਸਥਾਰ ਦੀ ਚੌਥੀ ਸੈਂਚੀ ਇਸੇ ਸਾਲ ਪਾਠਕਾਂ ਹੱਥ ਦੇ ਕੇ ਖ਼ੁਸ਼ੀ ਲੈ ਰਹਿਆ ਹਾਂ ਤੇ ਪੰਜਵੀਂ ਛਾਪ ਪਹੁੰਚਾਉਣ ਵਿਚ ਜੁੱਟਿਆ ਹੋਆ ਹਾਂ।

ਜਿਸ ਦਾ ਕਾਰਜ ਹੈ, ਉਹ ਹੀ ਉਤਸ਼ਾਹ ਦੇ ਕਰਵਾਈ ਟੁਰੀ ਜਾ ਰਹਿਆ ਹੈ :

ਨਾਨਕ ਕੀ ਪ੍ਰਭ ਬੇਨਤੀ
ਪ੍ਰਭ ਮਿਲਹੁ ਪਰਾਪਤ ਹੋਇ।

ਪਟਿਆਲਾ —ਸਤਿਬੀਰ ਸਿੰਘ

ਜਨਵਰੀ ਪਹਿਲੀ, ੧੯੯੯

## ਤਤਕਰਾ


੧. ਪਹਿਲਾਂ ਬਾਰਹ ਮਾਹਾ ਬਾਰੇ ੧੭

ਅਰੰਭਕ ਸ਼ਬਦ ੧੭; ਬਾਰਹ ਮਾਹਾ ਦਾ ਅਰਥ ਭਾਵ ੧੮; ਪਰੰਪਰਾ ੧੮ ।

੨. ਬਾਰਹ ਮਾਹ ਕਲਗੀਆਂ ਵਾਲੇ ਦੀ ਉਸਤਤਿ ਵਿਚ ੨੦

ਜਬ ਚੜ੍ਹਿਆ ਸਾਵਣ ਮਹਾਂ ਰਸਾਇਲ ੨੧; ਜਬ ਚੜ੍ਹਿਆ ਭਾਦਰੋਂ ੨੨; ਮਹੀਨਿਆਂ ਦੇ ਪ੍ਰਭਾਵ ੨੩ ।

੩. ਬਾਰਹ ਮਾਹਾ ਗੁਰੂ ਗੋਬਿੰਦ ਸਿੰਘ ਜੀ ੨੪

ਵੈਰਾਗ ਤੋਂ ਅਨੁਰਾਗ ੨੪; ਚੇਤ ੨੪; ਵੈਸਾਖ ੨੫; ਜੇਠ ੨੫; ਅਸਾੜ ੨੫; ਸਾਵਣ ੨੬; ਭਾਦੋਂ ੨੬; ਅੱਸੂ ੨੭; ਕਤਕ ੨੭; ਮੱਘਰ ੨੮; ਪੋਹ ੨੮; ਮਾਘ ੨੮; ਫੱਗਣ ੨੯ ।

੪. ਇਕ ਝਾਤ ਮਾਝ ਅਤੇ ਤੁਖਾਰੀ ਰਾਗ ਦੇ ਬਾਰਹ ਮਾਹਾਂ ਤੇ ੩੦

ਇਕ ਹੋਰ ਵਿਸ਼ੇਸ਼ਤਾ ੩੪; ਬਾਰਹ ਮਾਹਾ ਤੁਖਾਰੀ ਰਾਗ ਦੀ ਖ਼ਾਸ ਗੱਲ ੩੭ ।

੫. ਬਾਰਹ ਮਾਹਾ ਮਾਝ ੪੧

ਚੇਤ ੪੩; ਵੈਸਾਖ ੪੬; ਜੇਠ ੪੯; ਹਾੜ ੫੨; ਸਾਵਣ ੫੪; ਭਾਦੋਂ ੫੭; ਅੱਸੂ ੬੧; ਕਤਕਿ ੬੩; ਮੱਘਰ ੬੬; ਪੋਹ ੬੮; ਮਾਘ ੭੦; ਫਲਗੁਣਿ ੭੩; ਅੰਤਿਕਾ ੭੬ ।

੬. ਬਾਰਹ ਮਾਹਾ ਤੁਖਾਰੀ ੭੯

ਚੇਤ ੮੭; ਵੈਸਾਖ ੮੯; ਜੇਠ ੯੦; ਹਾੜ ੯੨; ਸਾਵਣ ੯੪; ਭਾਦੋਂ ੯੫; ਅੱਸੂ ੯੭; ਕਤਕਿ ੯੯; ਮੱਘਰ ੧੦੧; ਪੋਹ ੧੦੩; ਮਾਘ ੧੦੫; ਫੱਗਣ ੧੦੯; ਅੰਤਿਕਾ ੧੧੧ ।

## ੧

# ਪਹਿਲਾਂ ਬਾਰਹ ਮਾਹ ਬਾਰੇ

**ਅਰੰਭਕ ਸ਼ਬਦ :**

ਮਾਝ ਰਾਗ ਵਿਚ ਦਰਜ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਬਾਰਹ ਮਾਹ ਉਸੇ ਤਰ੍ਹਾਂ ਨਵੇਕਲੀ ਬਾਣੀ ਹੈ ਜਿਵੇਂ 'ਸੁਖਮਨੀ' ਸਾਹਿਬ, 'ਆਨੰਦ' ਸਾਹਿਬ, 'ਸਿਧ ਗੋਸਟਿ', 'ਪਟੀ ਲਿਖੀ' 'ਘੋੜੀਆਂ', 'ਅਲਾਹਣੀਆਂ' ਜਾਂ ਹੋਰ ਬਾਣੀਆਂ ਹਨ।

'ਬਾਰਹ ਮਾਹ' ਨੂੰ ਘਰ ਚੋਥੇ ਵਿਚ ਗਾਉਣ ਦਾ ਹੁਕਮ ਹੈ ਜੋ ਪਿਆ ਦੱਸਦਾ ਹੈ ਕਿ ਇਹ ਵੀ ਇਕ ਅਸ਼ਟਪਦੀ ਵਾਂਗ ਹੈ, ਜਿਸ ਦੇ ੧੪ ਪਦ ਹਨ। ਘਰ ੪ ਤੋਂ ਇਹ ਵੀ ਪ੍ਰਗਟ ਪਿਆ ਹੁੰਦਾ ਹੈ ਕਿ ਇਹ 'ਛੰਦ' ਨਹੀਂ ਹੈ। ਛੰਦ ਤੇ 'ਘਰ' ਨਹੀਂ ਹੁੰਦਾ। ਛੰਦ ਕੇਵਲ ਸ਼ਬਦ, ਪਦਿਆ ਜਾਂ ਅਸ਼ਟਪਦੀਆਂ ਤੇ ਪਾਏ ਜਾਂਦੇ ਹਨ। ਹਿਰਦੇ ਦੀ ਤਹਿ ਵਿਚ ਉਤਰਨ ਲਈ 'ਘਰ' ਜ਼ਰੂਰੀ ਹੈ ਪਰ ਜਦ ਮਿਲਾਪ ਦੀ ਅਵੱਸਥਾ (ਛੰਦ) ਬਣ ਜਾਏ ਤਾਂ ਮੰਗਲ ਦੇ ਗੀਤ ਗਾਉਂਦੇ ਹਨ। ਤੁਖਾਰੀ ਰਾਗ ਵਿਚ ਉਚਾਰੇ ਗੁਰੂ ਨਾਨਕ ਦੇਵ ਜੀ ਦਾ ਬਾਰਹ ਮਾਹ 'ਛੰਦ' ਹੈ। ਉਥੇ ਮਿਲਾਪ ਦਾ ਅਨੰਦ ਪ੍ਰਗਟ ਕੀਤਾ ਹੈ। ਇਸੇ ਲਈ ਮਨੌਤ ਹੈ ਕਿ ਬਾਰਹ ਮਾਹ ਤੁਖਾਰੀ ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤ ਸਮਾਉਣ ਤੋਂ ਕੁਝ ਚਿਰ ਪਹਿਲਾਂ ਹੀ ਉਚਾਰਿਆ ਸੀ।

ਫਿਰ 'ਬਾਰਹ ਮਾਹ' ਦੇ ਅਖ਼ੀਰਲੇ ਪਦ ਪਿੱਛੋਂ ੧੪ ਦਾ ਅੰਕ ਪਾ ਕੇ ਪਿੱਛੋਂ '੧' ਪਾਇਆ ਹੈ ਜੋ ਪਿਆ ਪ੍ਰਗਟਾਂਦਾ ਹੈ ਕਿ ਇਸ ਬਾਣੀ ਦਾ ਭਾਵ ਸਮੁੱਚੇ ਤੌਰ ਤੇ ਲੈਣਾ ਹੈ।

**ਬਾਰਹ ਮਾਹ ਦਾ ਅਰਥ ਭਾਵ :**

'ਬਾਰਹ ਮਾਹ' ਨੂੰ ਆਮ ਤੌਰ ਤੇ ਫ਼ਿਰਾਕ, ਵਿਛੋੜੇ, ਤਰਲੇ, ਹਾਵੇ, ਔਂਸੀਆਂ, ਵੇਦਨਾ, ਭੜਕੀ, ਕਰਕ ਕਲੇਜੇ, ਆਤਸ਼ ਹਿਰਦੇ, ਸੀਨੇ ਘਾਹ, ਝੋਰੇ, ਹਾਹੁਕੇ, ਬੇਅਰਾਮੀ, ਦਿਲਗੀਰੀ, ਤ੍ਰਿਮਕਦੇ ਨੈਨ, ਸਿਕ, ਸਿਸਕੀਆਂ, ਸਾੜੇ ਤੇ ਤੀਬਰਤਾ ਲਈ ਵਰਤਦੇ ਹਨ, ਪਰ ਗੁਰੂ ਅਰਜਨ ਦੇਵ ਜੀ ਨੇ ਉਸੇ ਤਰ੍ਹਾਂ ਜਿਵੇਂ 'ਅਲਾਹਣੀਆਂ' ਨੂੰ ਗੁਰੂ ਨਾਨਕ ਦੇਵ ਜੀ ਨੇ ਅਲਾਹ ਨੂੰ ਪੁਕਾਰਨ ਤੇ ਸੋਗ ਵਿਚ ਸਹਿਜ ਰੱਖਣ ਦਾ ਵੱਲ ਦੱਸਿਆ; ਜਿਵੇਂ ਗੁਰੂ ਰਾਮ ਦਾਸ ਜੀ ਨੇ ਘੋੜੀਆਂ ਵਿਚ ਅਤਿ ਖ਼ੁਸ਼ੀ ਵੇਲੇ ਵੀ 'ਕੜਿਆਲ ਮੁੱਖੇ' ਰਹਿ ਖ਼ੁਸ਼ੀ ਤੇ ਕਾਬੂ ਰੱਖਣ ਦੀ ਜਾਚ ਦੱਸੀ, ਤਿਵੇਂ ਪੰਜਵੇਂ ਪਾਤਸ਼ਾਹ ਨੇ ਪਏ ਵਿਛੋੜੇ ਨੂੰ ਹੋਰ ਨਾ ਵਧਾ ਸਗੋਂ ਮੇਟਨ ਦਾ ਵੱਲ ਦੱਸਿਆ।

**ਪ੍ਰੰਪਰਾ :**

ਹਿੰਦੁਸਤਾਨ ਕਾਵਿ ਵਿਚ ਖਟ ਰਿਤੂ ਵਰਣਨ 'ਛੇ ਰੁੱਤਾਂ' (ਬਸੰਤ, ਗਰਮੀ, ਬਰਸਾਤ, ਸਰਦ, ਬਰਫ਼ੀਲੀ ਤੇ ਹਿਮਕਰ [ਪੱਤਝੜ]) ਨੂੰ ਲੈਕੇ ਕਈ ਕਾਵਿ ਰਚੇ ਗਏ, ਪਰ ਲੱਗਦਾ ਹੈ ਕਿ ਬਾਰਹ ਮਾਹ ਪਿੱਛੋਂ ਦੀ ਦੇਣ ਹੈ। ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ ਜੋ 'ਰੁੱਤੀ' ਦੀ ਬਾਣੀ ਉਚਾਰੀ ਹੈ, ਉਸ ਵਿਚ ਹਰ ਰੁੱਤ ਤੋਂ ਪਹਿਲਾਂ ਸਲੋਕ ਦਿੱਤਾ ਹੈ ਜੋ ਵਿਛੋੜੇ ਦੀ ਪੀੜ ਦਰਸਾਂਦਾ ਹੈ। ਸਲੋਕਾਂ ਵਿਚ 'ਕਿਲ ਵਿਖੇ ਦੀ ਪੀੜ' 'ਸੂਖੇ ਕਾਰਨ ਪਈ ਖ਼ੁਸ਼ਕੀ', 'ਵਿਛੋੜੇ ਦੀ ਕਸਕ', ਨਾ ਮਿਲਣ ਕਾਰਨ ਤੜਪਣਾ (ਇਕ ਤਿਲੁ ਰਹਿਣੁ ਨ ਜਾਈ) ਤਰਲੋ ਮੱਛੀ ਹੋਇਆ ਜੀਉੜਾ (ਆਸ ਪਿਆਸੀ ਮੈ ਫਿਰਉ) ਸੜਦੀ ਬੁੱਜਦੀ ਦੇਹ (ਜਲਣਿ) ਡੋਲਦੇ ਚਿੱਤ (ਡੋਲਤ ਚੀਤ) ਦਾ ਵਰਣਨ ਕਰ ਕੇ ਅਖ਼ੀਰਲੇ ਸਲੋਕ ਵਿਚ 'ਸਭ ਤੇ ਉਚੇ ਨਾਨਕ ਨਾਮ ਪਿਆਰ' ਦੀ ਘੁੱਟੀ ਦੇ ਕੇ ਸੱਚਾ ਪਿਆਰ ਪਾਉਣ ਦਾ ਰਾਹ ਦਰਸਾਇਆ ਹੈ। ਛੰਦਾਂ ਵਿਚ ਹਰ ਰੁੱਤ ਵਿਚ ਆਏ ਦੋ ਮਹੀਨਿਆਂ ਦਾ ਸੁਭਾਅ, ਪ੍ਰਭਾਵ ਕਿਵੇਂ ਦੇਹ ਤੇ ਪੈਂਦਾ ਹੈ ਤੇ ਫਿਰ ਦੇਹ ਤੋਂ ਉੱਚੇ ਹੋ ਕੇ ਮਨ ਦਾ ਟਿਕਾ ਕਿਵੇਂ ਪਾਉਣਾ ਹੈ, ਦਰਸਾਇਆ ਹੈ।

ਹਿੰਦੁਸਤਾਨੀ ਖੱਟ ਵਰਨਣ ਵਾਲੇ ਗਰਮੀ ਦੀ ਰੁੱਤ ਤੋਂ ਅਰੰਭ ਕਰ ਕੇ ਬਸੰਤ ਤਕ ਪੁੱਜਦੇ ਸਨ, ਪਰ ਗੁਰੂ ਅਰਜਨ ਦੇਵ ਜੀ ਨੇ ਬਸੰਤ ਤੋਂ ਸ਼ੁਰੂ ਕੀਤਾ ਹੈ ਤਾਂ ਕਿ ਅਰੰਭ ਵਿਚ ਹੀ ਆਸ ਬੱਝ ਜਾਵੇ। ਜਿਵੇਂ ਥਿਤੀ ਵਿਚ ਗੁਰੂ ਅਰਜਨ ਦੇਵ ਜੀ **'ਚੰਦ ਚੜ੍ਹੇ'**, ਤੋਂ ਅਰੰਭ ਕਰਦੇ ਹਨ, ਪਰ ਕਬੀਰ ਜੀ ਮੱਸਿਆ ਤੋਂ ਸ਼ੁਰੂ ਕਰਦੇ ਹਨ।

ਚੇਤ ਤੇ ਵੈਸਾਖ ਨੂੰ 'ਰੁੱਤੀ' ਦੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ 'ਸੁਖ ਮਾਸ' ਕਿਹਾ ਹੈ ਕਿਉਂਕਿ ਇਹ ਰੁੱਤ ਸੁਖਾਵੀਂ ਹੋਣ ਕਾਰਨ ਚਾਅ ਭਰਦੀ ਹੈ :

**ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।**

**ਜੇਠ ਤੇ ਹਾੜ** ਧੁਪ ਸਤਾਂਦੀ ਹੈ। ਗਰਮੀ ਔਖਾ ਕਰਦੀ ਹੈ :

ਗ੍ਰੀਖਮ ਰੁਤਿ ਅਤਿ ਗਾਖੜੀ, ਜੇਠ ਅਖਾੜੈ ਘਾਮ ਜੀਉ।

ਸਾਵਣ-ਭਾਦੋਂ, ਪੈਂਦੀ ਬਾਰਸ਼ ਉਮਾਹ ਪੈਦਾ ਕਰਦੀ ਹੈ, ਅਰਾਮ ਦੇਂਦੀ ਹੈ ਤੇ ਸਰੀਰ ਨੂੰ ਸੌਖ ਦੇਂਦੀ ਹੈ :

ਰੁਤਿ ਬਰਸਸ ਸਹੇਲੀਆ,
ਸਾਵਣ ਭਾਦਵੇ ਆਨੰਦ ਜੀਉ ।

ਜਦ ਸਰਦੀ ਦੇ ਆਸਾਰ ਆਂਦੇ ਦਿੱਸਦੇ ਹਨ ਤਾਂ ਬਣਨ, ਠਣਨ, ਕੱਪੜੇ ਪਹਿਨਣ ਨੂੰ ਜੀਅ ਕਰਦਾ ਹੈ ਤੇ ਮਿਲਾਪ ਦੀ ਪਿਆਸ ਤਿੱਖੀ ਹੋ ਜਾਂਦੀ ਹੈ।

ਬਣ ਕੇ ਬਹਿਣ ਨੂੰ ਅਡੰਬਰ ਅਤੇ ਮਿਲਣ ਦੀ ਚਾਅ ਨੂੰ ਪਿਆਸ ਕਿਹਾ ਹੈ :

ਰੁਤਿ ਸਰਦ ਅਡੰਬਰੋ,
ਅਸੂ ਕਤਕੇ ਹਰਿ ਪਿਆਸ ਜੀਉ ।

ਸਿਆਲਾ ਆਉਣ ਤੇ ਵਿਛੋੜੇ ਦੀਆਂ ਵਿੱਥਾਂ ਮੁੱਕ ਜਾਂਦੀਆਂ ਹਨ । ਜਲਨ ਬੁਝੀ ਲੱਗਦੀ ਹੈ । ਫ਼ਰੀਦ ਜੀ ਨੇ 'ਸਿਆਲੇ ਸੋਹੇਦਿਆਂ ਪਿਰ ਗਲਿ ਬਾਹੜੀਆਂ' ਦਾ ਜ਼ਿਕਰ ਕੀਤਾ ਹੈ । ਜਿਵੇਂ ਸਰਦੀ ਆਉਣ ਨਾਲ ਸੀਤਲਤਾ ਛਾਈ ਹੈ ਤਿਵੇਂ ਪ੍ਰੇਮ ਨੇ ਵਿਛੋੜਾ ਮੁਕਾ ਦਿੱਤਾ ਹੈ :

ਰੁਤਿ ਸਿਸੀਅਰ ਸੀਤਲ,
ਹਰਿ ਪ੍ਰਗਟੇ ਮੰਘਰ ਪੋਹਿ ਜੀਉ ।

ਹੁਣ ਹਾਰ ਡੋਰ ਸੀਗਾਰ ਸਾਰੇ ਹੀ ਚੰਗੇ ਲੱਗਦੇ ਹਨ । ਫਿਰ ਪਿਛੇਤ੍ਰੀ ਸਰਦੀ ਨੂੰ ਜਦ ਪਹਾੜਾਂ ਤੇ ਬਰਫ਼ ਪੈਂਦੀ ਹੈ ਤੇ ਪੌਣ ਠੰਡੀ ਵਗਦੀ ਹੈ ਤਾਂ ਨਿੱਘ ਚੰਗੀ ਲੱਗਦੀ ਹੈ । ਵਾਤਾਵਰਣ ਨਿੱਖਰ ਜਾਣ ਕਾਰਨ ਮਨ ਨੂੰ ਟਿਕਾ ਜਿਹਾ ਮਿਲਦਾ ਹੈ। ਦਿਲ ਆਪ-ਮੁਹਾਰੇ ਗਾਂਦਾ ਰਹਿੰਦਾ ਹੈ । ਵਣ ਤ੍ਰਿਣ ਤ੍ਰਿਭਵਣ ਹਰਿਆ ਹੋਣ ਕਾਰਨ ਅੱਖਾਂ ਨਜ਼ਾਰਾ ਕਰਨਾ ਲੋੜਦੀਆਂ ਹਨ :

ਹਿਮਕਰੁ ਰੁਤਿ ਮਨਿ ਭਾਵਤੀ,
ਮਾਘੁ ਫਗਣੁ ਗੁਣਵੰਤਿ ਜੀਉ ।

*

੨

# ਬਾਰਹ ਮਾਹ ਕਲਗੀਆਂ ਵਾਲੇ ਦੀ ਉਸਤਤਿ ਵਿਚ

ਭਾਈ ਵੀਰ ਸਿੰਘ ਨਾਂ ਦੇ ਕਵੀ ਨੇ ਬਾਰਹ ਮਾਹ ਨੂੰ ਫ਼ਿਰਾਕ ਤੇ ਤੜਪ ਲਈ ਨਾ ਵਰਤ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਦਾ ਵਰਣਨ ਕਰ ਕੇ ਜੁੱਧ ਚਰਿਤਰ ਲਿਖਿਆ ਹੈ ।

ਹਰ ਮਹੀਨੇ ਨੂੰ ਲੈ ਕੇ ਕਲਗੀ ਵਾਲੇ ਦਾ ਜਲਾਲ ਦੱਸਿਆ ਹੈ । ਜਿਵੇਂ ਚੇਤ ਦੇ ਮਹੀਨੇ ਲਿਖਿਆ :

ਚੜ੍ਹੇ ਚੇਤ ਨਿਰਬਾਨ, ਗੋਬਿੰਦ ਸਿੰਘ ਫੜੀ ਦਸਤ ਕਿਰਪਾਨ,  
ਕਾਇਰਾਂ ਜ਼ਰਦੀ, ਸੂਰਿਆਂ ਲਾਲੀ ।

ਵਿਸਾਖ ਦੇ ਮਹੀਨੇ ਨੂੰ ਲੈ ਕੇ ਖ਼ਾਲਸੇ ਦੀ ਸਾਜਨਾ ਦਾ ਦ੍ਰਿਸ਼ ਖਿੱਚਿਆ :

ਚੜ੍ਹੇ ਵਿਸਾਖ, ਸੁ ਮਨ ਮਸਤਾਨਾ ।  
ਸਤਿਗੁਰੁ ਕੀਤਾ ਬੁਧ ਪਿਆਨਾ ।  
ਧੌਸਾ ਘਨੀਅਰ ਜਿਉਂ ਘਰਾਨਾ ।  
ਸੁਣ ਕਰ ਕੰਬਿਆ ਸਭ ਤੁਰਕਾਨਾ ।  
ਚਿੜੀਆਂ ਕੋਲੋਂ ਬਾਜ਼ ਤੁੜਾਵਾਂ ।  
ਤੁਰਕਾਂ ਪਲ ਵਿਚ ਪਕੜ ਖਪਾਵਾਂ ।  
ਚੜ੍ਹਿਆ ਸ੍ਰੀ ਖਾਲਸਾ ਪਿਆਰਾ ।  
ਫੜ ਕੇ ਬਰਛੀ ਤੇਜ ਕਟਾਰਾ ।

ਜੇਠ ਦੇ ਮਹੀਨੇ ਦੀ ਤਪਸ਼ ਨੂੰ ਲੈ ਕੇ ਭੰਗਾਣੀ ਦੇ ਯੁੱਧ ਵਿਚ ਕ੍ਰਿਪਾਲ ਉਦਾਸੀ ਨੇ ਕਿਵੇਂ ਹੱਥ ਕੁੱਤਕ ਲੈ ਕੇ ਵਿਰੋਧੀਆਂ ਦੇ ਪਸੀਨੇ ਛੁਟਵਾਏ ਦਾ ਵਰਣਨ ਕੀਤਾ ਹੈ :

ਜਬ ਚੜ੍ਹਿਆ ਜੇਠ ਬਿਲਾਸੀ।
ਪ੍ਰਬਲ ਤੀਛਣ ਧੂਪ ਪਰਕਾਸ਼ੀ।
ਸੂਰਜ ਉਤਰਾ ਖੰਡ ਨਿਵਾਸੀ।
ਧਰਤੀ ਤਪ ਕੇ ਭਈ ਤਵਾਸੀ।
ਕੁਤਕ ਫੜੀ ਕਿਰਪਾਲ ਉਦਾਸੀ।
ਮਾਨੋ ਪਾਡੋ ਗਦਾ ਉਦਾਸੀ, ਧਾਇਆ ਜੁਧ ਨੂੰ।

ਇਸ ਤਰ੍ਹਾਂ ਹਾੜ ਵਿਚ ਰੰਘਰੇਟੇ ਸਿਰ ਤਲੀਆਂ ਤੇ ਰੱਖ ਕੇ ਆਨੰਦਪੁਰ ਕਿਵੇਂ ਲੜੇ ਤੇ ਭੱਖਦੀ ਜਲਾਲੀ ਜੰਗ ਜਿਵੇਂ ਹੋਈ ਦਾ ਵਰਣਨ ਕੀਤਾ :

ਜਬ ਚੜ੍ਹਿਆ ਹਾੜ ਸਬਲ ਜਰਵਾਣਾ,
ਸੂਰਜ ਦਖਣ ਨੂੰ ਉਠ ਧਾਣਾ।
ਸਿੰਘਾਂ ਸੋਹੇ ਨੀਲਾ ਬਾਣਾ,
ਉਤ ਵਲ ਜੁੜਿਆ ਸਭ ਤੁਰਕਾਣਾ,
ਮੱਥੇ ਡਾਹੇ ਆਣ ਪਠਾਣਾਂ,
ਅਗੇ ਜੋ ਸਾਹਿਬ ਦਾ ਭਾਣਾ,
ਦੋਏ ਦਲ ਟਕਰੇ।
ਮੁਹਰੇ ਲੜਦੇ ਸਿੰਘ ਚਟੇਟੇ,
ਰਣ ਵਿਚ ਭਰੇ ਰੋਹ ਰੰਘੜੇਟੇ,
ਜਿਉ ਕਰ ਰਾਸ ਮਰੀ ਨਟ ਬੇਟੇ,
ਡਿਗਣ ਪਲਾਣੇ ਤਿਉ ਪਠਣੇਟੇ,
ਜਿਉ ਵਢ ਵਢ ਸਿਟਿਆ ਤਖਣੇਟੇ, (ਤ੍ਰਖਾਣ)
ਦੁਰਜਨ ਤੜਫਣ ਧੂੜ ਲਪੇਟੇ,
ਜਿਉ ਸਿਰ ਬਕਰੇ।

ਸਾਵਣ ਦੇ ਮਹੀਨੇ ਨੂੰ ਲੈ ਕੇ ਹੁਸੈਨੀ ਦੇ ਜੰਗ ਦਾ ਬਿਰਤਾਂਤ ਦਿੱਤਾ ਹੈ। ਇਸ ਜੰਗ ਵਿਚ ਹੁਸੈਨ ਖ਼ਾਨ ਆਪਣੀ ਫ਼ੌਜਾਂ ਸਮੇਤ ਬੱਦਲਾਂ ਦੇ ਮੂਸਲਾਧਾਰ ਵਰਣ ਤੇ ਨਾਲੇ ਵਿਚ ਯਕਦਮ ਪਾਣੀ ਆਉਣ ਕਰ ਕੇ ਫ਼ੌਜਾਂ ਸਮੇਤ ਰੁੜ੍ਹ ਗਿਆ ਸੀ। ਕੈਸਾ ਨਜ਼ਾਰਾ ਖਿੱਚਿਆ ਹੈ :

**ਜਬ ਚੜ੍ਹਿਆ ਸਾਵਣ ਮਹਾਂ ਰਸਾਇਲ :**

ਇਕ ਧਿਰ ਰਣਜੀਤ ਨਗਾਰਾ ਘੁਰ ਦਾ,
ਘੋੜਾ ਸਬਜ਼ ਸੁਰੰਗ ਚੋਗਿਰਦਾ,
ਹੋਇਆ ਹੁਕਮ ਅਕਾਲੋਂ ਧੁਰ ਦਾ,
ਕਰ ਕੇ ਮਾਰੇ ਤੁਰਕ ਆਜ਼ੁਰਦਾ,
ਸੁਣ ਕੇ ਧਮਕ ਹੁਸਨੀ ਝੁਰਦਾ,
ਸਤਿਗੁਰ ਕੀਤਾ ਸਾਂਗ ਸਪੁਰਦਾ।

ਭਾਦੋਂ ਦੇ ਮਹੀਨੇ ਬਿਜਲੀ ਦੇ ਕੜਕਣ ਤੇ ਮੀਆਂ ਖ਼ਾਨ ਦੀ ਹਾਰ ਦਾ ਵਰਣਨ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਤੇਗ ਦਾ ਚੁੰਧਿਆਣ ਵਾਲੀ ਚਮਕ ਦਾ ਜ਼ਿਕਰ ਕੀਤਾ ਹੈ :

**ਜਬ ਚੜ੍ਹਿਆ ਭਾਦਰੋਂ :**

ਐਸੇ ਛੁਟਦੇ ਤੀਰ ਕਮਾਨੋਂ,
ਕਵਿਤਾ ਕਹਿ ਨਾ ਸਕੇ ਜ਼ਬਾਨੋਂ,
ਬਰਸੇ ਵਰਖਾ ਜਿਉਂ ਅਸਮਾਨੋਂ,
ਸਤਿਗੁਰ ਖਿੱਚੀ ਤੇਗ ਮਿਆਨੋਂ,
ਘਟ ਵਿਚ ਬਿਜਲੀ ਚਮਕੀ ਮਾਨੋਂ,
ਜੈਸੇ ਦੇਵੀ ਮਾਰੇ ਦਾਨੋਂ, ਦੇਵਾਂ ਹੇਤ ਸਿਉ ।

ਚੜ੍ਹੇ ਅੱਸੂ ਵਿਚ ਜਿਵੇਂ ਹਵਾ ਮਿੱਠੀ ਲੱਗਦੀ ਹੈ ਤੇ ਠੰਡ ਗੁਲਾਬੀ ਹੁੰਦੀ ਹੈ ਤਿਵੇਂ ਕਲਗੀਆਂ ਵਾਲੇ ਦੇ ਤੀਰਾਂ ਨੇ ਤੁਰਕਾਂ ਦੀ ਜੜ੍ਹ ਪੁੱਟ ਕੇ ਹਲੇਮੀ ਦਾ ਰਾਜ ਲੈ ਹੀ ਆਣਾ ਹੈ :

ਸਨਮੁਖ ਚੜ੍ਹੇ ਸਿੰਘ ਰਣ ਜੁਟੇ,
ਐਸੇ ਤੀਰ ਕਮਾਨੋਂ ਛੁਟੇ,
ਲਗ ਲਗ ਤੁਰਕਾ ਦੂਸਰ ਛੁਟੇ,
ਜਿਉਂ ਛਬ ਡਾਲੀ ਅੰਬ ਤਰੁਟੇ,
ਰਣ ਵਿਚ ਸਗਲੇ ਤੁਰਕ ਨਖੁਟੇ,
**ਸਤਿਗੁਰ ਜੜ੍ਹਾਂ ਤੁਰਕ ਦੀਆਂ ਪੁਟੇ, ਅੱਜ ਕਿ ਕਲ ਨੂੰ ।**

ਕੱਤਕ ਵਿਚ ਮੌਸਮ ਸਾਫ਼ ਹੁੰਦਾ ਹੈ । ਧੂੜ ਬੈਠ ਜਾਂਦੀ ਹੈ :

'ਚਾਨਣ ਦੀ ਛਬ', ਹੁੰਦੀ ਹੈ ।

ਇਸੇ ਤਰ੍ਹਾਂ ਕਲਗੀਧਰ ਦੀ ਚੰਡੀ ਜਦ ਖੜਕਦੀ ਹੈ ਤਾਂ ਨਵਾਂ ਚਾਨਣ ਖਲੇਰ ਦਿੰਦੀ ਹੈ :

ਚੜ੍ਹੇ ਗੋਬਿੰਦ ਸਿੰਘ ਚੰਡੀ ਖੜਕੀ ।
ਮਿਆਨੋਂ ਨਮਸਕਾਰ ਕਰ ਧੜਕੀ ।
ਮਾਰ ਦੁਰਾਨੀ ਆਸਨ ਰੜਕੀ ।
ਜਿਉਂ ਤਟ ਜਮਨਾ ਨੰਦ ਦੀ ਲੜਕੀ ।

ਪੋਹ ਦੀ ਹਨੇਰੀ ਰਾਤ ਵਿਚ ਕੁਹਰਾ, ਧੁੰਧ ਇਸ ਤਰ੍ਹਾਂ ਛਾ ਜਾਂਦੀ ਹੈ ਕਿ ਹੱਥ ਨੂੰ ਹੱਥ ਵੀ ਸੁਝਾਈ ਨਹੀਂ ਦੇਂਦਾ ਪਰ ਕਲਗੀ ਵਾਲੇ ਦੇ ਮੈਦਾਨ ਵਿਚ ਆ ਜਾਣ ਨਾਲ ਸੱਭ ਪਾਸੇ ਉਜਿਆਰਾ ਹੋ ਜਾਂਦਾ ਹੈ ਤੇ ਧੁੰਧ ਛੱਟ ਜਾਂਦੀ ਹੈ :

ਚੜ੍ਹਿਆ ਗੋਬਿੰਦ ਸਿੰਘ ਮਤਵਾਲਾ ।
ਅਸੁ ਸੁਰੰਗ ਸੁਨਹਿਰੀ ਢਾਲਾ ।

ਪੰਜੇ ਸ਼ਸਤਰ ਤੇਜ਼ ਬਿਸਾਲਾ।
ਚੜ੍ਹਿਆ ਤੀਨ ਲੋਕ ਉਜਿਆਲਾ।

ਮਾਘ ਦੇ ਮਹੀਨੇ ਜਿਵੇਂ ਸੁੱਖ ਆਂਦਾ ਪ੍ਰਤੀਤ ਹੁੰਦਾ ਹੈ। ਸੂਰਜ ਨਿੱਘ ਦੇਂਦਾ ਹੈ, ਤਿਵੇਂ ਗੁਰੂ ਨੇ ਹੁਣ ਮਸੰਦਾਂ ਨੂੰ ਸਾੜ ਕੇ ਸਿੱਖਾਂ ਨੂੰ ਆਪਣੇ ਨਾਲ ਸਿੱਧਾ ਜੋੜ ਕੇ ਨਿੱਘ ਬਖਸ਼ੀ ਹੈ। ਖ਼ਾਲਸਾ ਗੁਰੂ ਦਾ ਹੋ ਗਿਆ। ਵਿਚੋਲੇ ਨਾ ਰਹੇ :

ਗੋਬਿੰਦ ਸਿੰਘ ਤੇਲ ਕੜਾਹੇ ਚਾੜ੍ਹੇ,
ਤਪਤ ਕਰੇ ਪਕੜ ਮਸੰਦਾਂ ਸਾੜੇ,
ਸਗਲੇ ਕਾਨ ਗੋਇਲ ਤਾੜੇ,
ਜੜ੍ਹੋਂ ਚੁਗੱਤੇ ਪੱਕੜ ਉਖਾੜੇ।

ਫੱਗਣ ਵਿਚ 'ਬਿਰਛ' ਡਾਲ ਫਲ ਪੱਤਰ ਮਉਲ ਪੈਂਦੇ ਹਨ ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਚਾੜ੍ਹ ਆਨੰਦਪੁਰ ਵਿਚ ਅਨੰਦ ਹੀ ਅਨੰਦ ਬਿਖੇਰ ਦਿੱਤਾ ਹੈ। ਦਸਮ ਪਿਤਾ ਨੇ ਗੁਰੂ ਨਾਨਕ ਦੇ ਅਸੂਲਾਂ ਨੂੰ ਹੀ ਉਜਾਗਰ ਕੀਤਾ ਹੈ :

ਗੋਬਿੰਦ ਸਿੰਘ ਚੜ੍ਹਿਆ ਹੇਮ ਅੰਬਾਰੀ,
ਚੜ੍ਹੀਆਂ ਫ਼ੌਜਾਂ ਬੇਸ਼ੁਮਾਰੀ,
ਹੋਲਾ ਖੇਡਣ ਕੇਸਾਧਾਰੀ,
ਭਈ ਅਕਾਸ਼ੇਂ ਅੰਬੀਰ ਗੁਲਾਰੀ,
ਵੇਖ ਸੁਰ ਗੰਧਰਬ ਦੀ ਨਾਰੀ,
ਛੁਟਕੀ ਕਈ ਲਾਖ ਪਿਚਕਾਰੀ, ਸ੍ਰੀ ਆਨੰਦਪੁਰ।

**ਮਹੀਨਿਆਂ ਦੇ ਪ੍ਰਭਾਵ :**

ਇਸ ਤਰ੍ਹਾਂ ਭਾਈ ਰਾਮ ਸਿੰਘ ਨਾਂ ਦੇ ਕਵੀ ਨੇ ਹਰ ਮਹੀਨੇ ਦਾ ਸੁਭਾਅ ਬੜੇ ਸੋਹਣੇ ਢੰਗ ਨਾਲ ਦਿੱਤਾ ਹੈ। ਜਿਵੇਂ :

ਚੇਤ ਗੰਭੀਰ, ਵੈਸਾਖ ਸੁਹਾਵਾ, ਜੇਠ ਕਰਾਰਾ,
ਹਾੜ ਪਾਣੀ ਬੂੰਦ ਨਾ ਮਿਲਦੀ ਟੋਲੇ, ਪੰਛੀ ਲੋਟ ਪੋਟ ਹੋ ਡੋਲੇ,
ਹਰਨਾਂ ਪਿਠ ਹੋਏ ਭੁਜ ਕੋਲੇ।
ਸਾਵਣ ਸੁੰਦਰ ਕੋਇਲ ਕੂਕੇ, ਮੋਰਾਂ ਮਨ ਸ਼ਾਦੀ।
ਭਾਦੋਂ ਭਾਨ ਅੰਗਾਰਾ, ਅੱਸੂ ਅਸਰ ਨਿਖੁਟੇ,
ਸਤ ਅਵਾਈ ਪਿਆਰੀ ਧੁਪੇ।
**ਕਤਕ ਅੰਮ੍ਰਿਤ ਕੰਤ, ਸਾਰੀ ਰੁੱਤਾਂ ਦਾ ਮਹੰਤ,**
ਮੱਘਰ ਮਰਨ ਨਾ ਜਾਣੇ, ਪੋਹ ਜੁ ਪਾਲੇ ਭਾਰੇ।
ਚੜ੍ਹਿਆ ਫੱਗਣ ਪ੍ਰੇਮ ਪਿਯਾਰਾ, ਫਿਰੀਆਂ ਸੁੰਦਰ ਅਜਬ ਬਹਾਰਾਂ।

★

੩

# ਬਾਰਹ ਮਾਹ ਗੁਰੂ ਗੋਬਿੰਦ ਸਿੰਘ ਜੀ

**ਵੈਰਾਗ ਤੋਂ ਅਨੁਰਾਗ :**

ਗੁਰੂ ਗੋਬਿੰਦ ਸਿੰਘ ਜੀ ਨੇ **ਬਚਿੱਤ੍ਰ ਨਾਟਕ** ਵਾਂਗ ਹੀ **ਬ੍ਰਿਹ ਨਾਟਕ**, ਬਾਰਹ ਮਾਹ ਦੀ ਕਾਵਿ ਸ਼ੈਲੀ ਤੇ ਲਿਖਿਆ ਹੈ ਪਰ ਹਿੰਦੁਸਤਾਨ ਰੀਤ ਤੋਂ ਹਟ ਕੇ ਆਪ ਜੀ ਨੇ ਅਰੰਭ ਜੇਠ ਤੋਂ ਨਹੀਂ, ਗੁਰੂ ਗਰੰਥ ਸਾਹਿਬ ਵਿਚ ਆਏ ਬਾਰਹ ਮਾਹ ਵਾਂਗੂ ਚੇਤ ਤੋਂ ਹੀ ਸ਼ੁਰੂ ਕੀਤਾ ਹੈ ਤੇ **ਵੈਰਾਗ ਤੋਂ ਅਨੁਰਾਗ** ਤਕ ਦਾ ਸਫ਼ਰ ਦਰਸਾਇਆ ਹੈ।

ਹਰ ਸਵੱਈਏ ਵਿਚ ਦਸਮ ਪਿਤਾ ਨੇ ਦੱਸਿਆ ਹੈ ਕਿ ਜੀਵ ਆਤਮਾ (ਰਾਧਾ) ਤੜਪ ਰਹੀ ਹੈ, ਪਰ ਕੈਸਾ ਬੇਦਰਦੀ ਹੈ ਕਾਹਨ ਕਸਾਈ ਕਿ ਉਸ ਨੂੰ ਕੋਈ ਦਰਦ ਨਹੀਂ ਉੱਠ ਰਹਿਆ। ਹਰ ਮਹੀਨੇ ਵਾਤਾਵਰਣ ਵਿਚ ਕੀ ਤਬਦੀਲੀ, ਤਲਖੀ, ਤੀਬਰਤਾ ਆਉਂਦੀ ਹੈ ਉਸ ਦਾ ਵਰਨਣ ਕਰ ਕੇ ਅੰਤਲੀ ਤੁਕ ਵਿਚ ਗੁਰੂ ਜੀ ਨੇ ਲਿਖਿਆ ਹੈ :

ਟਸਕਯੋ ਨ ਹੀਯੋ, ਕਸਕਯੋ ਨਾ ਕਸਾਈ।

**ਚੇਤ :**

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਰਹ ਮਾਹ ਵਿਚ ਮਹੀਨਿਆਂ ਦਾ ਬੜਾ ਖ਼ੂਬਸੂਰਤ ਨਜ਼ਾਰਾ ਬੰਨ੍ਹਿਆ ਹੈ। ਆਪ ਜੀ ਫ਼ਰਮਾਂਦੇ ਹਨ ਕਿ **ਚੇਤਰ** ਚੜ੍ਹਣ ਵੇਲੇ ਹੀ ਤੱਤੇ, ਕੋਇਲ ਬੋਲਣ ਲੱਗ ਪਏ। ਵਾਤਾਵਰਣ ਵਿਚ ਹੁਲਾਸ ਆ ਗਿਆ, ਦਰੱਖਤਾਂ ਨਾਲ ਫੁੱਲਾਂ ਦੀਆਂ ਬੇਲਾਂ ਲਪਟ ਰਹੀਆਂ ਹਨ, ਪਰ ਕਿਸ ਕੰਮ ਜੇ ਕੰਤ ਘਰ ਹੀ ਨਹੀਂ :

ਫੂਲਿ ਰਹੇ ਸਿਗਰੇ ਬ੍ਰਿਜ ਕੇ ਤਰੁ
ਫੂਲ ਲਤਾ ਤਿਨ ਸੋ ਲਪਟਾਈ।

ਫੂਲਿ ਰਹੇ ਸਰਿ ਸਾਰਸ ਸੁੰਦਰ,
ਸੋਭ ਸਮੂਹ ਬਢੀ ਅਧਿਕਾਈ।
ਚੇਤ ਚੜ੍ਯੋ ਸੁਕ ਸੁੰਦਰ ਕੋਕਿਲਕਾ
ਜੁਤ ਕੰਤ ਬਿਨਾ ਨਾ ਸੁਹਾਈ।੯੧੪।

**ਵੈਸਾਖ :**

**ਵੈਸਾਖ ਚੜ੍ਹੇ ਸਾਰਾ ਵਾਤਾਵਰਨ** ਹੀ ਸੁਗੰਧਤ ਹੋ ਜਾਂਦਾ ਹੈ। ਠੰਡੀ ਤੇ ਮਿੱਠੀ ਖ਼ੁਸ਼ਬੂਦਾਰ ਹਵਾ ਵਗਣ ਲੱਗ ਪੈਂਦੀ ਹੈ ਅਤੇ ਫੁੱਲਾਂ ਦਾ ਰਸ ਆਪ-ਮੁਹਾਰੇ ਬਿਨਾਂ ਸ਼ੱਕ ਹਵਾ ਵਿਚ ਮਿਲ ਜਾਂਦਾ ਹੈ ਤੇ ਬੂਰ ਚਾਰੇ ਪਾਸੇ ਖਿੱਲਰ ਜਾਂਦਾ ਹੈ, ਪਰ ਇਹ ਸੁਹਾਵਣੀ ਰੁੱਤ ਤੇ ਹਵਾ, ਕਾਹਨ (ਮਾਲਕ) ਨਾ ਮਿਲਣ ਕਰ ਕੇ ਦੁੱਖ ਉਪਜਾ ਰਹੀ ਹੈ :

**ਬਾਸ ਸੁਬਾਸ ਅਕਾਸ ਮਿਲੀ,**
ਅਰੁ ਬਾਸਤ ਭੂਮਿ ਮਹਾਂ ਛਬਿ ਪਾਈ।
**ਸੀਤਲ ਮੰਦ ਸੁਗੰਧਿ ਸਮੀਰ,**
ਬਹੈ ਮਕਰੰਦ ਨਿਸੰਕ ਮਿਲਾਈ।
**ਪੌਰ ਪਰਾਗ ਰਹੀ ਹੈ ਬੈਸਾਖ,**
**ਸਭੈ ਬ੍ਰਿਜ ਲੋਗਨ ਕੀ ਦੁਖਦਾਈ।੯੧੫।** (ਦਸਮ ਗ੍ਰੰਥ)

**ਜੇਠ :**

ਜੇਠ ਨੂੰ ਬੜਾ ਬਲਵਾਨ ਕਿਹਾ ਹੈ ਕਿਉਂਕਿ ਜੇਠ ਚੜ੍ਹਦੇ ਹੀ ਪਾਣੀ ਤੇ ਹਵਾ ਅੱਗ ਵਾਂਗ ਹੋ ਜਾਂਦੇ ਹਨ। ਹਰ ਚੀਜ਼ ਤਪ ਖਲੋਂਦੀ ਹੈ। ਚਲਦੇ ਰਾਹੀ ਰੁਕ ਜਾਂਦੇ ਹਨ ਤੇ ਦਰੱਖ਼ਤਾਂ ਦੀ ਠੰਡੀ ਛਾਂ ਦੇਖ, ਬੈਠ ਜਾਂਦੇ ਹਨ ਤੇ ਸਰੀਰ ਦੀ ਤੱਪਸ਼ ਮਿਟਾਂਦੇ ਹਨ। ਇਸੇ ਤਰ੍ਹਾਂ ਪਤੀ ਨਾ ਮਿਲਣ ਕਰ ਕੇ ਜੀਅ ਵਿਆਕੁਲ ਹੋ ਉੱਠਦਾ ਹੈ :

ਨੀਰ ਸਮੀਰ ਹੁਤਾਸਨ ਕੇ ਸਮ,
ਅਉਰ ਅਕਾਸ ਧਰਾ ਤਪਤਾਈ।
ਪੰਥ ਨਾ ਪੰਥੀ ਚਲੈ ਕਊਓ,
ਤਰੁ ਤਾਕਿ ਤਰੈ, ਤਨ ਤਾਪ ਸਿਰਾਈ।
ਜੇਠ ਮਹਾ ਬਲਵੰਤ ਭਯੋ,
ਅਤਿ ਬਿਆਕੁਲ ਜੀਯ, ਮਹਾਂ ਰਤਿ ਪਾਈ।੯੧੬।

**ਅਸਾੜ :**

ਜੇਠ ਵਿਚ ਤਾਂ ਫਿਰ ਵੀ ਕੋਈ ਪੈਂਡੇ ਪੈਂਦਾ ਸੀ, ਪਰ ਅਸਾੜ ਵਿਚ ਤਪੀ ਹੋਈ ਹਵਾ ਹੋਰ ਤਪ ਕੇ ਭੱਠ ਬਣ ਗਈ ਹੈ। ਅੰਦਰ ਕਾਹਲ ਪਈ ਰਹਿੰਦੀ ਹੈ। ਸਾਰੇ ਘਰਾਂ ਵਿਚ ਹੀ ਟਿਕ ਬੈਠ ਗਏ ਹਨ। ਪੰਛੀ ਵਿਚਾਰੇ ਪਾਣੀ ਤੇ ਛਾਂ (ਵਾਰਿ ਸੁ ਛਾਂਹ) ਭਏ ਢੂੰਡਦੇ ਹਨ। ਕੈਸੀ ਰੁੱਤ ਆ ਗਈ ਹੈ ਕਿ ਹਰ ਇਕ ਨੂੰ ਭੀੜ ਪਈ ਹੀ ਲੱਗਦੀ ਹੈ ਤੇ

ਵਿੱਛੜੀ ਹੋਈ ਦੀ ਕੀ ਹਾਲਤ ਹੋਵੇਗੀ, ਉਸ ਬਾਰੇ ਕਿਹਾ ਨਹੀਂ ਜਾ ਸਕਦਾ :

ਪਉਨ ਪ੍ਰਚੰਡ ਬਹੇ ਅਤਿ ਤਾਪਤ,
ਚੰਚਲ ਚਿਤਿ ਦਸੋ ਦਿਸ ਧਾਈ ।
ਬੈਸ ਅਵਾਸ ਰਹੈਂ ਨਰੁ ਨਾਰਿ,
ਬਿਹੰਗਮ ਵਾਰਿ ਸੁ ਛਾਹ ਤਕਾਈ ।
ਦੇਖਿ ਅਸਾੜ ਨਈ ਰਿਤਿ,
ਦਾਦਰ ਮੋਰਨ ਹੂ ਘਨਘੋਰ ਲਗਾਈ ।
ਗਾਢ ਪਰੀ ਬਿਰਹੀ ਜਨ ਕੋ,
ਟਸਕਯੋ ਨ ਹੀਯੋ ਕਸਕਯੋ ਨ ਕਸਾਈ ।੯੧੭।

**ਸਾਵਣ :**

ਸਾਵਣ ਆਉਣ ਤੇ ਸੱਭ ਪਾਸੇ ਜਲ ਥਲ ਹੋ ਗਿਆ ਹੈ । ਨਦੀਆਂ ਪਾਣੀ ਨਾਲ ਭਰੀਆਂ ਹੋਈਆਂ ਸ਼ਹੁ ਸਾਗਰ ਵੱਲ ਭੱਜੀਆਂ ਜਾ ਰਹੀਆਂ ਹਨ । ਇਸੇ ਤਰ੍ਹਾਂ ਬਿਜਲੀਆਂ ਵੀ ਬੱਦਲਾਂ ਵਿਚ ਗਰਜ ਗਰਜ ਰਲ ਰਹੀਆਂ ਹਨ । ਪਪੀਹਾ ਲਗਾਤਾਰ ਪੀ ਪੀ ਦੀ ਧੁਨੀ ਲਗਾਈ ਬੈਠਾ ਹੈ । ਬਾਰਸ਼ ਲਗਾਤਾਰ ਹੋ ਰਹੀ ਹੈ, ਪਰ ਮਨ ਨੂੰ ਭਾਵਨ ਵਾਲਾ ਘਰ ਨਾ ਹੋਣ ਕਰ ਕੇ ਕਸਕ ਵਧ ਰਹੀ ਹੈ । ਇੰਝ ਲੱਗਦਾ ਹੈ ਕਿ ਉਹ ਕਿਧਰੇ ਹੋਰ ਮਨ ਲਗਾ ਬੈਠਾ ਹੈ :

ਤਾਲ ਭਰੇ ਜਲ ਪੂਰਨ ਸੋਂ,
ਅਰ ਸਿੰਧ ਮਿਲੀ ਸਰਿਤਾ ਸਭ ਜਾਈ ।
ਤੈਸੇ ਘਟਾਨਿ ਛਟਾਨਿ ਮਿਲੀ,
ਅਤਿ ਹੀ ਪਪੀਹਾ, ਪੀਯ ਟੇਰ ਲਗਾਈ ।
ਸਾਵਣ ਮਾਹਿ ਲਗਿਓ ਬਰਸਾਵਨ,
ਭਾਵਨ ਨਾਹਿ, ਹਾ ਹਾ ਘਰ ਮਾਈ ।੯੧੮।

**ਭਾਦਵ :**

ਭਾਦਵ ਵਿਚ ਪਤੀ ਦੇ ਦਰਸ਼ਨ ਨਹੀਂ ਹੋ ਰਹੇ ।

ਅਕਾਸ਼ ਤੇ ਜਦ ਬਦਲ ਛਾਂਦੇ ਹਨ ਤਾਂ ਦਿਨ ਰਾਤ ਵਿਚ ਤਬਦੀਲ ਹੋ ਜਾਂਦਾ ਹੈ ਤੇ ਦੂਜੇ ਪਾਸੇ ਜਦ ਰਾਤ ਹਨੇਰੇ ਵਿਚ ਬਿਜਲੀ ਚਮਕਦੀ ਹੈ ਤਾਂ ਸੂਰਜ ਚੜ੍ਹੇ ਦਾ ਨਜ਼ਾਰਾ ਬਣਾ ਦੇਂਦੀ ਹੈ । ਮੂਹਲੇਧਾਰ ਜਦ ਮੀਂਹ ਪੈਂਦਾ ਹੈ ਤਾਂ ਜਲ ਹੀ ਜਲ ਨਜ਼ਰ ਆਉਂਦਾ ਹੈ, ਪਰ ਦੇਖੋ ਤੱਤੀ ਦੀ ਕਿਸਮਤ ਕਿ ਪਿਆਰਾ ਦੂਰ ਜਾ ਬੈਠਾ ਹੈ :

**ਭਾਦਵ ਮਾਹਿ ਚੜਯੋ ਬਿਨੁ ਨਾਹ**
**ਦਸੋ ਦਿਸ ਮਾਹਿ ਘਟਾ ਘਹਰਾਈ ।**
ਦਯੋਸ ਨਿਸਾ ਨਹਿ ਜਾਨ ਪਰੈ,
ਤਮ ਬਿੱਜੁ ਛਟਾ ਰਵ ਕੀ ਛਬਿ ਪਾਈ ।

ਮੂਸਲਧਾਰ ਛੁਟੈ ਨਭਿ ਤੇ
ਅਵਨੀ (ਧਰਤੀ) ਸਗਰੀ ਜਲ ਪੂਰਨਿ ਛਾਈ
ਐਸੇ ਸਮੇ ਤਜਿ ਗਯੋ ਹਮ ਕੋ,
ਟਸਕਯੋ ਨ ਹੀਯੋ, ਕਸਕਯੋ ਨ ਕਸਾਈ ।੯੧੯।

**ਅੱਸੂ :**

ਅੱਸੂ (ਕੁਆਰ) ਦਾ ਮਹੀਨਾ ਸੁਖਦਾਈ ਹੈ, ਪਰ ਪਤੀ ਪਾਸ ਨਾ ਹੋਣ ਕਾਰਨ ਬਿਰਹਨ ਨੂੰ ਸੁੱਖ ਕਿੱਥੇਂ ? ਚਿੱਟੇ-ਚਿੱਟੇ, ਪਤਲੇ-ਪਤਲੇ, ਪਰ ਪਾਣੀ ਤੋਂ ਵਿਰਵੇਂ ਬੱਦਲ ਆਕਾਸ਼ ਵਿਚ ਘੁੰਮਦੇ ਰਹਿੰਦੇ ਹਨ। ਕਦੇ ਉੱਚੇ ਹੋ ਅਟਾਰੀਆਂ ਨੂੰ ਛੂੰਹਦੇ ਤੇ ਕਦੀ ਸਰੋਵਰ ਵਿਚ ਪੈਂਦੇ ਦਿੱਸਦੇ ਹਨ। ਇਹ ਤਕ ਦਿਲ ਮੂੰਹ ਨੂੰ ਆ ਜਾਂਦਾ ਹੈ। ਪ੍ਰੇਮ ਨਾਲ ਸੱਜੀ ਪ੍ਰੇਮਣ ਦੀ ਕਸਕ ਹੋਰ ਵਧ ਜਾਂਦੀ ਹੈ, ਪਰ ਉਸ ਦੇ ਮਨ ਵਿਚ ਖਿੱਚ ਨਹੀਂ ਪੈਂਦੀ :

ਮਾਸ ਕੁਆਰ ਚਢਯੋ ਬਲੁ ਧਾਰਿ,
ਪੁਕਾਰ ਰਹੀ ਨਾ ਮਿਲੇ ਸੁਖਦਾਈ।
ਸੇਤ ਘਟਾ ਅਰੁ ਗਤਿ ਛਟਾ
ਸਰ ਤੁੰਗ ਅਟਾ ਸਿਮਕੈ ਦਰਸਾਈ।
ਨੀਰ ਬਿਹੀਨ ਫਿਰੈਂ ਨਭਿ ਛੀਨ
ਸੁ ਦੇਖਿ ਅਧੀਨ ਭਯੋ ਹੀਯ ਰਾਈ।
ਪ੍ਰੇਮ ਛਕੀ ਤਿਨ ਸੋ ਬਿਥਕਯੋ (ਥੱਕ ਗਈ ਹੈ),
ਟਸਕਯੋ ਨਾ ਹੀਯੋ ਕਸਕਯੋ ਨ ਕਸਾਈ ।੯੨੦।

**ਕੱਤਕ :**

ਕੱਤਕ ਚੜ੍ਹਦੇ ਹੀ ਅਕਾਸ਼ ਬਿਲਕੁਲ ਸਾਫ਼ ਹੋ ਗਿਆ ਹੈ ਜਿਵੇਂ ਵੱਟੀ ਤੇ ਦੀਵਾ ਮਿਲ ਕੇ ਚਾਨਣ ਕਰਦੇ ਹਨ। ਲੋਕ ਮੌਜ ਮਸਤੀ ਕਰ ਰਹੇ ਹਨ ਤੇ ਜੂਏ ਖੇਡਣ ਦੀਆਂ ਤਿਆਰੀਆਂ ਕਰ ਰਹੇ ਹਨ। ਘਰਾਂ ਵਿਚ ਸਫ਼ੈਦੀਆਂ ਹੋ ਰਹੀਆਂ ਹਨ। ਘਰ ਚਿਤਰੇ ਜਾ ਰਹੇ ਹਨ, ਪਰ ਸਾਡਾ ਪਿਆਰਾ ਨਹੀਂ ਆਇਆ, ਉਹ ਕਿਧਰੇ ਹੋਰ ਚਿੱਤ ਲਗਾਈ ਬੈਠਾ ਲੱਗਦਾ ਹੈ :

ਕਾਤਿਕ ਮੈ ਗੁਨ ਦੀਪ ਪ੍ਰਕਾਸ਼ਿਤ,
ਤੈਸੇ ਅਕਾਸ ਮੈ ਉਜਲਤਾਈ।
ਜੂਪ ਜਹਾਂ ਤਹਾਂ ਫੈਲ ਰਹਯੋ,
ਸਿਗਰੇ ਨਰ ਨਾਰਿਨ ਖੇਲ ਮਚਾਈ।
ਚਿਤ੍ਰ ਭਏ ਘਰ ਆਂਙਨ ਦੇਖਿ,
ਗਚੇ (ਗੂੜ੍ਹੇ ਕੀਤੇ) ਤਹ ਕੋ ਅਰੁ ਚਿਤ ਭ੍ਰਮਾਈ ।੯੨੧।

**ਮੱਘਰ :**

ਮੱਘਰ ਮਹੀਨੇ ਕੰਵਲ ਸਰੋਵਰ ਵਿਚ ਖਿੜ ਪਏ ਹਨ। ਪਾਣੀ ਦਾ ਇਤਨਾ ਜ਼ੋਰ ਨਹੀਂ ਰਹਿਆ। ਕੂੰਜਾਂ ਦੀ ਕੁਰਲਾਹਟ ਸੁਣਾਈ ਦੇਣ ਲੱਗ ਪਈ ਹੈ ਕਿਉਂਕਿ ਰਾਜ ਹੰਸ ਪਾਸ ਨਹੀਂ। ਇਹ ਹੀ ਹਾਲ ਸਾਡਾ ਹੈ ਜਿਸ ਪਾਸ ਪਤੀ ਕਾਹਨ ਨਹੀਂ ਹੈ :

ਬਾਰਜਿ (ਪਾਣੀ ਦਾ ਜਾਇਆ, ਕੰਵਲ) ਫੂਲਿ ਰਹੇ ਸਰਿ ਪੁੰਜ,
ਸੁਗੰਧ ਸਨੇ ਸਰਿਤਾਨ ਘਟਾਈ।
ਕੁੰਜਤ (ਕੁਰਲਾਉਣਾ) ਕੰਤ ਬਿਨਾਂ ਕੁਲ ਹੰਸ,
ਕਲੇਸ ਬਢੈ ਸੁਨਿ ਕੈ ਤਿਹ ਮਾਈ।
ਬਾਸੁਰ ਰੈਨਿ ਨ ਚੈਨ ਕਹੂੰ ਛਿਨ,
ਮੰਘਰ ਮਾਸਿ ਅਜੌ ਨ ਕਨ੍ਹਾਈ ।੯੨੨।

**ਪੋਹ :**

ਪੋਖ ਵਿਚ ਸੰਤੋਖ ਹੋਣਾ ਚਾਹੀਦਾ ਸੀ ਪਰ ਬ੍ਰਿਹੁ ਕੁਠੀ ਨੂੰ ਕਿੱਥੇ ? ਉੱਤਮ ਟਿਕਾਣੇ ਤੇ ਅਰਾਮ ਦੇ ਸਾਮਾਨ ਸਗੋਂ ਖਾਣ ਨੂੰ ਆਉਂਦੇ ਹਨ। ਕੱਪੜੇ ਰੇਸ਼ਮੀ ਵੀ ਚੁੱਭਦੇ ਹਨ (ਕੂਲ ਦਕੂਲ ਤੇ ਸੂਲ ਉੱਠੇ) ਤੇ ਪਾਨ ਦੇ ਬੀੜੇ ਦੁਖਦਾਈ ਲੱਗਦੇ ਹਨ :

ਭੂਮਿ ਅਕਾਸ ਅਵਾਸ ਸੁਬਾਸੁ,
**ਉਦਾਸਿ ਬਢੀ ਅਤਿ ਸੀਤਲਤਾਈ।**
**ਕੂਲ ਦੁਕੂਲ ਤੇ ਸੂਲ ਉਠੈ,**
**ਸਭ ਤੇਲ ਤਮੋਲ ਲਗੈ ਦੁਖਦਾਈ।**
ਪੋਖ ਸੰਤੋਖ ਨ ਹੋਤ ਕਛੂ,
ਤਨ ਸੋਖਤ ਜਿਉ ਕੁਮਦੀ ਮੁਰਝਾਈ ।੯੨੩।

**ਮਾਘ :**

ਮਾਂਹ ਦੇ ਮਹੀਨੇ ਵਿਚ ਵੀ ਪਿਆਰੇ ਦੇ ਘਰ ਨਾ ਆਉਣ ਕਰ ਕੇ ਸੱਖ਼ਤ ਸਰਦੀ ਵਿਚ ਵੀ ਅੰਦਰਲਾ ਸੜਦਾ ਰਹਿੰਦਾ ਹੈ। ਜਿਵੇਂ ਮਾਂਹ ਵਿਚ ਕਦੀ ਸੂਰਜ ਆਪਣਾ ਮੂੰਹ ਦਿਖਲਾ ਕੇ ਛੁਪ ਜਾਂਦਾ ਹੈ ਤਿਵੇਂ ਹੀ ਪਿਆਰੇ ਦਾ ਹਾਲ ਹੈ। ਇੰਝ ਪ੍ਰਤੀਤ ਹੁੰਦਾ ਹੈ ਕਿ ਹੁਣੇ ਆ ਕੇ ਦਰਸ਼ਨ ਦੇਵੇਗਾ, ਪਰ ਭੁਲੇਖਾ ਹੀ ਹੁੰਦਾ ਹੈ। ਨਾ ਦਿਨ ਗੁਜ਼ਰਦਾ ਹੈ ਤੇ ਨਾ ਲੰਮੀ ਰਾਤ। ਉੱਧਰ ਜਦ ਤੋਤੇ ਤੇ ਕੋਇਲਾਂ ਆਪਸ ਵਿਚ ਕਲੋਲ ਕਰਦੇ ਤੱਕੀਦੇ ਹਨ ਤਾਂ ਹੋਰ ਦੁੱਖ ਉੱਠਦਾ ਹੈ :

ਮਾਹਿ ਮੈ ਨਾਂਹ ਕਹੀ ਘਰਿ ਮਾਹਿ,
ਸੁ ਦਾਹ ਕਰੈ ਰਵਿ ਜੋਤਿ ਦਿਖਾਈ।
ਜਾਨੀ ਨ ਜਾਤ ਬਿਲਾਤਤ ਦਯੋਸ ਨ,
ਰੈਨਿ ਕੀ ਬ੍ਰਿਧ ਭਈ ਅਧਿਕਾਈ।
ਕੋਕਿਲ ਦੇਖਿ ਕਪੋਤਿ ਮਿਲੀ,
ਮੁਖ ਕੁੰਜਤ ਏ ਸੁਨਿ ਕੇ ਡਰ ਪਾਈ ।੯੨੪।

**ਫੱਗਣ :**

ਫਾਗਨ ਦੇ ਮਹੀਨੇ ਪਿਆਰ ਦਾ ਵਾਤਾਵਰਣ ਬਣ ਗਿਆ ਹੈ ਅਤੇ ਸੁਹਾਗਣਾਂ ਪਤੀਆਂ ਨਾਲ ਮਿਲ ਗਈਆਂ ਹਨ। ਇਸ ਮਹੀਨੇ ਹਰ ਇਕ ਦਾ ਮੇਲ ਅਵੱਸ਼ ਹੁੰਦਾ ਹੈ ਕਿਉਂਕਿ ਪਤੀ ਪਤਨੀ ਇਕ ਦੂਜੇ ਬਗ਼ੈਰ ਰਹਿ ਹੀ ਨਹੀਂ ਸਕਦੇ ਕਿਉਂਕਿ ਮਦਨ ਆਪਣਾ ਪ੍ਰਭਾਵ ਹਰ ਇਕ ਤੇ ਪਾ ਦੇਂਦਾ ਹੈ। ਪਰ ਮੇਰੀ ਆਸ ਇੰਞ ਲੱਗਦੀ ਹੈ ਨਿਰਾਸ ਹੋ ਗਈ ਹੈ :

**ਫਾਗਨ ਫਾਗੁ ਬਢਯੋ ਅਨੁਰਾਗ,**
ਸੁਹਾਗਨਿ ਭਾਗ ਸੁਹਾਗ ਸੁਹਾਈ।
ਕੇਸਰ ਚੀਰ ਬਨਾਇ ਸਰੀਰ,
ਗੁਲਾਬ ਅੰਬੀਰ ਗੁਲਾਲ ਉਡਾਈ।
ਸੋ ਛਬਿ ਮ ਨ ਲਖੀ,
ਜਨੁ ਦਵਾਦਸ ਮਾਸਕੀ ਸੋਭਤ ਆਗਿ ਜਗਾਈ !
ਆਸ ਕੋ ਤਯਾਗ ਨਿਰਾਸ ਭਈ,
ਟਸਕਯੋ ਨ ਹੀਯੋ ਕਸਕਯੋ ਨ ਕਸਾਈ।੯੨੫।

*

# ੪

# ਇਕ ਝਾਤ ਮਾਝ ਅਤੇ ਤੁਖਾਰੀ ਰਾਗ ਦੇ ਬਾਰਹ ਮਾਹਾਂ ਤੇ

ਬਾਰਹ ਮਾਹ ਵਿਚ ਬੇਸ਼ੱਕ ਵਿਛੋੜੇ ਦੀ ਕਸਕ ਦਰਸਾਈ ਜਾਂਦੀ ਹੈ, ਪਰ ਮਾਝ ਰਾਗ ਤੇ ਤੁਖਾਰੀ ਰਾਗ ਵਿਚ ਦਰਜ ਬਾਰਹ ਮਾਹ ਦੱਸਦੇ ਹਨ ਕਿ ਜਿਨ੍ਹਾਂ ਕਾਰਨਾਂ ਕਰ ਕੇ ਵਿਛੋੜੇ ਪਏ ਹਨ ਉਹ ਹੁਣ ਮਿਲੇ ਪ੍ਰਾਪਤ ਜੀਵਨ ਵਿਚ ਦੂਰ ਕਰੀਂ ਅਤੇ ਫਿਰ ਉਹਨਾਂ ਕਾਰਨਾਂ ਨੂੰ ਹਾਵੀ ਨਾ ਹੋਣ ਦਈਂ।

ਇਸ ਲਈ ਹਰ ਮਹੀਨੇ ਰਾਹੀਂ ਚੇਤਾਵਨੀ ਦਿੱਤੀ ਹੈ ਕਿ ਕਿਰਤ ਕਰਮ ਕਰ ਕੇ ਵਿੱਛੜੇ ਸਾਂ ਤੇ ਜੇ ਹੁਣ ਵੀ ਧੰਧਾ ਕਰਦਿਆਂ ਜੀਵਨ ਗਵਾ ਦਿੱਤਾ ਅਤੇ ਕਰਮਾਂ ਦੇ ਜਾਲ ਵਿਚ ਫਸੇ ਰਹੇ ਤਾਂ ਜਨਮਾਂ ਦੇ ਵਿਛੋੜੇ ਪੈ ਜਾਣਗੇ। ਸੋ ਘਾਲ ਕਮਾਈ ਕਰਦਿਆਂ, ਨਾਮ ਜੱਪਦਿਆਂ, ਸੇਵਾ ਕਰਦਿਆਂ, ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਤੇ ਰਸ ਮਾਣ ਕੇ ਕ੍ਰਿਪਾ ਦੀ ਯਾਚਨਾ ਕਰਦੇ ਰਹਿਣਾ ਹੈ। ਕਿਰਤ ਧੱਕੇ ਦੇਂਦੀ ਹੈ। ਜੇ ਮਹੀਨੇ ਦੇ ਸੁਭਾਵ ਨੇ ਪ੍ਰਭਾਵ ਪਾ ਲਿਆ ਤਾਂ ਭਟਕਣਾ ਬਣੀ ਰਵ੍ਹੇਗੀ।

ਚੇਤ ਵਿਚ ਬਸੰਤ ਦਾ ਨਜ਼ਾਰਾ ਤੱਕ ਜੇ ਚੇਤਾ ਭੁੱਲ ਗਿਆ, ਵੈਸਾਖ ਵਿਚ ਫ਼ਸਲ ਘਰ ਆਈ ਦੇਖ, ਉਹ ਦਾਤਾ ਹੀ ਵਿਸਰ ਗਿਆ, ਜੇਠ ਵਿਚ ਪਈ ਗਰਮੀ ਨੇ ਸਰੀਰ ਸੰਭਾਲ ਵੱਲ ਹੀ ਲਗਾ ਲਿਆ, ਅਸਾੜ ਦੀ ਤੱਪਸ਼ ਨੇ ਜੇ ਅੰਦਰ ਕਾਹਲ ਪਾਈ ਰੱਖੀ, ਸਾਵਣ ਦੀ ਹਰਿਆਵਲ ਨੇ ਰਸਾਂ ਕਸਾਂ ਵੱਲ ਧਿਆਨ ਖਿੱਚੀ ਰੱਖਿਆ, ਭਾਦੋਂ ਦੀ ਹੁੱਸੜ ਨੇ ਜੇ ਇਕ-ਚਿੱਤ ਨਾ ਹੋਣ ਦਿੱਤਾ, ਅੱਸੂ ਵਿਚ ਮਿਲੇ ਉਮਾਹ ਨੇ ਦੂਜੇ ਪਾਸੇ ਹੀ ਪਾਇਆ ਰੱਖਿਆ, ਕੱਤਕ ਵਿਚ ਵਾਹੀ ਕਰਦਿਆਂ ਨਿਰੇ ਦੋਸ਼ ਹੀ ਕੱਢਦੇ ਗਏ, ਮੱਘਰ ਵਿਚ ਇਕੱਲੇ ਰਹਿ ਮਾੜੀਆਂ ਚਿਤਵਨੀਆਂ ਹੀ ਚਿਤਵਦੇ ਰਹੇ, ਪੋਹ ਵਿਚ

ਤੁਖਾਰ (ਸੱਖ਼ਤ ਸਰਦੀ) ਦਾ ਬਹਾਨਾ ਪਾ ਖਰੂਦ ਹੀ ਮਚਾਈ ਰੱਖਿਆ ਤੇ ਗੀਤ ਗੋਵਿੰਦ ਗਾਣ ਦੀ ਥਾਵੇਂ ਗੰਦ ਖਿਲੇਰਦੇ ਤੇ ਗੰਦੇ ਗੀਤ ਹੀ ਅਲਾਪਦੇ ਰਹੇ ਤੇ ਐਸੀ ਤਮਾ (ਲਾਲਚ) ਵਧਾ ਲਈ ਕਿ ਬਾਰਹ ਮਾਹ ਹੀ ਜ਼ਾਇਆ ਕਰ ਲਏ।

**ਰੀਤ, ਰਸਮ, ਕਰਮ, ਸ਼ਾਸਤ੍ਰ ਜਾਂ ਕਿਰਤ ਦਾ ਸਰੀਰ ਨਾਲ ਸੰਬੰਧ ਹੈ ਤੇ ਪਖੰਡ, ਸਹਿਮ, ਭੈ, ਮੌਤ ਅੱਗੇ, ਪੁੰਨਦਾਨ, ਮਹੂਰਤ, ਇਸ਼ਨਾਨ ਦਾ ਕਰਮ ਨਾਲ। ਕਿਰਤ ਕਰਮ ਵਿਚ ਪਏ ਰਹੇ ਹੀ ਜੇ ਬਾਰਹ ਮਾਹ ਗੁਜ਼ਾਰ ਦਿੱਤੇ ਤਾਂ ਵਿਛੋੜੇ ਨਹੀਂ ਹਟਣੇ।**

ਮਹੀਨਾ ਚੜ੍ਹੇ ਜੇ ਕਿਸੇ ਦੇ ਮੂੰਹੋਂ ਸੁਣਨ ਨੂੰ ਭਲਾ ਤੇ ਕਿਸੇ ਦੇ ਮੂੰਹੋਂ ਸੁਣਨ ਨੂੰ ਬੁਰਾ ਆਖ, ਸੂਰਜ ਦਾ ਇਕ ਰਾਸ਼ੀ ਵਿੱਚੋਂ ਨਿਕਲਣ ਦੂਜੀ ਵਿਚ ਪੈਣ ਨੂੰ ਸ਼ਗਨ ਕਹਿ, ਕੋਈ ਕਾਰਜ ਅਰੰਭ ਕਰਨ ਵੇਲੇ ਜੇ ਲਗਨ ਕਢਾਵਣ ਤੁਰ ਪਏ ਤੇ ਮਹੀਨੇ ਦਾ ਪ੍ਰਭਾਵ ਆਪਣੇ ਤੇ ਪਾ ਲਿਆ ਤਾਂ ਕੀਮਤੀ ਸਮਾਂ ਤਾਂ ਜ਼ਾਇਆ ਹੋਣਾ ਹੀ ਪ੍ਰਭੂ ਨਾਲ ਵਿਛੋੜੇ ਪਏ ਰਹਿਣਗੇ। ਸੋ ਕੋਈ ਬਹਾਨਾ ਬਣਾ ਕੇ ਵੀ ਕਰਮ ਨਹੀਂ ਕਰਨਾ।

ਚੜ੍ਹੇ ਚੇਤ, ਨਵਾਂ ਸਾਲ ਆਇਆ, ਇਹ ਨਹੀਂ ਕਹਿਣ ਲੱਗ ਪੈਣਾ ਕਿ ਇਹ ਸਾਲ 'ਗਧੇ, ਧੋਬੀ, ਸੂਰ, ਸੱਪ ਜਾਂ ਸੁਆਨ' ਘਰ ਜਾ ਬੈਠਾ ਹੈ। ਸਿਰਫ ਗੋਵਿੰਦ ਨੂੰ ਅਰਾਧਨਾ ਹੈ। ਫਿਰ ਸਾਰਾ ਸਾਲ ਆਨੰਦ ਹੀ ਆਨੰਦ ਹੈ। ਪੁੱਗੇ ਪੁੱਜੇ ਅਤੇ ਪੂਜ ਪੁਰਸ਼ਾਂ ਪਾਸ ਬੈਠਣਾ ਹੈ ਤਾਂ ਕਿ ਰਸਨਾ ਵਾਹਿਗੁਰੂ ਬੋਲਦੀ ਰਵ੍ਹੇ। **'ਰਸਨਾ ਨਾਮੁ ਭਣਾ'**। ਉਨ੍ਹਾਂ ਦੇ ਹੀ ਚਰਨੀਂ ਹੱਥ ਲਗਾਉਣਾ ਹੈ ਜੋ ਆਪਣੇ ਨਾਲ ਨਾ ਜੋੜ ਪ੍ਰਭੂ ਦਾ ਮਿਲਾਪ ਕਰਾ ਦੇਣ :

ਚੇਤਿ ਮਿਲਾਏ ਸੋ ਪ੍ਰਭੂ,
ਤਿਸ ਕੈ ਪਾਇ ਲਗਾ।

ਵੈਸਾਖ ਵਿਚ ਫ਼ਸਲ ਘਰ ਆਈ ਦੇਖ ਆਫ਼ਰ ਆਫ਼ਰ ਨਹੀਂ ਪੈਣਾ। ਇਸਤਰੀ, ਧੀ, ਪੁੱਤ ਪਰਵਾਰ ਲਈ ਜੋ ਕੁਝ ਕੀਤਾ ਜਾ ਰਿਹਾ ਹੈ ਇਸ ਨੇ ਸਾਥ ਨਹੀਂ ਦੇਣਾ। ਇਹ ਵੀ ਕਰਮਜਾਲ ਹੈ ਕਿ ਪੁਤ ਪੁ (ਨਰਕ) ਤੋਂ ਬਚਾਉਣ ਵਿਚ ਸਹਾਈ ਹੋਵੇਗਾ। ਇਹ ਖ਼ਾਮ ਖ਼ਿਆਲੀ ਹੈ। ਬਚਾਉਣਾ ਉਸ ਅਵਿਨਾਸ਼ੀ ਪ੍ਰਭੂ ਨੇ। ਪੱਕ ਰੱਖੋ :

ਇਕਸੁ ਹਰਿ ਕੇ ਨਾਮ ਬਿਨ
ਅਗੈ ਲਈਅਹਿ ਖੋਹਿ।

**ਜੋੜ-ਜੋੜ, ਸਾਂਭ-ਸਾਂਭ, ਰੱਖਣ ਦੀ ਰੁਚੀ ਹੀ ਅੰਦਰ ਕਾਹਲ ਪੈਦਾ ਕਰਦੀ ਹੈ।** ਜੇ ਕਰਮਾਂ ਦਾ ਫਲ ਪਾਏ ਦੀ ਥਾਂ ਉਸ ਦੀ ਦਾਤ ਮਿਲੀ ਜਾਣੀ ਜਾਵੇ ਤਾਂ ਫਿਰ ਰੋਣ ਨਹੀਂ ਹੋਣ ਲੱਗਾ। ਜੀਵ ਦੀ ਭਟਕਣਾ ਦਾ ਕਾਰਨ ਹੀ ਇਹ ਹੈ ਕਿ ਉਹ ਕਰਮ ਕਰਦਾ ਹੈ, ਫਿਰ ਫਲ ਲੋੜਦਾ ਹੈ ਤੇ ਜਦ ਆਸ ਮੁਤਾਬਕ ਫਲ ਨਹੀਂ ਮਿਲਦਾ ਤਾਂ ਫਿਰ ਕੁਰਲਾਂਦਾ ਹੈ।

ਭਲਾ ਜੇ ਕਰਮਾਂ ਦਾ ਜ਼ੋਰ ਮੰਨ ਲਈਏ ਤਾਂ ਫਿਰ ਤਾਂ ਕਿਸੇ ਜੀਵ ਨੂੰ ਰੋਣਾ ਹੀ ਨਹੀਂ ਚਾਹੀਦਾ। ਜਦ ਚਾਹੇ ਕਰਮ ਕਰ ਕੇ ਪਾ ਲਵੇ, ਐਸਾ ਨਹੀਂ ਹੈ। ਜੋ ਉਹ ਮੇਹਰ

ਕਰ ਕੇ ਦੇਂਦਾ ਹੈ ਉਸ ਨੂੰ ਕੋਈ ਖੋਹ ਹੀ ਨਹੀਂ ਸਕਦਾ। ਮਾਯੂਸੀ ਨਹੀਂ ਹੁੰਦੀ। 'ਆਪਣ ਲੀਆ ਜੇ ਮਿਲੈ, ਵਿਛੁੜਿ ਕਿਉਂ ਰੋਵੰਨਿ।' ਇਥੇ ਤਾਂ ਸਭ 'ਭਾਗੁ ਮਥੰਨਿ' ਦੀ ਗੱਲ ਹੈ। ਰਹਿਮਤ ਕਰਮ ਬਖਸ਼ਸ਼ ਦੀ ਹੈ। ਕਰਮਾਂ ਦੀ ਕੋਈ ਸਤਾ ਨਹੀਂ। ਜਿਤਨੀ ਅੰਦਰਲੀ ਤੇ ਬਾਹਰਲੀ ਕਾਹਲ ਹੈ, ਜਿਤਨੀ ਤਮਸ ਹੈ, ਸਿਰਫ਼ ਇਸ ਕਰ ਕੇ ਹੈ ਕਿ ਸਿਰ ਤੇ ਸਾਈਂ ਦਾ ਸਾਇਆ ਨਹੀਂ। ਵਿਸ਼ਵਾਸ ਦ੍ਰਿੜ੍ਹ ਨਹੀਂ। ਇਹ ਯਕੀਨ ਹੀ ਨਹੀਂ ਬੱਝਾ ਕਿ ਜੀਵਨ ਦਾਤਾ ਵਾਹਿਗੁਰੂ ਹੈ। ਵਿਅਕਤੀ ਪਿੱਛੇ ਦੌੜਨ ਕਰ ਕੇ ਭਟਕਣਾ ਵਧੀ ਜਾਂਦੀ ਹੈ। 'ਮਾਣਸ ਸੰਦੀ ਆਸ', ਕਰ ਕੇ ਦੁੱਖ ਹੈ। ਵਾਹਿਗੁਰੂ ਨੂੰ ਛੱਡ, ਦੂਜੈ ਭਾਇ, ਹੋਰ ਸ਼ੈਆਂ ਨਾਲ ਪਿਆਰ ਕਰ ਕੇ ਮੌਤ ਦਾ ਸਹਿਮ ਗਲੇ ਪਾ ਲਿਆ ਹੈ। ਇਹ ਕਾਹਲ, ਤੱਪਸ ਮਨ ਦੇ ਨਿਮਰ ਹੋਣ ਤੇ ਟਿਕਾ ਮਿਲਣ ਨਾਲ ਹੀ ਜਾਣੀ ਹੈ। 'ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ।'

ਇਹ ਵੀ ਚੇਤਾ ਰਵ੍ਹੇ ਕਿ ਉਸ ਦੇ ਮਿਲਾਪ ਵਿਚ ਕਿਸੇ ਬਾਹਰਲੇ ਭੜਕੀਲੇ ਸ਼ਿੰਗਾਰ (ਬਿਖਿਆ ਰੰਗ ਕੂੜਾਵਿਆ) ਨੇ ਕੰਮ ਨਹੀਂ ਆਉਣਾ। ਇਨ੍ਹਾਂ ਦਾ ਪ੍ਰਭਾਵ ਛਿਨ ਭਰ ਲਈ ਹੀ ਹੁੰਦਾ ਹੈ। ਸਿਰਫ਼ ਨਿਮਰਤਾ, ਖੇੜਾ ਤੇ ਪਿਆਰ (ਚਰਣ ਕਮਲ ਸਿਉ ਪਿਆਰ) ਹੀ ਕੰਮ ਆਉਣਾ ਹੈ।

ਹੋਰ ਸਪੱਸ਼ਟ ਕਰਦੇ ਹਨ। 'ਭਾਦੁਇ ਆਇਆਂ, ਲੱਖ ਸੀਗਾਰ ਬਣਾਇਆਂ' ਕਿਸੇ ਕੰਮ ਨਹੀਂ ਕਿਉਂਕਿ ਬਾਹਰਲਾ ਪ੍ਰਭਾਵ ਇਤਨਾ ਤਿੱਖਾ ਹੁੰਦਾ ਹੈ ਕਿ ਸ਼ਿੰਗਾਰ ਟਿਕ ਹੀ ਨਹੀਂ ਸਕਦੇ। ਜੇ ਅੰਦਰ ਪ੍ਰੇਮ ਹੈ ਤਾਂ ਪ੍ਰਾਪਤ ਦਰਸ਼ਨ ਹੈ। ਸੋ ਸਰੀਰ ਰੂਪੀ ਖੇਤ ਵਿਚ ਸੁਆਸਾਂ ਰੂਪੀ ਸਿਮਰਨ ਕਰ ਕੇ ਯਾਦ ਬੀਜਣੀ ਚਾਹੀਦੀ ਹੈ ਤਾਂ ਛੋਹ ਪ੍ਰਾਪਤ ਹੋ ਜਾਵੇਗੀ।

'ਜੇਹਾ ਬੀਜੈ ਸੋ ਲੁਣੈ' ਸਿਧਾਂਤ ਪ੍ਰਭੂ ਨੇ ਬਣਾਇਆ ਹੈ :

ਗੁਰਬਾਣੀ ਸਿਉ ਪ੍ਰੀਤ ਸੁ ਪਰਸਨ।

ਅੱਸੂ ਦੇ ਮਹੀਨੇ ਮਿਲੇ ਉਮਾਹ ਨੂੰ ਗ਼ਲਤ ਪਾਸੇ ਨਹੀਂ ਲਾਉਣਾ। ਉਮਾਹ ਨੂੰ ਪ੍ਰੇਮ ਦੀ ਪਿਆਸ ਨੂੰ ਤਿੱਖੀ ਕਰਨ ਲਈ ਵਰਤਣਾ ਹੈ। ਇਹ ਪ੍ਰੇਮ ਦੀ ਪਿਆਸ ਨੂੰ ਕਾਇਮ ਰੱਖਣ ਲਈ ਸਿਰਫ਼ ਸੰਤ ਹੀ ਸਹਾਇਤਾ ਕਰਦੇ ਹਨ। ਰਸ ਵੀ ਪ੍ਰੇਮ ਨੇ ਹੀ ਦੇਣਾ ਹੈ। ਕਰਮਾਂ ਵਿਚ ਕੋਈ ਰਸ ਨਹੀਂ ਸਗੋਂ ਉਕਤਾਹਟ ਹੈ, ਖਿੱਝ ਹੈ, ਹਿਸਾਬ ਹੈ, ਡਰ ਹੈ। ਡਰ ਹੈ ਕਿਧਰੇ ਕੋਈ ਗ਼ਲਤ ਹੋ ਗਿਆ ਤਾਂ ਦੂਣੀ ਸਜ਼ਾ ਭੁਗਤਣੀ ਪਵੇਗੀ, ਪਰ ਪ੍ਰੇਮ ਵਿਚ ਰੱਜ ਹੈ, ਰਸ ਹੈ, ਬੇਬਹਾ ਹੈ, ਨਿਮ੍ਰਤਾ ਹੈ, ਸੁੱਖ ਹੈ। ਕਰਮਾਂ ਵਿਚ ਵਿਚੋਲੇ ਦੀ ਲੋੜ ਰਹਿੰਦੀ ਹੈ। ਕਿਸੇ ਕੋਲੋਂ ਹੀ ਕਰਾਈਦੇ ਹਨ ਕਰਮ, ਪਰ ਇਹ ਪੱਕ ਜਾਣ ਕਿ ਕਿਸੇ ਵਿਚੋਲੇ ਦੀ ਉਸ ਦੇ ਦਰ ਰਸਾਈ ਨਹੀਂ। ਸੋ ਸੱਭ ਫ਼ਜ਼ੂਲ ਹੈ ਰੋਜ਼ ਕਿਸੇ ਦੇ ਤਰਲੇ ਕੱਢਣੇ। 'ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ'।

ਕਤਕਿ ਦਾ ਮਹੀਨਾ ਕਿਉਂਕਿ ਬੀਜਣ ਦਾ ਮਹੀਨਾ ਹੈ ਸੋ ਤੂੰ ਵੀ ਉਸ ਦੀ ਯਾਦ ਇਤਨੀ ਪੱਕੀ ਬੀਜ ਕਿ ਉਹ ਕਦੇ ਨਾ ਵਿੱਸਰੇ ਤੇ ਜਨਮ ਦੇ ਵਿਛੋੜੇ ਨਾ ਪੈਣ। ਜਿਹਾ ਬੀਜੈ ਸੋ ਜ਼ਰੂਰ ਲੁਣਨਾ ਹੈ। 'ਸੋਹੰਦਿਆਂ' ਹੋਣਾ ਹੈ, ਮਿਲਾਪ ਨਾਮ। ਕਰਮਾਂ ਨੇ ਤਾਂ

ਵਿਛੋੜਾ ਹੋਰ ਪਾਈ ਜਾਣਾ ਹੈ। ਕਰਮਾਂ ਨੇ ਅਹੰਕਾਰੀ, ਇਕੱਲਿਆਂ, ਕਰੀ ਜਾਣਾ ਹੈ। ਸੰਗਤ ਕੀਤਿਆਂ ਇਕੇਲਾਪਣ ਜਾਇਗਾ। 'ਸਾਧ ਜਨਾ ਤੇ ਬਾਹਰੀ, ਸੇ ਰਹਨਿ ਇਕੇਲੜੀਆਹ'। ਕਰਮ ਦੇ ਟਾਕਰੇ ਸੰਗਤ ਵਿਚ ਸਮਾਗਮ ਰਚਾ ਹਰਿ ਨਾਲ ਲਿਵ ਨੂੰ ਵਿਆਹੁਣਾ ਹੈ।

ਕਰਮਾਂ ਵਿਚ 'ਜ਼ੋਰ ਹਿਸਾਬ' ਹੁੰਦਾ ਹੈ। ਜ਼ੋਰ ਹਿਸਾਬਾਂ ਤੇ ਹੱਕ ਨਾਲ ਉਸ ਨੇ ਬਾਂਹ ਨਹੀਂ ਪਕੜਣੀ। ਜਦ ਉਸ ਦੀ ਸ਼ਰਨ ਤੱਕ ਲਈ ਤਾਂ ਉਸ ਨੂੰ ਆਪੇ ਸ਼ਰਮ ਪੈਣੀ ਹੈ। 'ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ'। ਜੋ ਕਰਮਾਂ ਨੇ ਇਹ ਜਾਲ ਉਣਿਆ ਹੋਇਆ ਸੀ ਕਿ ਪੁੰਨ-ਦਾਨ ਕਿਸੇ ਖ਼ਾਸ ਮਿਥੀ ਸ਼੍ਰੇਣੀ ਨੂੰ ਦਿੱਤਿਆਂ ਹੀ ਕਲਿਆਨ ਹੋਣੀ ਹੈ ਤੇ ਖ਼ਾਸ ਮਿਥੇ ਦਿਹਾੜੇ ਇਸ਼ਨਾਨ ਕਰਨ ਨਾਲ ਪਾਪ ਧੋਏ ਜਾਣੇ ਹਨ, ਇਹ ਵੀ ਖ਼ਾਮ ਖ਼ਿਆਲੀ ਹੈ। ਇਹ ਰਾਹ ਛੱਡ, ਇਸ਼ਨਾਨ ਧੂੜੀ ਦਾ, ਸਦਾ ਨਿਮ੍ਰਤਾ ਵਿਚ ਰਹਿਣ ਤੇ ਹਰ ਲੋੜਵੰਦ ਦੀ ਲੋੜ ਪੂਰੀ ਕਰਨ ਦਾ ਅਪਨਾਉਣਾ ਹੈ। 'ਸਭਨਾ ਨੋ ਕਰ ਦਾਨੁ।' 'ਧੂੜੀ ਇਸ਼ਨਾਨ' ਅਤੇ 'ਸਭਨਾ ਨੋ ਕਰ ਦਾਨ' ਦਾ ਰਾਹ ਅਪਣਾਉਣ ਨਾਲ ਜਨਮ ਕਰਮ ਦੀ ਮੈਲ ਚੜ੍ਹੀ ਉਤਰ ਜਾਵੇਗੀ ਤੇ ਹੁਣ ਚੰਗੇ ਕੀਤੇ ਦਾ ਹੰਕਾਰ ਨਹੀਂ ਚੜ੍ਹੇਗਾ। ਅਠ ਸਠ ਤੀਰਥ ਦੇ ਇਸ਼ਨਾਨ, ਮਿਥੇ ਹੋਏ ਪੁੰਨ ਕਰਮ ਦਾਨ, ਪਰਵਾਨ ਹੋਏ ਢੰਗ ਵਿਚੇ ਹੀ ਆ ਗਏ ਜੇ ਹਰਿ ਕਾ ਨਾਮ ਧਿਆਇਆ, ਸੁਣਿਆ ਤੇ ਦੂਜੇ ਦੀ ਲੋੜ ਨੂੰ ਉਂਝੇ ਹੀ ਮਹਿਸੂਸ ਕੀਤਾ ਜਿਵੇਂ ਆਪਣੀ ਹੁੰਦੀ ਹੈ।

ਇਹ ਜਾਣ ਲਵੋ ਕਿ ਹੋਰ ਕੋਈ ਅਨੰਦ ਖ਼ੁਸ਼ੀ ਖੇੜਾ ਨਹੀ ਹੈ। ਵੱਡਾ ਤੇ ਸਦਾ (ਉਪਾਰਜਨਾ) ਆਨੰਦ ਇਹ ਹੈ ਕਿ ਵਾਹਿਗੁਰੂ ਦੇ ਪਿਆਰਿਆਂ ਦਾ ਮਿਲਾਪ ਹੋ ਜਾਏ। 'ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ', ਜਿਨ੍ਹਾਂ ਸੰਤ ਜਨਾਂ ਨੇ ਪ੍ਰੇਮ ਦਾ ਉਮਾਹ ਭਰਿਆ ਸੀ, ਪ੍ਰੇਮ ਦੀ ਖੇਡ ਖੇਡਣ ਵਿਚ ਸਹਾਈ ਹੋਏ ਸਨ, ਐਸੇ ਹੀ ਪੁੱਗੇ, ਪੁੱਜੇ ਪੁਰਸ਼ਾਂ ਨੇ ਵਾਹਿਗੁਰੂ ਦਾ ਮਿਲਾਪ ਕਰਾਉਣ ਵਿਚ ਸਹਾਈ ਹੋਣਾ ਹੈ। ਫਿਰ ਨਾ ਭੁੱਲਣਾ ਕਿ ਕਿਸੇ ਵਿਚੋਲਾ ਬਣ ਸਿਫ਼ਾਰਸ਼ ਨਹੀਂ ਕਰਨੀ, ਸਿਰਫ਼ ਰਾਹੇ ਪਾਉਣਾ ਹੈ। ਘਾਲ ਕਮਾਈ ਜੀਵ ਦੀ ਹੈ।

ਚੜ੍ਹੇ ਚੇਤ ਗੋਵਿੰਦ ਆਰਾਧਿਆ ਸੀ ਹੁਣ ਪੂਰਨ ਮਿਲਾਪ ਹੋ ਗਿਆ ਹੈ। ਸੇਜ ਸੁਹਾਣੀ ਮਿਲੀ ਹੈ। ਹਰੀ ਵਰਗਾ ਖ਼ੁਸ਼ੀਆਂ ਦੇਣ ਵਾਲਾ ਪਤੀ ਮਿਲ ਗਿਆ ਹੈ। ਹੁਣ ਤਾਂ ਵਿਛੋੜੇ ਦਾ ਨਾਂ ਤਕ ਨਹੀਂ। ਸਦਾ ਸਹੇਲੀਆਂ (ਸੰਤਾਂ ਸੰਗੀਆਂ ਸਾਥੀਆਂ ਸੰਗਤਾਂ) ਨਾਲ ਰਲ ਸੁਹਾਗ ਦੇ ਗੀਤ ਹੀ ਗਾਏ ਜਾਂਦੇ ਹਨ। 'ਮਿਲਿ ਸਹੀਆ ਮੰਗਲ ਗਾਵਈ'। ਪੂਰਨ ਟਿਕਾ ਮਿਲ ਗਿਆ ਹੈ। ਜਨਮ ਮਰਨ ਦਾ ਡਰ ਵੀ ਉਤਰ ਗਿਆ ਹੈ। ਜਿਸ ਦੀ ਉਪਮਾ ਕਰ ਰਹੇ ਹਾਂ, ਸਿਫ਼ਤ ਸਲਾਹ ਕਰ ਰਹੇ ਹਾਂ, ਉਸ ਨੂੰ ਰਤਾ ਵੀ ਲਾਲਚ, ਤਮਾਇ ਨਹੀਂ, ਉਸ ਨੂੰ ਯਾਦ ਕਰਨ ਨਾਲ ਸਾਡੀ ਤ੍ਰਿਸ਼ਨਾ (ਤਮਾ) ਵੀ ਮੁੱਕ ਗਈ, ਧੰਧਾ ਧਾਵਤ ਰਹਿ ਗਿਆ ਅਤੇ ਕਰਮਾਂ ਤੋਂ ਖਹਿੜਾ ਛੁੱਟ ਗਿਆ। ਸਿੱਟਾ ਇਹ ਹੈ ਕਿ ਜਿਨ੍ਹਾਂ ਨੇ ਬਾਰਹ ਮਾਹ, ਸਾਰੀ ਉਮਰ, ਉਸ ਦੀ ਯਾਦ ਵਿਸਰਨ ਨ ਦਿੱਤੀ, ਗੁਰਬਾਣੀ

ਰਾਹੀਂ ਯਾਦ ਪਕਾ, ਹਿਰਦਾ ਸ਼ੁੱਧ ਕਰ ਉਸ ਦੇ ਦਰ ਮਾਣ ਪਾਂਦੇ ਰਹੇ, ਉਹਨਾਂ ਨੂੰ ਕਦੀ ਹੰਕਾਰ ਸਤਾਏਗਾ ਨਹੀਂ ਅਤੇ ਸਦਾ ਸੁੱਖ ਦਾ ਖ਼ਜ਼ਾਨਾ ਪਾ ਲੈਣਗੇ। 'ਸਰਬ ਸੁਖਾ ਨਿਧਿ ਚਰਣ ਹਰਿ'।

'ਦਰਗਹ ਸਚਿ ਖਰਿਆ ਹੋਇਆ' ਦੀ ਪ੍ਰੇਮ ਭਗਤੀ ਘਟਦੀ ਨਹੀਂ। ਦੁਬਿਧਾ ਰਹਿੰਦੀ ਨਹੀਂ। ਝੂਠ ਜ਼ਬਾਨ ਤੇ ਆਉਂਦਾ ਹੀ ਨਹੀਂ। ਜਿਸ ਦੀ ਰਸਨਾ ਤੇ ਸੱਚ ਹੀ ਸੱਚ ਹੈ ਉਸ ਦੀ ਟੇਕ ਸਦਾ ਇਕ ਤੇ ਹੁੰਦੀ ਹੈ। ਉਸ ਦਾ ਹਰ ਮਹੀਨਾ, ਦਿਹਾੜਾ, ਮਹੂਰਤ, ਪਲ ਸ਼ੁੱਭ ਹੁੰਦਾ ਹੈ। ਮਹੂਰਤ ਕਢਾਉਣ ਦੀ ਲੋੜ ਨਹੀਂ ਰਹਿੰਦੀ। ਕਰਮ ਕਰਨ ਕਰਾਵਣ ਤੋਂ ਉਤਾਂਹ ਹੋ ਜਾਂਦਾ ਹੈ। ਉਹ ਇਕ ਹੀ ਯਾਚਨਾ ਵਾਹਿਗੁਰੂ ਪਾਸ ਕਰਦਾ ਰਹਿੰਦਾ ਹੈ ਕਿ ਕ੍ਰਿਪਾ ਦ੍ਰਿਸ਼ਟੀ ਰੱਖਣੀ ਤਾਂ ਕਿ ਫਿਰ ਵਿਛੋੜਾ ਨਾ ਪਵੇ। 'ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ'।

**ਇਕ ਹੋਰ ਵਿਸ਼ੇਸ਼ਤਾ :**

ਬਾਰਹ ਮਾਹ ਮਾਝ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਹਰ ਮਹੀਨੇ ਦੀ ਪਹਿਲੀ ਤੁਕ ਵਿਚ ਉਸ ਮਹੀਨੇ ਦਾ ਚਲਣ ਦਰਸਾ ਦਿੱਤਾ ਹੈ ਅਤੇ ਉਸ ਮਹੀਨੇ ਦਾ ਪ੍ਰਭਾਵ ਨ ਪਵੇ ਇਸ ਲਈ ਆਖ਼ੀਰ ਵਿਚ ਫਿਰ ਮਹੀਨੇ ਦਾ ਨਾਂ ਲਿਖ ਕੇ ਬਦਲਿਆ ਚਲਣ ਪ੍ਰਗਟਾ ਦਿੱਤਾ ਹੈ।

**ਚੇਤਿ ਅਨੰਦੁ।** ਚੇਤ ਦਾ ਮਹੀਨ ਸੁਖਾਵਾਂ ਹੈ। ਸਰਦੀ ਪਿੱਛੇ ਰਹਿ ਗਈ ਹੈ ਅਤੇ ਅੱਗੋਂ ਖੁੱਲ੍ਹਾ ਮੌਸਮ ਹੈ, ਸੋ **ਆਨੰਦ** ਹੈ। ਸੁਖਾਵੇਂ ਵਾਤਾਵਰਨ ਵਿਚ ਮਨ ਨੂੰ ਗੋਵਿੰਦ ਅਰਾਧਣ ਵੱਲ ਲਗਾਉਣਾ ਹੈ ਤਾਂ ਕਿ ਪ੍ਰਭੂ ਨਾਲ ਮਿਲਾਪ ਹੋਵੇ।

**ਚੇਤਿ ਮਿਲਾਏ।** ਸਿਧਾਂਤ ਵੀ ਦੱਸ ਦਿੱਤਾ ਕਿ ਸਿਰਫ਼ ਸਿਮਰਨ ਹੀ ਪ੍ਰਭੂ ਤਕ ਲੈ ਜਾਏਗਾ, ਕੋਈ ਕਰਮ ਨਹੀਂ।

**ਵੈਸਾਖ ਵਾਢੀਆਂ** ਹਨ। ਧੀਰਜ ਨਹੀਂ ਹੈ ਕਾਹਲੀ ਹੈ, ਛੇਤੀ ਹੈ ਕਿ ਵਾਢੀ ਸਾਂਭੀ ਜਾਵੇ। ਸਾਰਾ ਧਿਆਨ ਧਨ ਨੇ ਖਿੱਚਿਆ ਹੋਇਆ ਹੈ। ਲਹਿਣੇਦਾਰ ਖੜ੍ਹੇ ਹਨ। ਕੁਝ ਅੱਗੇ ਲਈ ਸਾਂਭਣ ਲਈ ਵੀ ਸੋਚ ਉੱਠਦੀ ਹੈ। ਚਿੱਤ ਇਸੇ ਵਿਚ ਫਸਿਆ ਹੋਇਆ ਹੈ ਕਿ ਲਾਭ ਵੱਧ ਹੋਵੇ। 'ਪਲਚਿ ਪਲਚਿ ਸਗਲੀ ਮੁਈ'। ਇਹ ਵੈਸਾਖ ਸੁਹਾਣਾ ਹੋ ਸਕਦਾ ਹੈ ਜੇ ਧਿਆਨ ਧਨ, ਧਨਿਤਾ ਧੀ ਪੁੱਤਰ ਲੋਕਾਂ ਵੱਲੋਂ ਮੋੜ, ਦਾਤੇ ਵੱਲ ਲਗਾਏ ਤੇ ਪੁੱਗਿਆਂ ਤੇ ਪੁੱਜਿਆਂ ਦੀ ਸੰਗਤ ਕਰੇ।

**ਜੇਠ ਜੁੜੰਦਾ** ਹੈ। ਸਭ ਮਨ੍ਹਾ ਕਰਦੇ ਹਨ ਕਿ ਬਾਹਰ ਧੁੱਪੇ ਨਾ ਫਿਰੋ। ਲੂ ਲਗ ਜਾਏਗੀ, ਟਿਕ ਕੇ ਬੈਠੋ। ਪਰ ਗੁਰੂ ਜੀ ਸਮਝਾਂਦੇ ਹਨ ਕਿ ਸਹੀ ਟਿਕਾ ਮਿਲਣਾ ਹੈ ਜੇ ਪ੍ਰਭੂ ਮਿੱਤ੍ਰ ਦੇ ਪੱਲੇ ਨਾਲ ਬੱਝ ਜਾਈਏ। ਫਿਰ ਨਾ ਵਿਛੋੜਾ ਹੈ ਤੇ ਨਾ ਹੀ ਦੁੱਖ। ਨਾ ਧੁੱਪ ਨਾਂਹ ਮੁਹਤਾਜੀ। 'ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।' ਉਹ ਹੀ ਜੇਠ ਰੰਗੀਲਾ ਹੋ ਜਾਏਗਾ ਜੋ ਤਪਾਂਦਾ ਸੀ।

**ਅਸਾੜ ਤਪੰਦਾ** ਹੈ। ਹਰ ਸੂਰਤ ਬਾਹਰੋਂ ਤੱਪਸ਼ ਆਉਣੀ ਹੈ ਪਰ ਜੇ ਪਾਸ, ਹਰਿ ਨਾਹ, ਪ੍ਰਭੂ ਪਤੀ ਹੈ ਤਾਂ ਬਾਹਰ ਦੀ ਤੱਪਸ਼ ਪ੍ਰਭਾਵ ਨਹੀਂ ਪਾ ਸਕੇਗੀ। ਉਹ ਹੀ 'ਅਸਾੜ ਸੋਹੰਦਾ' ਹੋ ਜਾਏਗਾ ਜੇ ਅੰਦਰ ਨਿਮ੍ਰਤਾ ਦੀ ਮਿਠਾਸ ਤੇ ਠੰਢਕ ਹੈ। '-ਨਿ ਹਰਿ ਚਰਣ ਨਿਵਾਸ'।

**ਸਾਵਣਿ ਸਰਸੀ** ਹੈ। ਚਾਰੇ ਪਾਸੇ ਹਰਿਆਵਲ ਤੇ ਖੇੜਾ ਹੈ, ਪਰ ਜੇ ਨਜ਼ਾਰੇ ਦੇਖ ਲੁਭਾਇਮਾਨ ਨਹੀਂ ਹੋਇਆ, ਐਸ਼ਾਂ ਵਿਚ ਨਹੀਂ ਪਿਆ, ਰਸੀਆ ਹੋਇ ਨਹੀਂ ਬੈਠਾ ਸਗੋਂ ਐਸ਼ਾਂ ਨੂੰ ਛਾਰ ਕਰ ਜਾਣਿਆ ਹੈ ਅਤੇ ਖਿੜੀ ਮਉਲੀ ਕੁਦਰਤ ਵਿੱਚੋਂ ਕਾਦਰ ਦਾ ਨਜ਼ਾਰਾ ਕੀਤਾ ਹੈ ਤਾਂ ਉਸ ਨੂੰ ਵੀ ਖੇੜਾ ਮਿਲ ਜਾਏਗਾ।

ਵਣੁ ਤਿਣੁ ਪ੍ਰਭੂ ਸੰਗਿ ਮਉਲਿਆ ਹੈ। ਬਾਹਰ ਦੇ ਕ੍ਰਿਸ਼ਮੇ ਉਸ ਨੂੰ ਅੰਦਰ ਦੀ ਪੁਸ਼ਟੀ ਦੇਈ ਰੱਖਣ ਤਾਂ ਸਾਵਣਿ ਐਸਿਆਂ ਲਈ ਸੁਹਾਗਣੀ ਹੈ। ਜਿਵੇਂ ਅਨ੍ਹੇਰੇ ਵਿਚ ਬਿਜਲੀ ਬਾਹਰ ਚਮਕਦੀ ਹੈ ਤਿਵੇਂ ਇਹ ਅੰਦਰ ਪ੍ਰਭੂ ਦੀ ਹਜ਼ੂਰੀ ਦਾ ਚਾਨਣ ਤੱਕਣ ਲੱਗ ਪੈਂਦਾ ਹੈ :

ਨਿਸਿ ਦਾਮਨਿ ਜਿਉ ਚਮਕਿ ਚੰਦਾਇਣ ਦੇਖੈ।
ਅਹਿਨਿਸਿ ਜੋਤਿ ਨਿਰੰਤਰਿ ਪੇਖੈ। (ਮਾਰੂ ਮਹਲਾ ੧)

**ਭਾਦੁਇ ਭਰਮ** ਦਾ ਮਹੀਨਾ ਹੈ। ਹੁਣੇ ਬਾਰਸ਼ ਹੈ ਤੇ ਝੱਟ ਕੁ ਨੂੰ ਹੁੱਸੜ। ਕਿਧਰੇ ਮੀਂਹ ਵਰ੍ਹ ਰਿਹਾ ਹੈ ਤੇ ਕਿਧਰੇ ਸੁੱਕਾ ਹੈ। ਬੱਦਲ ਛਾ ਜਾਣ ਨਾਲ ਕਈ ਵਾਰ ਦਿਨੇ ਹੀ ਰਾਤ ਪੈ ਜਾਂਦੀ ਹੈ। ਇਤਨੀ ਹੁੱਸੜ ਹੁੰਦੀ ਹੈ ਕਿ ਜੇ ਕੋਈ ਬਣੇ ਠਣੇ ਵੀ ਤਾਂ ਕੀਤਾ ਸ਼ਿੰਗਾਰ ਟਿਕਦਾ ਹੀ ਨਹੀਂ। ਭਾਦੁਇ ਦਾ ਮਹੀਨਾ ਸੱਚਮੁੱਚ ਨਰਕ ਸਮਾਨ ਹੈ। ਨਿਰੀ ਕਾਹਲ ਹੈ ਤੇ ਪਸੀਨੇ ਛੁੱਟਦੇ ਰਹਿੰਦੇ ਹਨ, ਪਰ ਜੇ ਟਿਕ ਕੇ ਬੈਠ ਜਾਈਏ, ਹਵਾ ਝੁੱਲਦੀ ਰਵ੍ਹੇ, ਪਾਣੀ ਤੇ ਬੇੜੀ ਵਿਚ ਬੈਠ ਤਰਦੇ ਰਹੀਏ, ਰੁਮਕਦੀ ਪਵਣ ਤਸਕੀਨ ਦੇਂਦੀ ਹੈ ਤੇ ਹੁੱਸੜ ਸਤਾਂਦਾ ਨਹੀਂ ਤੇ ਨਾ ਕਾਹਲ ਪੈਂਦੀ ਹੈ। ਸੋ ਜਿਨ੍ਹਾਂ ਪ੍ਰਭੂ ਦੀ ਪਨਾਹ ਲੈ ਲਈ, ਜਹਾਜ਼ ਤੇ ਚੜ੍ਹ ਗਏ, ਉਹਨਾਂ ਨੂੰ ਨਰਕਮਈ ਜ਼ਿੰਦਗੀ ਨਹੀਂ ਮਿਲਦੀ। ਰੱਖਿਆ ਕਰਨ ਵਾਲਾ, ਪਿਆਰ ਦੇਣ ਵਾਲਾ ਗੁਰੂ ਮੌਜੂਦ ਹੈ ਤਾਂ ਜ਼ਿੰਦਗੀ ਵਿਚ ਸਾੜਾ (ਨਰਕ ਵਰਗੀ ਚੀਜ਼) ਰਹਿੰਦੀ ਹੀ ਨਹੀਂ :

ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੂ ਰਖਣ ਵਾਲਾ ਹੇਤੁ।

**ਅਸੁਨਿ** (ਅੱਸੂ) ਵਿਚ ਕੁਦਰਤੀ **ਉਮਾਹ** ਹੁੰਦਾ ਹੈ ਕਿਉਂਕਿ ਗਰਮੀ ਪਿੱਛੇ ਰਹਿ ਗਈ ਹੈ ਅਤੇ ਅੱਗੋਂ ਰੁੱਤ ਸੁਖਾਵੀਂ ਹੈ। ਇਸੇ ਉਮਾਹ ਨੂੰ ਪੁੱਠੇ ਪਾਸੇ ਨਾ ਲਗਾ ਕੇ ਪੁੱਜੇ ਪੁੱਗੇ ਤੇ ਪ੍ਰਾਪਤ ਕਰੀ ਬੈਠੇ ਪੁਰਸ਼ਾਂ ਦੀ ਸੰਗਤ ਕਰ ਪ੍ਰੇਮ ਦੀ ਜਾਚ ਸਿੱਖਣੀ ਹੈ। ਸੋ ਅੱਸੂ ਵਿਚ ਪ੍ਰੇਮ ਪਾ ਸੁਖੀ ਵੱਸਣ ਦੀ ਜਾਚ ਸਿੱਖ ਲੈਣੀ ਹੈ। ਉਮਾਹ ਵਿਚ ਭੁੱਲ ਨਹੀਂ ਬੈਠਣਾ, ਸਗੋਂ ਮਇਆ, ਕ੍ਰਿਪਾ ਲੈਣੀ ਹੈ। ਜਿਨ੍ਹਾਂ ਤੇ ਕ੍ਰਿਪਾ ਹੋ ਗਈ ਓਹ ਹੀ ਅਸਲ

ਸੁਖੀ ਹਨ :

ਅਸੁ ਸੁਖੀ ਵਸੰਦੀਆ, ਜਿਨ੍ਹਾਂ ਮਇਆ ਹਰਿ ਰਾਇ ।

**ਕਤਿਕਿ ਕਰਮ** ਦਾ ਮਹੀਨਾ ਹੈ । ਕੁਝ ਕਰਨ ਦਾ, ਬੀਜਣ ਦਾ ਹੈ, ਪਰ ਜਿਨ੍ਹਾਂ ਨੂੰ ਸੋਚ ਗੁਸੀ ਰਹਿੰਦੀ ਹੈ ਕਿ ਬੀਜ ਕਿੱਥੋਂ ਲੈਣਾ ਹੈ । ਕਾਮੇ ਕਿਧਰੇ ਘੇਸ ਨਾ ਮਾਰ ਜਾਣ, ਸਮੇਂ ਸਿਰ ਬੀਜ ਵੀ ਸਕਾਂਗਾ ਜਾਂ ਨਹੀਂ । ਜੋ ਹੋਰਾਂ ਦੇ ਸਹਾਰੇ ਤੱਕਦਾ ਰਵ੍ਹੇਗਾ ਉਸ ਦੀ ਖੇਤੀ ਬੀਜੀ ਨਹੀਂ ਜਾਣੀ । ਵੱਤ੍ਰ, ਸਮਾਂ ਅਵਾਈਂ ਗਵਾ ਦੇਵੇਗਾ ਉਸ ਦੇ ਪੱਲੇ ਕੁਝ ਨਹੀਂ ਪੈਣਾ, ਪਰ ਜੋ ਆਲਸ ਤਿਆਗ, ਅੰਮ੍ਰਿਤ ਵੇਲੇ ਖੇਤਾਂ ਵੱਲ ਚੱਲ ਪਿਆ, ਉਹ ਸਮੇਂ ਸਿਰ ਬੀਜ ਵੀ ਲਵੇਗਾ ਤੇ ਫਲ ਵੀ ਖਾਵੇਗਾ । ਇਸੇ ਤਰ੍ਹਾਂ ਸਰੀਰ ਖੇਤ ਵਿਚ ਜਿਸ ਆਲਸ ਤਜ, ਅੰਮ੍ਰਿਤ ਵੇਲੇ ਨਾਮ ਦਾ ਬੀਜ ਪਾ ਦਿੱਤਾ ਉਸ ਨੂੰ ਵਿਛੋੜੇ ਦਾ ਦੁੱਖ ਨਹੀਂ ਸਹਿਣਾ ਪਵੇਗਾ ਤੇ ਕਰਮ ਘੇਰੀ ਨਹੀਂ ਰੱਖਣਗੇ । ਵਿਅਕਤੀਆਂ ਪਿੱਛੇ ਨਹੀਂ ਨੱਸਣਾ, ਵਿਚੋਲੇ ਨਹੀਂ ਢੂੰਡਣੇ, ਸਿਰਫ ਸਾਧੂ ਦੀ ਸੰਗਤ ਹੀ ਢੂੰਡ ਭਾਲ ਕੇ ਕਰਨੀ ਹੈ :

ਕਤਿਕਿ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ ।

**'ਮੰਘਰਿ ਮਾਹਿ ਸੋਹੰਦੀਆ'** ਹੈ । ਹਰ ਇਸਤਰੀ ਪਿਰ ਸੰਗਿ ਬੈਠ ਇਹ ਮਹੀਨਾ ਗੁਜ਼ਾਰਨਾ ਚਾਹੁੰਦੀ ਹੈ, ਪਰ ਜਿਸ ਨੂੰ ਬੈਠਣਾ ਨਸੀਬ ਨਹੀਂ ਹੁੰਦਾ ਉਹ ਇਕੇਲੜੀਆਂ ਹੋ ਝੂਰਦੀ ਰਹਿੰਦੀ ਹੈ । ਸਹਿਮ ਵਿਚ ਰਹਿੰਦੀ ਹੈ । ਸੋ ਜਿਸ ਜੀਵ ਇਸਤਰੀ ਨੇ ਇਸ ਸੁਹੰਦੇ ਸਮੇਂ ਨੂੰ ਅਰਾਧਨਾ ਵਿਚ ਲਗਾ ਦਿੱਤਾ, ਯਾਦ ਨਾ ਟੁੱਟਣ ਦਿੱਤੀ, ਉਸ ਦੀ ਜਨਮ ਮਰਨ ਦੀ ਭਟਕਣਾ ਮੂਲੋਂ ਮੁੱਕ ਗਈ :

ਮੰਘਿਰ ਪ੍ਰਭੁ ਆਰਾਧਣਾ,
ਬਹੁੜਿ ਨ ਜਨਮੜੀਆਹ ।

**ਪੋਖਿ ਵਿਚ ਤੁਖਾਰਿ (ਬਰਫ਼ੀਲੀ ਠੰਡ)** ਹੋਣ ਕਾਰਨ ਖਾਣ ਪੀਣ, ਪਹਿਨਣ ਤੇ ਵਿਸ਼ਿਆਂ (ਬਿਖਿਆ) ਵੱਲ ਚਿੱਤ ਦੌੜਦਾ ਹੈ, ਪਰ ਜਿਨ੍ਹਾਂ ਨੇ ਪਤੀ ਦੇ ਮਿਲਾਪ ਦਾ ਸੁੱਖ ਪਾ ਲਿਆ ਉਨ੍ਹਾਂ ਲਈ ਇਹ ਪੋਖ ਸੋਹੰਦਾ ਹੋ ਜਾਂਦਾ ਹੈ । ਸਾਰੇ ਸੁੱਖਾਂ ਨੂੰ ਪਾਇਆ ਮਹਿਸੂਸ ਕਰਦਾ ਹੈ । ਨਾ ਹੀ ਚਿੱਤ ਵਿਚਲ ਹੁੰਦਾ ਹੈ ਤੇ ਨਾ ਸਰੀਰ ਦੀ ਤ੍ਰਿਸ਼ਨਾ ਜਾਗਦੀ ਹੈ । ਅਸਾੜ ਉਨ੍ਹਾਂ ਨੂੰ ਹੀ ਸੋਹੰਦਾ ਹੋਇਆ ਸੀ ਜਿਨ੍ਹਾਂ ਅੰਦਰ ਨਿਮਰਤਾ ਤੇ ਟਿਕਾ ਸੀ ਤੇ ਹੁਣ ਪੋਖ ਉਨ੍ਹਾਂ ਨੂੰ ਹੀ ਸੋਹੰਦਾ ਹੋਵੇਗਾ ਜਿਸ ਤੇ ਦੁਨੀਆਂ ਦੇ ਮਾਲਕ ਦੀ ਮੇਹਰ ਹੋ ਗਈ ।

ਮਾਘਿ ਚਿੰਨ੍ਹ ਹੈ, ਇਸ਼ਨਾਨ ਤੀਰਥ ਪੁੰਨ ਦਾਨ ਦਾ । ਕਰਮ ਕਾਂਡੀਆਂ ਨੇ ਇਹ ਪਰਚਾਰ ਕਰ ਰੱਖਿਆ ਹੈ ਕਿ ਖ਼ਾਸ ਸ਼ਰੇਣੀ ਨੂੰ ਖ਼ਾਸ ਥਾਂ, ਖ਼ਾਸ ਦਿਨ ਦਾਨ ਦਿੱਤਿਆਂ ਜੀਵ ਦੀ ਕਲਿਆਨ ਹੁੰਦੀ ਹੈ । ਕਰਮਾਂ ਤੋਂ ਉੱਚਾ ਕਰਨ ਵਾਲੇ ਗੁਰੂ ਜੀ ਕਹਿ ਰਹੇ ਹਨ ਕਿ ਸੁੱਚਿਆਂ ਹੋਣ ਲਈ, ਕਿਸੇ ਉਚੇਚੀ ਸ਼ਰੇਣੀ ਅਤੇ ਕਿਸੇ ਉਚੇਚੀ ਥਾਂ, ਕਿਸੇ ਉਚੇਚੇ ਦਿਨ ਦਾਨ ਦੇਣ ਦੀ ਲੋੜ ਨਹੀਂ । ਹਟਾਉਣਾ ਤਾਂ ਕਾਮ, ਕ੍ਰੋਧ ਤੇ ਕੁੱਤੇ ਵਾਂਗ

ਸਦਾ ਭਉਂਕਦੇ ਲੋਭ ਨੂੰ ਹੈ ਤੇ ਇਹ ਕਿਸੇ ਉਚੇਚੇ ਕਰਮ ਨਾਲ ਨਹੀਂ ਹਟਣਾ। ਹਟਣਗੇ ਨਿਮ੍ਰਤਾ ਧਾਰ, ਸਾਧੂ ਦੀ ਸੰਗਤ ਕੀਤਿਆਂ ਤੇ ਗੁਰੂ ਦੀ ਸਿੱਖਿਆ ਗ੍ਰਹਿਣ ਕਰਨ ਨਾਲ :

ਮਾਘਿ ਮਜਨੁ ਸੰਗਿ ਸਾਧੂਆਂ,
ਧੂੜੀ ਕਰਿ ਇਸਨਾਨੁ।

ਉਹ ਹੀ ਸੁੱਚੇ ਉੱਚੇ ਆਖੇ ਤੇ ਗਰਦਾਨੇ ਜਾਣਗੇ ਜੋ ਜਾਤ ਵਿਤਕਰੇ ਤੋਂ ਉਤਾਂਹ ਉੱਠ ਹਰ ਲੋੜਵੰਦ ਦੀ ਲੋੜ ਪੂਰੀ ਕਰਨਗੇ। **'ਸਭਨਾ ਨੋ ਕਰਿ ਦਾਨੁ।'** ਸਿੱਖੀ ਦਾ ਕਰਮ ਹੈ ਹਰ ਇਕ ਦੀ ਸੇਵਾ ਅਤੇ ਕ੍ਰਿਪਾ ਮੰਗੀ ਰੱਖਣੀ। ਸਿਧਾਂਤ ਹੈ :

ਮਾਘਿ ਸੁਚੇ ਸੇ ਕਾਂਢੀਅਹਿ, ਜਿਨ ਪੂਰਾ ਗੁਰੁ ਮਿਹਰਵਾਨੁ।

ਫਲਗੁਣਿ ਵਿਚ ਰੰਗ ਪਾ, ਖਰੂਦ ਮਚਾ, ਛੇੜ ਛਾੜ ਕਰ, ਮਨ ਮਾਨੀ ਕਰ, ਅਨੰਦ ਨਹੀਂ ਮਿਲਣਾ। ਅਨੰਦ ਮਿਲੇਗਾ ਜਦ ਹਰੀ ਦੇ ਪਿਆਰੇ ਸੰਤ ਸੱਜਣ ਦਾ ਮਿਲਾਪ ਹੋ ਜਾਏਗਾ :

ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ।

ਜਿਨ੍ਹਾਂ ਸੰਤਾਂ ਨੇ ਪਹਿਲਾਂ ਉਮਾਹ ਭਰਿਆ ਸੀ, ਪਿਆਰ ਕਰਨ ਦੀ ਜਾਚ ਸਿਖਲਾਈ ਸੀ (ਸੰਤ ਸਹਾਈ ਪ੍ਰੇਮ ਕੇ) ਹੁਣ ਉਹ ਹੀ ਵਾਹਿਗੁਰੂ ਦੇ ਮਿਲਾਪ ਦਾ ਰਾਹ ਦਿਖਲਾਉਣ ਵਾਲੇ ਬਣੇ। 'ਸੰਤ ਸਹਾਈ ਰਾਮ ਕੇ।' ਪਿਆਰ ਵੀ ਸੰਤਾਂ ਕਰਨਾ ਸਿਖਲਾਇਆ ਅਤੇ ਫਿਰ ਮਿਲਾਪ ਕਰਨ ਦੀ ਜਾਚ ਵੀ ਉਨ੍ਹਾਂ ਦੱਸੀ ਤਾਂ ਹੰਕਾਰ ਦਾ ਲੇਸ ਮਾਤਰ ਕਿੱਥੇ ਰਹਿਆ। ਅਨੰਦ ਮਿਲੇਗਾ ਜੇ ਉਸ ਦੀ ਸਿਫ਼ਤ ਸਲਾਹ ਕਰਦੇ ਰਹੀਏ, ਜਿਸ ਨੂੰ ਰਤਾ ਭਰ ਵੀ ਤਮਾ (ਲਾਲਚ) ਨਹੀਂ। ਇਹ ਬ੍ਰਾਹਮਣ, ਵਿਚੋਲਾ, ਕਰਮਕਾਂਡੀ ਤਾਂ ਲਾਲਚ ਨਾਲ ਭਰਿਆ ਹੋਇਆ ਹੈ :

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ।

ਬੱਸ ਮਿਲੇ ਸਮੇਂ (ਬਾਰਹ ਮਾਹ) ਨੂੰ ਜਿਸ ਨੇ ਯਾਦ ਵਿਚ ਲਗਾ ਦਿੱਤਾ। ਸ਼ਗਨ ਅਪਸ਼ਗਨ ਦੀ ਵਿਚਾਰ ਛੱਡ ਇਕ ਤੇ ਟੇਕ ਰੱਖੀ ਅਤੇ ਨਜ਼ਰ ਉਸ ਦੀ ਮੇਹਰ ਤੇ ਰੱਖੀ, ਉਸ ਨੂੰ ਸਫਲਤਾ ਯਕੀਨੀ ਹੈ। ਐਸੀ ਨਦਰ ਪਾਇਆਂ ਨਾ ਤਾਂ ਵਿਸ਼ਿਆਂ ਦੀ ਅੱਗ ਵਿਚ ਸੜੇਗਾ ਤੇ ਨਾ ਹੀ ਉਸ ਦਾ ਜੀਵਨ ਕੂੜ ਹੋਵੇਗਾ। ਨਾ ਹੀ ਅੰਤ ਨੂੰ ਦੁਬਿਧਾ ਸਤਾਏਗੀ। ਇਹ ਔਖਾ, ਨਾ ਤਰੇ ਜਾਣ ਵਾਲਾ ਸੰਸਾਰ ਸਹਿਲੇ ਹੀ ਤਰਿਆ ਜਾਏਗਾ।

**ਬਾਰਹ ਮਾਹ ਤੁਖਾਰੀ ਰਾਗ ਦੀ ਖ਼ਾਸ ਗੱਲ :**

ਤੁਖਾਰੀ ਰਾਗ ਦੇ ਬਾਰਹ ਮਾਹ ਵਿਚ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਸਾਗਰ ਤੋਂ ਤਰਨ ਦਾ ਰਾਹ ਹਰ ਮਾਹ, ਹਰ ਮੌਸਮ, ਹਰ ਸਾਹ, ਹਰ ਹਾਲ ਭਲਾ-ਭਲਾ ਕਹਿਣਾ ਦੱਸਿਆ ਹੈ।

ਗੁਰੂ ਨਾਨਕ ਦੇਵ ਜੀ ਦੇ ਉਚਾਰੇ ਬਾਰਹ ਮਾਹ ਨੂੰ ਗਹੁ ਨਾਲ ਪੜ੍ਹਿਆਂ ਪ੍ਰਤੀਤ ਹੋਵੇਗਾ ਕਿ ਉਨ੍ਹਾਂ ਹਰ ਮਹੀਨੇ ਦਾ ਨਾਂ ਲਿਖ ਕੇ ਅੱਗੇ ਭਲਾ ਸਹਜਿ ਜਾਂ ਪੁਨੀਤ ਪਾਇਆ ਹੈ। ਭਾਵੇਂ ਹੋਵੇ ਗਰਮੀ, ਭਾਵੇਂ ਹੋਵੇ ਸਰਦੀ, ਭਾਵੇਂ ਹੋਵੇ ਹੁੱਸੜ ਤੇ ਭਾਵੇਂ ਹੋਵੇ ਹੁਨਾਲਾ, ਭਾਵੇਂ ਹੋਏ ਵਰਖਾ ਤੇ ਭਾਵੇਂ ਲੱਗੇ ਔੜ, ਭਾਵੇਂ ਹਰ ਸ਼ਾਖ਼ ਹੋਵੇ ਹਰੀ ਤੇ ਭਾਵੇਂ ਪੱਤਝੜ, ਭਾਵੇਂ ਮੱਛਰ ਮਾਰੇ ਡੰਗ ਤੇ ਭਾਵੇਂ ਸੁੱਖਾਂ ਦੀ ਹੋਵੇ ਸੇਜ, ਬੋਲਿਆ ਭਲਾ ਭਲਾ ਹੀ ਜਾਏਗਾ।

**ਚੇਤੁ ਬਸੰਤ ਭਲਾ,** ਭਵਰ ਸੁਹਾਵੜੇ।
**ਵੈਸਾਖੁ ਭਲਾ,** ਸਾਖਾ ਵੇਸ ਕਰੇ।
**ਮਾਹੁ ਜੇਠੁ ਭਲਾ,** ਪ੍ਰੀਤਮ ਕਿਉ ਬਿਸਰੇ।
**ਆਸਾੜੁ ਭਲਾ, ਸੂਰਜੁ** ਗਗਨਿ ਤਪੈ।
**ਸਾਵਣਿ ਸਰਸ ਮਨਾ,** ਘਣ ਵਰਸਹਿ ਰੁਤਿ ਆਏ।
**ਭਾਦਉ ਜਲ ਥਲ ਨੀਰ ਭਰੇ,** ਬਰਸ ਰੁਤੇ, ਰੰਗ ਮਾਣੀ।
**ਅਸੁਨਿ : ਦਹ ਦਿਸਿ ਸਾਖ ਭਰੀ ਹਰੀਆਵਲ ਸਹਜਿ ਪਕੇ ਸੋ ਮੀਠਾ।**
**ਕਤਕਿ : ਦੀਪਕੁ ਸਹਜਿ ਬਲੈ ਤਤਿ ਜਲਾਇਆ।**
**ਮੰਘਰ ਮਾਹੁ ਭਲਾ,** ਹਰਿ ਗੁਣ ਅੰਕਿ ਸਮਾਵਏ।
ਪੋਖ : **ਦਰਸਨ ਦੇਹੁ ਦਇਆ ਪਤਿ ਦਾਤੇ,** ਗਤਿ ਪਾਵਉ ਮਤਿ ਦੇਹੋ।
**ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ।**
ਸਾਜਨ ਸਹਜਿ ਮਿਲੇ ਗੁਣ ਗਹਿ ਅੰਕ ਸਮਾਨਿਆ।
**ਫਲਗੁਨਿ ਮਨਿ ਰਹਸੀ,** ਪ੍ਰੇਮ ਸੁਭਾਇਆ।

ਅੰਤਲੇ ਬੰਦ ਵਿਚ ਗੱਲ ਮੁਕਾਂਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

**ਬੇਦਸ (ਬਾਰਹ) ਮਾਹ ਰੁਤੀ ਥਿਤੀ ਵਾਰ ਭਲੇ**
ਘੜੀ ਮੂਰਤ ਪਲ ਸਾਰੇ ਆਏ ਸਹਜਿ ਮਿਲੇ।

ਗੁਰੂ ਨਾਨਕ ਦੇਵ ਜੀ ਸਾਨੂੰ ਜੀਵਾਂ ਨੂੰ ਸਮਝਾ ਰਹੇ ਹਨ ਕਿ ਬਾਹਰਲੇ ਮਾਹੌਲ ਦਾ ਨਾਂਹ ਆਪਣੇ ਤੇ ਪ੍ਰਭਾਵ ਪੈਣ ਦੇਣਾ ਹੈ ਤੇ ਨਾ ਹੀ ਗਿਲੇ ਗੁਜ਼ਾਰੀਆਂ ਆਰੰਭ ਕਰ ਦੇਣੀਆਂ ਹਨ। ਹਰ ਵੇਲੇ ਭਲਾ-ਭਲਾ ਕਹਿੰਦੇ, ਸਹਿਜ ਵਿਚ ਟਿਕੇ ਸੇਜ ਸੁਹਾਵੀ ਮਿਲ ਜਾਏਗੀ। ਮਿਲਾਪ ਸਦਾ ਬਣਿਆ ਰਵ੍ਹੇਗਾ :

**ਨਾਨਕ ਅਹਿਨਿਸਿ ਰਾਵੈ ਪ੍ਰੀਤਮੁ,**
**ਹਰਿ ਵਰੁ ਥਿਰੁ ਸੋਹਾਗੋ।**

ਸੋ ਇਹ ਕਹਿਣਾ ਨਿਰਮੂਲ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਕਿਸੇ ਦੇ

ਕਹਿਣ ਤੇ ਕਿ ਲੋਕੀਂ ਨਵੇਂ ਮਹੀਨੇ ਦਾ ਨਾਂ ਕਿਸੇ ਭਲੇ ਪੁਰਸ਼ ਕੋਲੋਂ ਸੁਣਦੇ ਹਨ, ਸੋ ਤੁਸੀਂ ਵੀ ਬਾਰਹ ਮਾਹ ਉਚਾਰ ਦਿਓ।

ਗੁਰੂ ਨਾਨਕ ਦੇਵ ਜੀ ਦੇ ਤੁਖਾਰੀ ਰਾਗ ਵਿਚ ਬਾਰਹ ਮਾਹ ਹੋਣ ਤੇ ਇਸ ਸਾਖੀ ਘੜਣ ਦੀ ਕੋਈ ਲੋੜ ਨਹੀਂ ਸੀ। ਫਿਰ ਚੇਤੇ ਰੱਖਣ ਵਾਲੀ ਗੱਲ ਹੈ ਕਿ ਸੰਗ੍ਰਾਂਦ ਦਾ ਸ਼ਬਦ ਹੀ ਗੁਰੂ ਗਰੰਥ ਸਾਹਿਬ ਵਿਚ ਨਹੀਂ ਹੈ। ਲੱਗਦਾ ਇੰਝ ਹੈ ਕਿ ਇਸਲਾਮੀ ਰਾਜ ਆਉਣ ਨਾਲ, ਸੂਰਜ ਨਾਲ ਲੱਗਦੇ ਦਿਨਾਂ ਨੂੰ ਮਨਾਉਣ ਤੇ ਇਕੱਠ ਕਰਨ ਦੀ ਮਨਾਹੀ ਕਰ ਦਿੱਤੀ ਗਈ ਸੀ। ਸਿੱਖਾਂ ਨੇ ਸ਼ਾਹੀ ਹੁਕਮਾਂ ਦੇ ਉਲਟ ਚੱਲਣ ਦਾ ਨਿਰਣਾ ਲੈ ਲਿਆ ਤੇ ਸੰਗ੍ਰਾਂਦ ਨੂੰ ਇਕੱਠ ਕਰਨੇ ਆਰੰਭ ਕਰ ਦਿੱਤੇ। **ਇਸ ਦਾ ਸੰਬੰਧ ਕਿਸੇ ਸੂਰਜ ਨਾਲ ਜੋੜਨ ਨਾਲੋਂ ਅੜ ਖਲੋਣ ਦਾ ਚਿੰਨ੍ਹ ਸਮਝਣਾ ਚਾਹੀਦਾ ਹੈ।** ਜਿਵੇਂ ਸਮੇਂ ਦੀ ਹਕੂਮਤ ਨੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਦੀ ਪਾਬੰਦੀ ਲਗਾਈ ਤਾਂ ਸਿੱਖਾਂ ਜਾਨਾਂ ਤੇ ਖੇਡ ਕੇ ਵੀ ਸ੍ਰੀ ਅੰਮ੍ਰਿਤਸਰ ਪੁੱਜਣਾ, ਧਰਮ ਬਣਾ ਲਿਆ। ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਆਪਣੀ ਨਿੱਤ ਦੀ ਅਰਦਾਸ ਦਾ ਹਿੱਸਾ ਬਣਾ ਲਿਆ। ਇਹ ਤੁਕ ਸਾਡੇ ਬੀਤੇ ਦੇ ਇਤਿਹਾਸ ਨੂੰ ਸਾਂਭੀ ਬੈਠੀ ਹੈ।

ਭਾਈ ਨੰਦ ਲਾਲ ਜੀ ਨੇ ਜ਼ਿੰਦਗੀ-ਨਾਮਾ ਵਿਚ ਲਿਖਿਆ ਹੈ ਕਿ ਜੁੰਮੇ (ਸ਼ੁੱਕਰਵਾਰ) ਵਾਲੇ ਦਿਨ ਭਲੇ ਪ੍ਰਹੇਜ਼ਗਾਰ ਮੁਸਲਮਾਨ ਰੱਬ ਦੀ ਨਮਾਜ਼ ਲਈ ਇਕੱਠੇ ਹੁੰਦੇ ਹਨ। ਤਿਵੇਂ ਸਾਡੇ ਧਰਮ ਵਿਚ ਵੀ ਸਾਧ ਸੰਗਤ ਵਿਚ ਜੁੜਨ ਦਾ ਰਿਵਾਜ ਪੈ ਗਿਆ ਹੈ। ਮਹੀਨੇ ਵਿਚ ਦੋ ਵਾਰ ਉਸ ਪਰਵਰਦਗਾਰ ਦੀ ਉਚੇਚੀ ਯਾਦ ਲਈ ਇਕੱਠੇ ਹੁੰਦੇ ਹਨ।

ਪਹਿਲਾਂ ੧੯ਵੇਂ ਸ਼ੇਅਰ ਵਿਚ ਭਾਈ ਸਾਹਿਬ ਲਿਖਦੇ ਹਨ :

ਰੂਜ਼ਿ ਜੁਮਆ ਮੋਮਨਾਨਿ ਪਾਕਬਾਜ਼।
ਗਿਰਦ ਮੀ ਆਇੰਦ, ਅਜ਼ ਬਹਿਰਿ ਨਿਮਾਜ਼।੧੯।

(ਸ਼ੁੱਕਰਵਾਰ ਵਾਲੇ ਦਿਨ ਪਾਕ ਪਰਹੇਜ਼ਗਾਰ ਮੁਸਲਮਾਨ ਰੱਬ ਦੀ ਨਮਾਜ਼ ਲਈ ਇਕੱਠੇ ਹੁੰਦੇ ਹਨ)

ਇਸੇ ਤਰ੍ਹਾਂ ਸਾਡੇ ਧਰਮ ਵਿਚ ਰੱਬ ਦੇ ਪਿਆਰੇ, ਸਾਧ ਸੰਗਤ ਵਿਚ ਜੁੜਦੇ ਹਨ ਅਤੇ ਵਾਹਿਗੁਰੂ ਦੇ ਪ੍ਰੇਮ ਵਿਚ ਰੰਗ ਮਾਣਦੇ ਹਨ :

ਹਮ ਚੁਨਾ ਦਰ ਮਜ਼ਹਬਿ ਮਹ ਸਾਧ ਸੰਗ।
ਕਜ਼ ਮਹਬਤ ਬਾ ਖੁਦਾ ਦਾਰੰਦ ਰੰਗ।੨੦।

ਫਿਰ ਅਗਲੇ ਹੀ ਸ਼ੇਅਰ ਵਿਚ ਭਾਈ ਸਾਹਿਬ ਕਹਿੰਦੇ ਹਨ ਕਿ ਮਹੀਨੇ ਵਿਚ ਦੋ ਵਾਰ ਉਸ ਪਰਵਰਦਗਾਰ ਦੀ ਉਚੇਚੀ ਯਾਦ ਲਈ ਗੁਰੂ ਦੇ ਸਿੱਖ ਇਕੱਠੇ ਹੁੰਦੇ ਹਨ। ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਦੋ ਵਾਰ ਸੰਗ੍ਰਾਂਦ ਤੇ ਮੱਸਿਆ ਹੀ ਹੈ :

ਗਿਰਦ ਮੀ ਆਇੰਦ ਦਰ ਮਾਹੇ ਦੋ ਬਾਰ।
ਬਹਿਰਿ ਜ਼ਿਕਰਿ ਖਾਸਾਇ ਪਰਵਰਦਗਾਰ।੨੧।

ਅੱਗੋਂ ਸਾਧ ਸੰਗਤ ਦੀ ਉਪਮਾ ਕੀਤੀ ਹੈ ਤੇ ਦੱਸਿਆ ਹੈ ਕਿ ਉਹ ਹੀ ਸਤਿ ਸੰਗ ਸੁਭਾਗਾ ਹੈ ਜੋ ਰੱਬ ਲਈ ਹੋਵੇ। ਜੋ ਮਨ ਦੀਆਂ ਬਲਾਵਾਂ ਦੂਰ ਕਰਨ ਲਈ ਹੋਵੇ। ਜਿਸ ਦੀ ਨੀਂਹ ਸਤ ਦੀ ਹੋਵੇ ਅਤੇ ਐਸੇ ਇਕੱਠ ਤੋਂ ਬਚੋ ਜਿੱਥੇ ਜਾਣ ਤੋਂ ਬਾਅਦ ਪਛਤਾਵਾ ਹੁੰਦਾ ਹੋਵੇ ਤੇ ਜਿੱਥੇ ਸ਼ੈਤਾਨੀ ਕਰਮ ਹੁੰਦੇ ਹੋਣ।

★

## ੫

# ਬਾਰਹ ਮਾਹ ਮਾਝ

੧ ੴ ਸਤਿਗੁਰ ਪ੍ਰਸਾਦਿ ॥

ਬਾਰਹ ਮਾਹ, ਮਾਂਝ ਮਹਲਾ ੫ ਘਰੁ ੪ ॥

ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ ॥
ਚਾਰਿ ਕੁੰਟ ਦਹ ਦਿਸ ਭ੍ਰਮੇ, ਥਕਿ ਆਏ ਪ੍ਰਭ ਕੀ ਸਾਮ ॥
ਧੇਨੁ ਦੁਧੈ ਤੇ ਬਾਹਰੀ, ਕਿਤੈ ਨ ਆਵੈ ਕਾਮ ॥
ਜਲ ਬਿਨੁ ਸਾਖ ਕੁਮਲਾਵਤੀ, ਉਪਜਹਿ ਨਾਹੀ ਦਾਮ ॥
ਹਰਿ ਨਾਹ ਨ ਮਿਲੀਐ ਸਾਜਨੈ, ਕਤ ਪਾਈਐ ਬਿਸਰਾਮ ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ ॥
ਸ੍ਰਬ ਸੀਗਾਰ ਤੰਬੋਲ ਰਸ, ਸਣੁ ਦੇਹੀ ਸਭ ਖਾਮ ॥
ਪ੍ਰਭੂ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ ॥
ਨਾਨਕ ਕੀ ਬੇਨੰਤੀਆ, ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ, ਜਿਸ ਕਾ ਨਿਹਚਲ ਧਾਮ ॥੧॥

—ਬਾਰਹ ਮਾਹ ਗੁਰੂ ਗਰੰਥ ਸਾਹਿਬ ਦੇ ਪੰਨਾ ੧੩੩ ਤੋਂ ੧੩੬ ਤਕ ਹੈ ।

**ਸਾਰ**—ਕਿਰਤ ਤੇ ਕਰਮ ਨੇ ਵਿਛੋੜਾ ਪਾਇਆ । ਹੁਣ ਮੇਹਰ ਕਰ ਕੇ ਜੇ ਜੀਵਨ ਦੀ ਦਾਤ ਦਿੱਤੀ ਜੇ ਤਾਂ ਜੀਵਨ ਦਾ ਮਕਸਦ ਵੀ ਦੱਸੋ ਅਤੇ **ਕਰਣੀ ਕੀਰਤਿ** ਵਿਚ ਲਗਾਓ ਕਿਉਂਕਿ ਕਿਰਤਿ ਕਰਮ ਨੇ ਤਾਂ ਫਿਰ ਵਿਛੋੜਾ ਪਾ ਦੇਣਾ ਹੈ । ਕਿਰਪਾ ਹੋਵੇ ਤਾਂ ਹੀ ਸੋਝੀ ਆਉਂਦੀ ਹੈ ਕਿ ਨਾ ਮਿਲਾਪ ਹੋਣ ਕਾਰਨ ਭਟਕਣਾ ਹੈ । ਨਾ ਮਿਲਾਪ ਹੋਣ

ਕਾਰਨ ਹਰ ਚੀਜ਼ ਹੀ ਖਾਣ ਨੂੰ ਦੋੜਦੀ ਹੈ । ਐਸਾ ਪੱਕਾ ਟਿਕਾਣਾ (ਨਿਹਚਲ ਧਾਮ) ਬਖ਼ਸ਼ੋ ਤਾਂ ਕਿ ਭਟਕਣਾ ਮੂਲੋਂ ਹੀ ਮੁੱਕ ਜਾਏ ।

**ਵਿਸਥਾਰ**—ਆਪਣੇ ਜਤਨ (ਕਿਰਤਿ) ਅਤੇ ਸ਼ਾਸਤ੍ਰਾਂ ਦੇ ਦ੍ਰਿੜਾਏ ਕਰਮ ਤੇ ਆਸ ਰੱਖ ਕੇ ਦੇਖ ਲਿਆ ਕਿ ਵਿਛੋੜਾ ਹੀ ਪੱਲੇ ਪਿਆ । ਹੁਣ ਮੇਹਰ ਕਰ ਕੇ ਵਿਛੋੜਾ ਤੋੜੋ ਤੇ ਮਿਲਾਪ ਬਖ਼ਸ਼ੋ । ਚਾਰੇ ਤਰਫ਼ਾਂ ਦੇ ਦੱਸੇ ਦਿਸ਼ਾਵਾਂ ਭਟਕ, ਕਦੇ ਇਧਰ ਤੇ ਕਦੇ ਉਧਰ ਭਵਦੇ ਰਹੇ । ਹੁਣ ਹਾਰ ਹੁਟ ਕੇ ਆਪ ਜੀ ਦੀ ਛਾਂ ਤੱਕੀ ਹੈ ।

ਛਾਂ ਬੈਠੇ ਤੇ ਸ਼ਰਨ ਆਇਆਂ ਹੀ ਸੋਝੀ ਮਿਲ ਗਈ ਕਿ ਜਿਵੇਂ ਗਾਂ ਕਿਸੇ ਕੰਮ ਦੀ ਨਹੀਂ ਜੇ ਉਹ ਦੁੱਧ ਨਹੀਂ ਦੇਂਦੀ, ਸਾਖ ਮੁਰਝਾ ਸੁੱਕ ਜਾਂਦੀ ਹੈ ਜੇ ਜਲ ਨਾਂਹ ਮਿਲੇ ਤੇ ਜਲ ਨਾ ਮਿਲਣ ਕਾਰਨ ਨਾ ਟਹਿਣੀ ਨੂੰ ਫੁੱਲ ਲੱਗਦਾ ਹੈ ਤੇ ਨਾ ਹੀ ਕੋਈ ਮੁੱਲ ਪੈਂਦਾ ਹੈ । ਤਿਵੇਂ ਜੇ ਜੀਵਨ ਕਿਸੇ ਦੇ ਕੰਮ ਨਹੀਂ ਆਇਆ ਤੇ ਨਾਮ ਜਲ ਨਾਲ ਨਹੀਂ ਸਿੰਚਿਆ ਤਾਂ ਸੜਦਾ ਭੁੱਜਦਾ ਹੀ ਰਵ੍ਹੇਗਾ ਤੇ ਨ ਕੋਮਲਤਾ ਆਵੇਗੀ ਤੇ ਨਾਹ ਕਿਸੇ ਦਾ ਕੁਝ ਸਵਾਰ ਸਕੇਗਾ ।

ਜੀਵ ਨੂੰ ਜੇ ਪਤੀ ਪ੍ਰਮਾਤਮਾ ਵਰਗਾ ਮਿੱਤ੍ਰ ਨਹੀਂ ਮਿਲਿਆ ਤਾਂ ਕਿੱਥੋਂ ਟਿਕਾ ਪਾ ਸਕੇਂਗਾ । ਜਿਵੇਂ ਉਸ ਔਰਤ ਨੂੰ ਆਪਾ (ਘਰ) ਗ੍ਰਾਂ ਤੇ ਸ਼ਹਿਰ ਖਾਣ ਨੂੰ ਦੋੜਦਾ ਹੈ ਜਿਸ ਦਾ ਪਤੀ ਪਾਸ ਨਹੀਂ ਵੱਸਦਾ । ਪਤੀ ਪਾਸ ਨਹੀਂ ਤਾਂ ਸਾਰੇ ਬਣਾਉ ਸ਼ਿੰਗਾਰ, ਖਾਂਦੇ ਪਾਨਾਂ ਦੇ ਬੀੜੇ ਤੇ ਉਸ ਨਾਲ ਚੜ੍ਹੇ ਰੰਗ ਤੇ ਮਹਿਕਾਂ ਜੋ ਸਰੀਰ ਨੂੰ ਮਿਲਦੀਆਂ ਹਨ ਕਿਸੇ ਕੰਮ ਦੀਆਂ ਨਹੀਂ । ਤਿਵੇਂ ਨੇੜੇ ਦੇ ਮਿੱਤ੍ਰ ਤੇ ਗੂੜ੍ਹੇ ਸਾਥੀ ਵੀ ਜਮ ਰੂਪ ਹੀ ਲੱਗਦੇ ਹਨ ਜੇ ਸਿਰ ਤੇ ਸਾਈਂ ਦਾ ਸਾਇਆ ਨਹੀਂ ।

ਇਸ ਲਈ ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਬੜੀ ਅਧੀਨਗੀ ਨਾਲ ਬੇਨਤੀ ਕਰਦੇ ਹਨ ਕਿ ਮੇਹਰ ਕਰ ਕੇ ਸਾਕਾਰ ਹਜ਼ੂਰੀ ਬਖ਼ਸ਼ੋ ਜਿੱਥੋਂ ਮੈਨੂੰ ਸਿਰਫ਼ ਆਪ ਜੀ ਤੋਂ ਸਿਵਾ ਹੋਰ ਕੋਈ ਨਜ਼ਰੀਂ ਨਾ ਆਵੇ । ਤੁਹਾਡੀ ਹਜ਼ੂਰੀ ਦਾ ਅਨੰਦ ਮਾਣਦਾ ਰਵ੍ਹਾਂ ਤੇ ਮੇਰਾ ਅੰਦਰਲਾ ਪੂਰਨ ਟਿਕਾ ਪਾ ਲਵੇ ।੧।

**ਸ਼ਬਦ ਭਾਵ :**

**ਕਿਰਤਿ**—ਆਪਣਾ ਜਤਨ (Individual Act)

**ਕਰਮ**—ਮਿਥੇ ਸ਼ਾਸਤ੍ਰਾਂ ਦੇ ਕਰਮ ਕਰਣੇ ਤੇ ਫਿਰ ਆਸ ਰੱਖਣੀ । ਇਸ ਦੇ ਉਲਟ ਗੁਰਬਾਣੀ ਵਿਚ **'ਕਰਣੀ ਕੀਰਤਿ'** ਹੈ ।

**ਚਾਰਿ ਕੁੰਟ**—ਚਾਰੇ ਤਰਫ਼ਾਂ ।

**ਦਹਦਿਸ**—ਦਸ ਦਿਸ਼ਾਵਾਂ—ਪੂਰਬ, ਪੱਛਮ, ਉੱਤਰ, ਦੱਖਣ ਚਾਰ ਨੁੱਕਰਾਂ ਤੇ ਹੇਠਾਂ ਉਤਾਂਹ ਦੋ ਤਰਫ਼ਾਂ ।

**ਸਾਮ**—ਪਨਾਹ । ਛਾਂ (Fold)

ਧੇਨੁ—ਗਾਂ। ਕਿਤੇ ਨਾ ਆਵੇ ਕਾਮ ਕਹਿਣ ਦਾ ਭਾਵ ਹੈ ਕਿ ਮੱਝਾਂ ਜੇ ਦੁੱਧ ਨਾ ਦੇਣ ਤਾਂ ਪਿੰਡ ਵਿਚ ਹਲ ਅੱਗੇ ਲਗਾ ਜੋਅ ਲੈਂਦੇ ਹਨ, ਪਰ ਗਾਂ ਜੇ ਦੁੱਧ ਨਾ ਦੇਵੇ ਤਾਂ ਹੋਰ ਕਿਸੇ ਕੰਮ ਨਹੀਂ ਆਉਂਦੀ।

ਸਾਖ—ਵੇਲ, ਟਹਣੀ।

ਉਪਜਹਿ ਨਾਹੀ ਦਾਮ—ਫਲਦਾ ਫੁੱਲਦਾ ਨਹੀਂ। ਕੌਡੀ ਵੱਟਕ ਨਹੀਂ ਹੁੰਦੀ।

ਨਾਹ—ਪਤੀ।

ਕਤ—ਕਦੇ ਵੀ ਨਾਹ।

ਭਠਿ—ਸੜ ਜਾਏ। (Cursed be)

ਤੰਬੋਲ ਰਸ—ਪਾਨ ਖਾਣ ਨਾਲ ਜੋ ਰੰਗ ਚੜ੍ਹਦਾ ਤੇ ਮਹਿਕ ਖਿੱਲਰਦੀ ਹੈ।

ਸਣੁ—ਸਮੇਤ।

ਖਾਮ—ਕੱਚਾ। ਨਾਸਵੰਤ (No Worth)

ਕੰਤ ਵਿਹੂਣੀਆ—ਪਤੀ ਤੋਂ ਵਾਂਝੀਆਂ।

ਜਾਮ—ਮੌਤ ਦੇ ਰੂਪ।

ਨਾਮੁ—ਸਾਕਾਰ ਹਜ਼ੂਰੀ (Living Presence)

ਨਾਮ ਜਲ ਵੀ ਹੈ ਤੇ ਦੁੱਧ ਵੀ। ਦੁੱਧ ਪਰਉਪਕਾਰ ਦਾ ਚਿੰਨ੍ਹ ਹੈ ਤੇ ਜਲ ਆਤਮਕ ਜੀਵਨ ਦਾ ਚਿੰਨ੍ਹ ਹੈ ਜਿਸ ਤੇ ਮਿਲਦੇ ਰਿਹਾਂ ਫਲ ਲੱਗਦਾ ਹੈ। ਕਿਰਤਿ ਵਿਚ ਸਦਾ ਆਪਣਾ ਖ਼ਿਆਲ ਹੁੰਦਾ ਹੈ ਤੇ ਕਰਮ ਵਿਚ ਦੂਜੇ ਤੇ ਟੇਕ ਅਤੇ ਆਸ ਹੁੰਦੀ ਹੈ। ਨਾਮ ਮਿਲਿਆਂ ਵਾਹਿਗੁਰੂ ਦੀ ਗੋਦ ਵਿਚ ਹੋਈਦਾ ਹੈ, ਹਜ਼ੂਰੀ ਦਾ ਅਨੰਦ ਮਿਲਦਾ ਰਹਿੰਦਾ ਹੈ।

ਨਿਹਚਲ ਧਾਮ—ਪੱਕਾ ਟਿਕਾਣਾ। ਪੂਰਨ ਟਿਕਾ। ਸਦਾ ਅਨੰਦ। (Abode Everlasting)

---

## ਚੇਤਿ

ਚੇਤ ਗੋਵਿੰਦੁ ਅਰਾਧੀਐ, ਹੋਵੈ ਅਨੰਦੁ ਘਣਾ॥
ਸੰਤ ਜਨਾ ਮਿਲਿ ਪਾਈਐ, ਰਸਨਾ ਨਾਮੁ ਭਣਾ॥
ਜਿਨਿ ਪਾਇਆ ਪ੍ਰਭੁ ਆਪਣਾ, ਆਏ ਤਿਸਹਿ ਗਣਾ॥
ਇਕੁ ਖਿਨੁ ਤਿਸੁ ਬਿਨੁ ਜੀਵਣਾ, ਬਿਰਥਾ ਜਨਮੁ ਜਣਾ॥
ਜਲਿ ਥਲਿ ਮਹੀਅਲਿ ਪੂਰਿਆ, ਰਵਿਆ ਵਿਚਿ ਵਣਾ॥

ਸੋ ਪ੍ਰਭੁ ਚਿਤਿ ਨ ਆਵਈ, ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ, ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੁ ਤਿਸ ਕੈ ਪਾਇ ਲਗਾ ॥੨॥

**ਸਾਰ**—ਚੇਤ ਬੜੀ ਖ਼ਬਰਦਾਰੀ ਤੇ ਇੰਤਜ਼ਾਰੀ ਦਾ ਮਹੀਨਾ ਹੈ। ਖ਼ਬਰਦਾਰੀ, ਚੌਕਸੀ ਇਸ ਲਈ ਕਿ ਪੱਕੀ ਫ਼ਸਲ ਨੂੰ ਪਸ਼ੂ ਮੂੰਹ ਮਾਰ, ਪੰਛੀ ਦਾਣਾ ਖਿਲੇਰ ਉਜਾੜ ਹੀ ਨਾ ਦੇਣ। ਇੰਤਜ਼ਾਰ ਇਹ ਹੁੰਦੀ ਹੈ ਕਦ ਫ਼ਸਲ ਘਰ ਆਏ ਤੇ ਦਲਿੱਦਰ ਨਿਕਲੇ, ਰਿਣ ਲੱਥਣ। ਸੋ ਕੁਦਰਤੀ ਹੈ ਕਿ ਮਨੁੱਖ ਵਹਿਮਾਂ ਵਿਚ ਪੈ ਜਾਏਗਾ।

ਗੁਰੂ ਜੀ ਚੇਤਿ ਦੇ ਮਹੀਨੇ ਨੂੰ ਲੈ ਕੇ ਕਹਿੰਦੇ ਹਨ ਕਿ ਪ੍ਰਭੂ ਦੀ ਯਾਦ ਨਾ ਵਿੱਸਰਨ ਦੇਣ ਨਾਲ, ਧਰਤੀ ਦੇ ਮਾਲਕ ਨੂੰ ਚੇਤੇ ਰੱਖਣ ਨਾਲ, ਖ਼ੁਸ਼ੀਆਂ ਅਵੱਸ਼ ਤੇ ਘਣੇਰੀਆਂ ਹਨ। ਪੁੱਗੇ ਤੇ ਪੁੱਜੇ ਹੋਏ ਪੁਰਸ਼ ਜੇ ਮਿਲ ਜਾਣ ਤਾਂ ਆਪ-ਮੁਹਾਰੇ ਰਸਨਾ ਜੱਪਣ ਲੱਗ ਪੈਂਦੀ ਹੈ। ਉਸ ਨੂੰ ਜੱਪਣ ਦਾ ਸਦਕਾ ਹਜ਼ੂਰੀ ਦਾ ਆਨੰਦ ਮਿਲਦਾ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਜਿਸ ਦੇ ਕਾਰਨ ਹਰ ਸ਼ੈ ਵਿਚ ਹਰਿਆਵਲੀ ਹੈ ਉਸ ਨੂੰ ਇਹ ਜੀਵ ਯਾਦ ਕਿਉਂ ਨਹੀਂ ਕਰਦਾ ? ਇਸ ਦਾ ਕਾਰਨ ਇਹ ਲੱਗਦਾ ਹੈ ਕਿ ਇਸ ਪਾਸ ਹਰ ਵਿਚ ਹਰੀ ਨੂੰ ਦੇਖਣ ਦੀ ਅੱਖ ਨਹੀਂ ਤੇ ਬਗ਼ੈਰ ਦੇਖੇ ਮਿਲਣ ਦੀ ਸਿੱਕ ਪੈਦਾ ਨਹੀਂ ਹੁੰਦੀ। ਇਹ ਹੀ ਬੇਨਤੀ ਹੈ ਕਿ ਐਸਿਆਂ ਦੀ ਸੰਗਤ ਬਖ਼ਸ਼ੋ ਜੋ ਹਰ ਥਾਂ ਵਿਚਰ ਰਹੇ ਦਾ ਦੀਦਾਰ ਕਰਾ ਦੇਵੇ।

**ਵਿਸਥਾਰ**—ਚੇਤ ਚੜ੍ਹੇ ਧਰਤੀ ਦੇ ਮਾਲਕ (ਗੋਵਿੰਦ) ਨੂੰ ਦਿਲੋਂ ਯਾਦ ਕਰੋ, ਇਸੇ ਨੇ ਹੀ ਬੇਥਹਾ ਖ਼ੁਸ਼ੀ ਲਿਆਉਣੀ ਹੈ। ਇਹ ਆਪਣੇ ਆਪ ਦਿਲੋਂ ਜੱਪਣਾ ਅਰੰਭ ਨਹੀਂ ਹੋ ਜਾਣਾ। ਜੇ ਪੁੱਜੇ ਪੁੱਗੇ ਮਹਾਂਪੁਰਸ਼ (ਸੰਤ ਜਨਾ) ਦੀ ਸੰਗਤ ਮਿਲ ਜਾਏ ਤਾਂ ਜ਼ਬਾਨ ਉਸ ਦੀ ਗੁਣ ਗਾਣਾ ਅਰੰਭ ਕਰ ਦੇਂਦੀ ਹੈ। "ਰਸਨਾ ਨਾਮੁ ਭਣਾ"। ਪਹਿਲਾਂ ਰਸਨਾ ਉਸ ਦੇ ਪ੍ਰਤੱਖ ਗੁਣ ਗਾਏਗੀ ਤਾਂ ਹੀ ਹਿਰਦੇ ਵਿਚ ਵਿਸ਼ਵਾਸ ਆਏਗਾ ਤੇ ਉਸ ਦੀ ਹਜ਼ੂਰੀ ਦਾ ਆਨੰਦ ਮਿਲੇਗਾ। ਅਸਲ ਵਿਚ ਉਸੇ ਨੂੰ ਸੰਸਾਰ ਤੇ ਆਇਆ ਗਿਣੋਂ ਜਿਸ ਨੇ ਪ੍ਰਭੂ ਨੂੰ ਆਪਣਾ ਕਰ ਜਾਣ ਲਿਆ। ਜੀਵਨ ਦਾ ਮਕਸਦ ਉਸੇ ਨੇ ਪਾਇਆ ਜਿਸ ਦਾ ਪ੍ਰਭੂ ਨਾਲ ਨਾਤਾ ਜੁੜ ਗਿਆ। ਦਿਲਾ ! ਇਹ ਯਕੀਨ ਜਾਣ ਕਿ ਇਕ ਪਲ ਵੀ ਜੋ ਉਸ ਤੋਂ ਬਗ਼ੈਰ ਰਹਿਣਾ ਹੈ ਜਨਮ ਨੂੰ ਗਵਾਵਣਾ ਹੈ। ਜ਼ਰਾ ਗਹੁ ਨਾਲ ਤੱਕੋਂ ਤਾਂ ਤੈਨੂੰ ਦਿਸੇ ਕਿ ਕੁਦਰਤ, ਧਰਤ, ਸਾਗਰ, ਪੁਲਾੜ, ਸਿਆਰਿਆਂ ਤੇ ਵਣਾਂ ਵਿਚ ਵਾਹਿਗੁਰੂ ਹੀ ਉਛਾਲੇ ਮਾਰ ਰਹਿਆ ਹੈ। ਉਸ ਕਰ ਕੇ ਹੀ ਸਾਰੀ ਬਨਸਪਤੀ ਹਰੀ ਹੈ ਤੇ ਇਹ ਨਜ਼ਾਮ ਟੁਰ ਰਿਹਾ ਹੈ। ਸੋ ਕਿਤਨਾ ਦੁੱਖ ਹੋਣਾ ਚਾਹੀਦਾ ਹੈ, ਕਿਤਨੀ ਪੀੜਾ ਉਪਜਣੀ ਚਾਹੀਦੀ ਹੈ ਜੇ ਮਨੁੱਖੀ ਹਿਰਦਾ ਉਸ ਤੋਂ ਖ਼ਾਲੀ ਹੋਵੇ। ਵਾਹਿਗੁਰੂ ਮਨੁੱਖੀ ਹਿਰਦੇ ਵਿਚ ਨਾ ਹੋਵੇ। ਇਹ ਮਨੁੱਖ ਤਾਂ ਵਾਹਿਗੁਰੂ ਦੀ ਸਭ ਤੋਂ ਉੱਤਮ ਕਿਰਤ ਹੈ। ਇਹ ਕਿਉਂ

ਉਸ ਤੋਂ ਖ਼ਾਲੀ ਹੈ, ਪਰ ਐਸਿਆਂ ਭਾਗਾਂ ਵਾਲਿਆਂ ਦੀ ਖ਼ੁਸ਼ ਕਿਸਮਤੀ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਜੋ ਉਸ ਦੀ ਹਜ਼ੂਰੀ ਵਿਚ ਰਹਿੰਦੇ ਹਨ।

ਗੁਰੂ ਅਰਜਨ ਦੇਵ ਜੀ, ਨਾਨਕ ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਮੈਂ ਉਸ ਦੇ ਦਰਸ਼ਨ ਦੀ ਤਾਂਘ ਨਾਲ ਅੰਦਰੋਂ ਤਰਸ ਰਿਹਾ ਹਾਂ, ਸੋ ਜੋ ਕੋਈ ਉਸ ਦਾ ਦੀਦਾਰ ਕਰਾ ਦੇਵੇ, ਮੈਂ ਉਸ ਦੇ ਚਰਨ ਹੀ ਨਾ ਛੱਡਾਂ ਕਿਉਂਕਿ ਉਸ ਨੇ ਹੀ ਮੇਰੀ ਚੇਤਿ ਦੇ ਮਹੀਨੇ ਇੰਤਜ਼ਾਰ ਮੁਕਾਈ ਹੈ ਤੇ ਸਹਿਮ ਦੂਰ ਕੀਤੇ ਹਨ।

ਦਰਸ਼ਨ ਤੋਂ ਤ੍ਰੇਹ ਲੱਗਣੀ ਕੁਦਰਤੀ ਹੈ। ਜਦ ਉਸ ਦੀ ਝੱਲਕ ਹਰ ਸ਼ੈ ਵਿਚ ਦੇਖ ਲਈ ਤਾਂ ਮਿਲਣ ਲਈ ਤੜਪ ਪੈਦਾ ਹੋ ਜਾਣੀ ਸੁਭਾਵਕ ਹੈ। ਪਹਿਲਾਂ ਸੰਤ ਜਨਾ ਨੇ ਰਸਨਾ ਨਾਲ ਗੁਣ ਗਾਉਣ ਦੀ ਜਾਚ ਦੱਸੀ। ਉਸ ਦੇ ਗੁਣ ਗਾਂਦੇ ਦਰਸ਼ਨ ਦੀ ਪਿਆਸ ਉਪਜੀ ਤੇ ਫਿਰ ਮਹਾਂਪੁਰਸ਼ਾਂ ਨੇ ਹੀ ਦਰਸਾ ਦਿੱਤਾ ਕਿ ਉਹ ਤਾਂ ਹਿਰਦੇ ਬੈਠਾ ਹੈ।੨।

**ਸ਼ਬਦ ਭਾਵ :**

ਚੇਤਿ—ਸੁਚੇਤੀ ਤੇ ਉਡੀਕ ਦਾ ਮਹੀਨਾ ਹੈ। ਬੜੀ ਖ਼ਬਰਦਾਰੀ ਕਰਨੀ ਪੈਂਦੀ ਹੈ ਤੇ ਇੰਤਜ਼ਾਰ ਹੁੰਦੀ ਹੈ, ਘਰ ਫ਼ਸਲ ਆਉਣ ਦਾ। (Watchful Waitings)

ਗੋਵਿੰਦੁ—ਧਰਤੀ ਦਾ ਪਾਲਣਹਾਰਾ। ਫ਼ਾਨੀ ਦੁਨੀਆਂ ਦਾ ਮਾਲਕ (Lord of Chequered Earth)

ਗੋਵਿੰਦ ਅਰਾਧਨਾ ਨਾਲ ਇਵੇਂ ਚੈਨ, ਬੇਅੰਤ ਖ਼ੁਸ਼ੀ ਮਿਲਦੀ ਹੈ ਜਿਵੇਂ ਬੱਦਲ ਤੋਂ ਧਰਤੀ ਨੂੰ ਆਰਾਮ ਮਿਲਦਾ ਹੈ :

ਘਨੁ ਗਰਜਤ ਗੋਬਿੰਦ ਰੂਪ।<br>
ਗੁਨ ਗਾਵਣ ਸੁਖ ਚੈਨ। (ਮਲਾਰ ਮ: ੫)

ਅਰਾਧੀਐ—ਦਿਲੋਂ ਯਾਦ ਕਰਨਾ। (Heart's Worship)

ਅਨੰਦਘਣਾ—ਬੇਬਹਾ ਖ਼ੁਸ਼ੀ। (Exceeding Joy)

ਸੰਤਜਨ—ਪੁੱਜੇ-ਪੁੱਗੇ-ਪੁਰਸ਼।

ਰਸਨਾ ਨਾਮੁ ਭਣਾ—ਉਸ ਦੀ ਹਜ਼ੂਰੀ ਪਾ, ਜੀਭ ਨਾਲ ਗੁਣ ਗਾਵਾਂ।

ਆਏ ਤਿਸਹਿ ਗਣਾ—ਉਨ੍ਹਾਂ ਦਾ ਹੀ ਜੀਵਨ ਸਹੀ ਅਤੇ ਸਫਲ ਹੈ।

ਜਣਾ—ਜਾਣਾ, ਗਿਣਾ।

ਰਵਿਆ—ਸਮਾਇਆ, ਭਰਪੂਰ, ਡੁੱਲ੍ਹ-ਡੁੱਲ੍ਹ ਪੈਂਦਾ। (Brimming)

ਵਣਾਂ—ਜੰਗਲਾਂ, ਦਰੱਖ਼ਤਾਂ।

ਕਿਤੜਾ ਦੁਖੁ ਗਣਾ—ਨਾ ਦੱਸੇ ਜਾਣ ਵਾਲੀ ਪੀੜਾ।

**ਭਾਗੁ ਮਣਾ**—ਬੇਇੰਤਹਾ ਖ਼ੁਸ਼-ਨਸੀਬ , ਮਣਾਂ ਮੂੰਹੀ ਨਸੀਬ ।

**ਲੋਚਦਾ**—ਤੜਪ । (Longing)

**ਪਿਆਸ ਮਨਾ**—ਰੂਹ ਦੀ ਤਰੇਹ (Thirst of Soul) ਆਤਮਕ ਪੈਂਡੇ ਦੇ ਰਾਹੀ (ਪਥਿਕ) ਨੂੰ ਜਦ ਪਿਆਸ ਲੱਗ ਜਾਂਦੀ ਹੈ ਤਾਂ ਉਹ ਚਿੱਤ ਦੇ ਸਰੋਵਰ ਵਿਚ ਆਤਮਕ ਜਲ ਪੀਣ ਲੱਗ ਪੈਂਦਾ ਹੈ। ਫਿਰ ਨ ਮੁਰਝਾਂਦਾ ਹੈ ਅਤੇ ਨਾਹ ਹੀ ਕਦੇ ਰੁੱਖਾ।
'ਪਥਿਕ ਪਿਆਸ, ਚਿੱਤ ਸਰੋਵਰ, ਆਤਮ ਜਲ ਲੈਨ।'

(ਮਲਾਰ ਮਹਲਾ ੫)

**ਪਾਇ ਲਗਾ**—ਪੈਰ ਪਕੜ ਲਵਾਂ । ਆਖੇ ਲਗੀ ਜਾਵਾਂ ।

——

## ਵੈਸਾਖ

**ਵੈਸਾਖਿ** ਧੀਰਨਿ ਕਿਉ ਵਾਢੀਆ, ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ, ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ, ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ, ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ, ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

**ਸਾਰ**—ਵੈਸਾਖ ਨੂੰ ਵਾਢੀ ਪੈਂਦੀ ਹੈ ਅਤੇ ਜਦ ਤਕ ਮੁੱਲ ਪੈ ਕੇ ਰਕਮ ਘਰ ਨਾ ਆ ਜਾਵੇ ਵਾਹਕ ਨੂੰ ਚੈਨ ਨਹੀਂ ਆਉਂਦਾ। ਕਦੇ ਕਣੀ ਬੱਦਲ ਦਾ ਡਰ, ਕਦੇ ਲਹਿਣੇ-ਦਾਰਾਂ ਦਾ ਫ਼ਸਲ ਚੁੱਕ ਕੇ ਲੈ ਜਾਣ ਦਾ ਖ਼ਤਰਾ ਅਤੇ ਕਦੇ ਪੁੱਤਰ, ਧੀ, ਇਸਤਰੀ ਲਈ ਸੁਖ ਦਾ ਸਮਾਨ ਜੁਟਾਨ ਦਾ ਤੌਖਲਾ ਪਿਆ ਰਹਿੰਦਾ ਹੈ। ਵੱਢੀ ਫ਼ਸਲ ਦਾ ਇਹ ਹਾਲ ਹੁੰਦਾ ਹੈ, ਪਰ ਜੇ ਖਸਮ (ਮਾਲਕ) ਚੰਗਾ ਹੈ ਤਾਂ ਰੁਲਣ ਨਹੀਂ ਦੇਵੇਗਾ।

ਜ਼ਰਾ ਸੋਚੋ ਉਨ੍ਹਾਂ ਜੀਵ ਇਸਤਰੀਆਂ ਦਾ ਕੀ ਹਾਲ ਹੁੰਦਾ ਹੋਵੇਗਾ ਜੋ ਪਤੀ ਪਰਮਾਤਮਾ ਤੋਂ ਵਿੱਛੜੀਆਂ ਹੋਈਆਂ ਹਨ। ਮਾਇਕ ਤ੍ਰਿਸ਼ਨਾਵਾਂ ਵਿਚ ਪਈਆਂ ਹੋਈਆਂ ਹਨ ਜਿਨ੍ਹਾਂ ਦੇ ਸਿਰ ਸਾਂਈਂ ਨਹੀਂ ਹੈ। ਪ੍ਰੇਮ ਦੀਆਂ ਖਿੱਚਾਂ ਕਦੇ ਪਈਆਂ ਨਹੀਂ। ਐਸੀਆਂ ਦੀ ਅਵੱਸ਼ ਖੁਆਰੀ ਹੋਵੇਗੀ।

ਇਹ ਕਿਉਂ ਨਹੀਂ ਜਾਣਦੀ ਜੀਵ ਇਸਤਰੀ ਕਿ ਪਤੀ ਪਰਮਾਤਮਾ ਵਰਗਾ

ਕੋਈ ਹੋਰ ਦੁੱਖ ਸੁੱਖ ਸੁਣਨ ਵਾਲਾ ਨਹੀਂ। ਉਸ ਸੱਜਣ ਪੁਰਸ਼ ਦੇ ਪਾਸ ਨਾ ਹੋਣ ਕਾਰਨ ਹੀ ਖੋਹ ਪੈਂਦੀ ਹੈ। ਤੌਖਲੇ ਪਿੱਛਾ ਨਹੀਂ ਛੱਡਦੇ। ਜੇ ਪਰਮਾਤਮਾ ਵਰਗਾ ਮਿੱਤਰ ਹਿਰਦੇ ਆ ਟਿਕੇ ਤੇ ਫਿਰ ਨਾ ਜਾਏ (ਪ੍ਰਾਪਤਿ ਹੋਇ) ਤਾਂ ਵਿਛੋੜੇ ਮੁੱਕ ਜਾਣਗੇ ਤੇ ਵੈਸਾਖ ਖ਼ੁਸ਼ਗਵਾਰ ਹੋ ਜਾਏਗਾ। ਉਸ ਦੇ ਹਿਰਦੇ (ਘਰ) ਵਿਚ ਟਿਕੇ ਰਹਿਣ ਨਾਲ ਖੋਹ ਮੁੱਕ ਜਾਵੇਗੀ, ਪਿਆਰ ਉੱਪਜਦਾ ਰਵ੍ਹੇਗਾ, ਵਿਛੋੜੇ (ਬਿਛੋਹ) ਦੋਬਾਰਾ ਨਹੀਂ ਪੈਣਗੇ। ਪਕੜ ਨਹੀਂ ਆਏਗੀ ਤੇ ਮੁੱਲ ਵੀ ਪਵੇਗਾ।

**ਵਿਸਥਾਰ**—ਵੈਸਾਖ ਦੇ ਚਾਅਵਾਂ ਵਾਲੇ, ਵਾਢੀਆਂ ਪਏ ਮਹੀਨੇ ਉਨ੍ਹਾਂ ਪ੍ਰੇਮ ਤੋਂ ਵਿਰਵੀਆਂ ਵਿੱਛੜੀਆਂ ਜੀਵ-ਇਸਤਰੀਆਂ ਨੂੰ ਚੈਨ ਕਿੱਥੇ, ਪਤੀ ਮਿਲਾਪ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਅਜੇ ਤਕ ਤਾਂ ਉਹ ਪਤੀ ਪ੍ਰੇਮ ਵਿਚ ਵੀ ਨਹੀਂ ਆਇਆ। ਸਦਾ ਸਾਥ ਦੇਣ ਵਾਲੇ ਪ੍ਰਭੂ ਮਿੱਤ੍ਰ ਨੂੰ ਭੁਲਾ ਕੇ ਜੀਵ ਛਲ ਰੂਪੀ ਮਾਇਆ ਵੱਲ ਭੱਜੇ ਹੀ ਟੁਰੇ ਜਾਂਦੇ ਹਨ। ਪ੍ਰੇਮ ਤੋਂ ਸੱਖਣੇ ਮਾਇਆ ਪਿੱਛੇ ਨੱਸਦੇ ਸਾਰੇ ਜੀਵ ਇਤਨਾ ਵੀ ਨਹੀਂ ਜਾਣਦੇ ਕਿ ਨਾਂਹ ਪੁੱਤਰ, ਨਾ ਇਸਤਰੀ, ਨਾ ਧਨ ਕਿਸੇ ਨੇ ਵੀ ਨਾਲ ਨਹੀਂ ਨਿਭਣਾ। ਸਦਾ ਕਾਇਮ ਰਹਿਣ ਵਾਲਾ ਸੱਚਾ ਮਿੱਤ੍ਰ ਵਾਹਿਗੁਰੂ ਹੀ ਸਦਾ ਸਹਾਈ ਹੋਣਾ ਹੈ। ਕੂੜੇ ਵਿਹਾਰ ਦੀ ਪਕੜ, ਝੂਠੇ ਧੰਧੇ ਮੋਹੁ, ਨੇ ਸਭ ਲੋਕਾਈ ਨੂੰ ਅਜਿਹਾ ਆਪਣੇ ਜਾਲ ਵਿਚ ਲਪੇਟ ਲਿਆ ਹੈ ਕਿ ਇਸ ਦੀ ਤਬਾਹੀ ਅਵੱਸ਼ ਹੈ। ਮਾਇਆ ਦੀ ਜੱਕੜ ਵਿਚ ਐਸੇ ਆ ਗਈ ਹੈ ਦੁਨੀਆਂ ਕਿ ਉਤਾਂਹ ਉੱਠ ਹੀ ਨਹੀਂ ਸਕਦੀ। ਮਾਇਆ ਵਿਚ ਫਸੀ ਸਾਰੀ ਲੁਕਾਈ ਸਦਾ ਮੁਹਤਾਜ ਰਵ੍ਹੇਗੀ : **'ਪਲਚਿ ਪਲਚਿ ਸਗਲੀ ਮੁਈ'**। ਚਿੱਟੇ ਚਾਨਣ ਵਾਂਗ ਜੋ ਗੱਲ ਸਾਫ਼ ਹੈ ਉਹ ਇਹ ਜੀਵ ਕਿਉਂ ਨਹੀਂ ਸਮਝਦਾ ਕਿ ਵਾਹਿਗੁਰੂ ਦਾ ਪਿਆਰ ਪ੍ਰਾਪਤ ਕੀਤੇ ਬਗੈਰ ਹਰ ਵੇਲੇ ਅੱਗੋਂ, ਦੂਜੇ ਕੋਲੋਂ ਫਿਟਕਾਰ ਹੀ ਪੈਣੀ ਹੈ। ਹਿਰਦੇ ਕਾਹਲ ਪਈ ਰਹਿਣੀ ਹੈ। ਸੁੱਖ ਨਹੀਂ ਮਿਲਣਾ। **'ਅਗੈ ਲਈਅਹਿ ਖੋਹਿ'**। ਬੱਸ ਵਾਹਿਗੁਰੂ ਨੂੰ ਭੁੱਲਣਾ ਨਿਰੋਲ ਤਬਾਹੀ ਹੈ। ਪੂਰਨ ਖ਼ੁਆਰੀ ਹੈ ਅਤੇ ਵਾਹਿਗੁਰੂ ਤੋਂ ਬਗੈਰ ਕੁਝ ਵੀ, ਕੋਈ ਵੀ ਕਿਸੇ ਗਿਣਤੀ ਵਿਚ ਨਹੀਂ। ਸਿਰਫ਼ ਵਾਹਿਗੁਰੂ ਹੀ ਕੇਵਲ ਮਦਦਗਾਰ ਹੈ। ਜਿਨ੍ਹਾਂ ਨੇ ਪਿਆਰੇ ਕੋਲੋਂ ਨਿੱਘਾ ਪਿਆਰ ਲੈ ਲਿਆ ਹੈ ਉਨ੍ਹਾਂ ਦੀ ਸੋਭਾ ਸੱਚੀ ਤੇ ਹਰ ਜ਼ਬਾਨ ਤੇ ਹੈ। ਹੁਣ ਉਹ ਛੁੱਟੜ ਨਹੀਂ ਰਹੀਆਂ।

ਅੰਤਰ ਤੱਕੋ। ਜਦ 'ਪ੍ਰੇਮ ਬਿਛੋਹੁ' ਸੀ ਤਾਂ ਧੀਰਜ ਨਹੀਂ ਸੀ ਤੇ ਹੁਣ ਜਦ ਪ੍ਰੀਤਮ ਦਾ ਪਿਆਰ ਮਿਲ ਗਿਆ ਹੈ ਤਾਂ ਸੋਭਾ ਹਰ ਇਕ ਦੀ ਜ਼ਬਾਨ ਤੇ ਹੈ।

ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਪ੍ਰਭੂ ਪਾਸ ਨਿਮ੍ਰਤਾ ਸਹਿਤ ਬੇਨਤੀ ਕਰਦੇ ਹਨ ਕਿ **ਮੈਨੂੰ ਆਪਣਿਆਂ ਵਾਂਗ ਮਿਲੋ**। **'ਮਿਲਹੁ ਪ੍ਰਾਪਤਿ ਹੋਇ।'** ਕੋਈ ਤਰੱਦਦ ਨਾ ਕਰਨਾ ਪਵੇ। ਸਾਰੇ ਪਾਸੇ ਖੇੜਾ ਤੇ ਹਰਿਆਵਲ ਜ਼ਰੂਰ ਹੈ, ਪਰ ਇਹ ਵੈਸਾਖ ਤਾਂ ਹੀ ਖ਼ੁਸ਼ਗਵਾਰ ਹੋਵੇਗਾ ਮੇਰੇ ਲਈ ਜੇ ਪਾਵਨ-ਪ੍ਰਭੂ (ਹਰਿ-ਸੰਤੁ)

ਆਪਣੀ ਛੋਹ ਬਖ਼ਸ਼ੇ। ਇਸ ਛੋਹ ਨੇ ਬਿਛੋਹੁ, ਮੋਹ ਧੋਹ, ਖੋਹਿ ਛੁਡਾਵਣੀ, ਹਟਾਉਣੀ, ਮਿਟਾਉਣੀ ਤੇ ਮੁਕਾਉਣੀ ਹੈ।

ਗੁਰੂ ਨਾਨਕ ਜੀ ਨੇ ਤੁਖਾਰੀ ਰਾਗ ਵਿਚ ਇਹ ਹੀ ਫ਼ਰਮਾਇਆ ਹੈ ਕਿ ਜਿਸ ਦੀ ਸੁਰਤਿ ਸ਼ਬਦ ਵਿਚ ਜੁੜ ਪਤੀਜ ਗਈ ਉਸ ਨੇ ਵੈਸਾਖੀ ਦਾ ਆਨੰਦ ਮਾਣ ਲਿਆ :

**ਨਾਨਕ ਵੈਸਾਖ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ ।੩।**

**ਸ਼ਬਦ ਭਾਵ :**

**ਵੈਸਾਖਿ**—ਗੁਰੂ ਅਰਜਨ ਦੇਵ ਜੀ ਨੇ ਆਪ ਹੀ ਰੁਤਾਂ ਦੀ ਬਾਣੀ ਵਿਚ ਵੈਸਾਖ ਨੂੰ ਸੁਖ ਮਾਸ ਕਿਹਾ ਹੈ। ਬਨਸਪਤੀ ਸੁਹਾਵਣੀ ਲੱਗਦੀ ਹੈ ਤੇ ਹਰ ਪਾਸੇ ਹੁਲਾਸ ਹੁੰਦਾ ਹੈ। (Month of Sprouting Spring).

**ਧੀਰਨਿ**—ਤਸੱਲੀ। ਚੈਨ। (Solace)

**ਵਾਢੀਆਂ**—ਕੱਟੀ ਹੋਈ। (Forlorn)

**ਪ੍ਰੇਮ-ਬਿਛੋਹੁ**—ਪ੍ਰੇਮ ਤੋਂ ਵਿਰਵੀਆਂ। ਪਿਆਰ ਤੋਂ ਖ਼ਾਲੀ।

**ਹਰਿ ਸਾਜਨੁ ਪੁਰਖੁ**—ਵਾਹਿਗੁਰੂ ਜਿਹਾ ਸੁੱਘੜ ਸਹਾਈ ਮਿੱਤ੍ਰ। (An Efficient Friend)

**ਮਾਇਆ ਧੋਹੁ**—ਮਾਇਆ ਦੀ ਖਿੱਚ। ਮਾਇਆ ਦਾ ਪ੍ਰੇਮ।

**ਕਲਤ੍ਰ**—ਇਸਤਰੀ।

**ਪਲਚਿ ਪਲਚਿ**—ਖੱਚਤ ਹੋ ਕੇ। ਚੰਗੀ ਤਰ੍ਹਾਂ ਜੱਕੜੇ ਜਾਣ ਕਾਰਨ। (Lapped in)

**ਸਗਲੀ**—ਸਾਰੀ ਸ੍ਰਿਸ਼ਟੀ। (Entire Creation)

**ਝੂਠੇ ਧੰਧੇ ਮੋਹੁ**—ਕੂੜੇ ਵਿਹਾਰ ਦੀ ਪਕੜ। ਛਲਣ ਵਾਲੀ ਮਾਇਆ ਦੀ ਜੱਕੜ। (False Concerns and Illusions)

**ਅਗੈ ਲਈਅਹਿ ਖੋਹਿ**—ਅੱਗੋਂ ਫਿਟਕਾਰ ਪੱਲੇ ਪੈਂਦੀ ਹੈ। ਖ਼ੁਸ਼ੀ ਛੀਨ ਲਈ ਜਾਂਦੀ ਹੈ।

**ਦਯੁ**—ਦਈਵ-ਪ੍ਰਕਾਸ਼ਮਾਨ। ਦੈਵੀ-ਬਲ। ਅਲਾਹੀ ਸ਼ਕਤੀ। ਅਕਾਲ ਪੁਰਖ। (Divine Power)

ਗੁਰੂ ਨਾਨਕ ਸਾਹਿਬ ਨੇ ਮਾਝ ਕੀ ਵਾਰ ਵਿਚ 'ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵੈਤ ਗਲਾ', ਵਰਤ ਕੇ ਅਰਥ ਸਪੱਸ਼ਟ ਕਰ ਦਿੱਤੇ ਸਨ। ਰੱਬ ਦੀ ਅਲਾਹੀ ਸ਼ਕਤੀ ਦੇ ਮਾਰੇ ਹੋਏ ਫਿਰਦੇ ਹਨ ਤੇ ਸਾਰਾ ਆਵਾ ਹੀ ਊਤਿਆ ਹੋਇਆ ਹੈ।

**ਵਿਗੁਚਣਾ**—ਖੁਆਰ ਹੋਣਾ। (Ruinous)

ਨਿਰਮਲ ਸੋਇ—ਸ਼ੁੱਧ ਸੋਭਾ। ਅੱਛੀ ਸ਼ੁਹਰਤ।

ਮਿਲਹੁ ਪਰਾਪਤਿ ਹੋਇ—ਆਪਣਿਆਂ ਵਾਂਗ ਮਿਲੋ। (Meet as my own)

ਸੰਤ ਭੇਟੈ ਹਰਿ ਸੋਇ—ਪਾਵਨ ਪ੍ਰਭੂ ਆਪੂੰ ਛੋਹ ਲਵੇ।

---

## ਜੇਠ

ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭੁ, ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ, ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ, ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉਂ ਰੋਵੰਨਿ ॥
ਸਾਧੂ ਸੰਗੁ ਪਰਾਪਤੇ, ਨਾਨਕ ਰੰਗਿ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

**ਸਾਰ**—ਜੇਠ ਦੇ ਮਹੀਨੇ ਗਰਮੀ ਚੁੱਭਵੀਂ ਹੁੰਦੀ ਹੈ। ਚਿੱਤ ਕਾਹਲਾ ਪੈਂਦਾ ਹੈ ਤੇ ਤਰੇਹ ਸਤਾਂਦੀ ਰਹਿੰਦੀ ਹੈ।

ਜੇਠ ਮਹੀਨੇ ਦਾ ਜ਼ਿਕਰ ਕਰਦੇ ਕਹਿੰਦੇ ਹਨ ਕਿ ਕਿਤਨਾ ਦੁੱਖ ਹੋਵੇ, ਫਿਰ ਵੀ ਉਸ ਨਾਲ ਹੀ ਜੁੜਨਾ ਚਾਹੀਦਾ ਹੈ ਕਿਉਂਕਿ ਸਾਰੀ ਸ੍ਰਿਸ਼ਟੀ ਉਸ ਦੀ ਆਗਿਆ ਵਿਚ ਹੈ। ਉਸ ਦਾ ਲੜ ਪਕੜਿਆਂ, ਦਾਵਣਿ ਲੱਗਿਆਂ, ਕਿਸੇ ਕਿਸਮ ਦੀ ਮੁਹਤਾਜੀ ਨਹੀਂ ਰਹਿਣ ਦੇਵੇਗਾ : 'ਕਿਸੈ ਨ ਦੇਈ ਬੰਨਿ।'

ਮਹੁਤਾਜੀ ਕਿਵੇਂ ਰਹਿ ਸਕਦਾ ਹੈ ਕਿਉਂਕਿ ਉਸ ਪਾਸ ਐਸਾ ਕੀਮਤੀ ਨਾਮ ਰਤਨ ਹੈ ਜਿਸ ਦੇ ਮਿਲਿਆਂ ਅੰਦਰਲੀ ਤੱਪਸ਼ ਤੇ ਬਾਹਰਲੀ ਤਰੇਹ, ਇੱਛਾ ਮਿਟ ਜਾਂਦੀ ਹੈ। ਕਦੇ ਵਿਛੋੜੇ ਦਾ ਦੁੱਖ ਵੀ ਸਹਾਰਨਾ ਨਹੀਂ ਪੈਂਦਾ ਕਿਉਂਕਿ ਉਸ ਨੇ ਆਪ ਰਹਿਮਤ ਕਰ ਮਿਲਾਇਆ ਹੈ। ਕਰਮ ਕਰ ਕੇ ਗਿਣਤੀ ਮਿਣਤੀ ਵਾਲਾ ਸੁੱਖ ਨਹੀਂ ਮਿਲਿਆ। ਬਖਸ਼ਸ਼ ਮਿਲੀ ਵਾਲਾ ਆਪਾ ਨਹੀਂ ਜਣਾਂਦਾ ਸਗੋਂ ਸੰਗਤ ਕਰ ਹੋਰ ਰੰਗ ਬਰੰਗੀਆਂ ਖ਼ੁਸ਼ੀਆਂ ਮਾਣਦਾ ਹੈ। ਉਨ੍ਹਾਂ ਕਰਮਾਂ ਵਾਲਿਆਂ ਲਈ ਇਹ ਜੇਠ ਦੀ ਭੱਖਦੀ ਤੱਪਸ਼ ਅਨੰਦਮਈ (ਰੰਗੀਲਾ) ਹੋ ਜਾਂਦੀ ਹੈ ਜਿਨ੍ਹਾਂ ਨੂੰ ਸੱਭ ਸਮਗਰੀਆਂ ਦਾ ਮਾਲਕ ਲੜ ਲਗਾਈ ਰੱਖਦਾ ਹੈ।

**ਵਿਸਥਾਰ**—ਜੇਠ ਦਾ ਮਹੀਨਾ ਗਰਮ ਵੀ ਹੈ। ਤੱਪਸ਼ ਵੀ ਅਥਾਹ ਦੀ ਹੁੰਦੀ ਹੈ ਅਤੇ ਚਿੱਤ ਕਾਹਲਾ ਪੈਂਦਾ ਹੈ। ਪੰਜਾਬੀ ਅਖਾਣ ਹੈ : ਜੇਠ ਹਾੜ ਕੁੱਖੀਂ ਅਤੇ ਸਾਵਣਿ

ਭਾਦੁਇ ਰੁੱਖੀਂ। ਜੇਠ ਵਿਚ ਟਿਕ ਕੇ ਨਿਵੇਕਲੀ ਥਾਂ ਬੈਠਣ ਨਾਲ ਲੂ ਤੋਂ ਬੱਚ ਜਾਈਦਾ ਹੈ। ਇਸ ਮਹੀਨੇ ਰਾਹੀਂ ਸਾਨੂੰ ਸਮਝਾ ਰਹੇ ਹਨ ਕਿ ਜੇ ਜੇਠ ਮਹੀਨੇ ਟਿਕ ਕੇ ਬੈਠਣ ਨਾਲ ਤੱਪਸ਼ ਤੋਂ ਬੱਚ ਜਾਈਦਾ ਹੈ ਤਾਂ ਤੇ ਆਤਸ਼-ਦੁਨੀਆਂ ਤੋਂ ਬਚਣ ਲਈ ਉਸ ਹਰੀ ਨਾਲ ਹਿਰਦਾ ਅਵੱਸ਼ ਜੋੜਨਾ ਚਾਹੀਦਾ ਹੈ ਜਿਸ ਵੱਡੇ ਅੱਗੇ ਹਰ ਕੋਈ ਅਦਬ ਨਾਲ ਝੁਕਦਾ ਹੈ। ਸਾਰੀ ਸ੍ਰਿਸ਼ਟੀ ਉਸ ਦੀ ਆਗਿਆ ਵਿਚ ਹੈ। ਮੇਹਰਵਾਨ ਪ੍ਰਭੂ (ਹਰਿ-ਸੱਜਣ) ਦੇ ਲੜ ਲੱਗਿਆਂ ਉਹ ਸਾਡਾ ਹੱਥ ਹੋਰ ਅੱਗੇ ਕਿਸੇ ਨੂੰ ਨਹੀਂ ਪਕੜਾਉਣ ਲੱਗਾ। ਸਾਨੂੰ ਕਿਸੇ ਦਾ ਮੁਹਤਾਜ ਨਹੀਂ ਰਹਿਣ ਦੇਣ ਲੱਗਾ : **'ਕਿਸੈ ਨਾ ਦੇਈ ਬੰਨਿ।'**

ਕਿਉਂਕਿ ਪ੍ਰਭੂ ਪਾਸ ਇਕ ਆਬਦਾਰ ਚਮਕਦਾ ਮੋਤੀ (ਮਾਣਕ ਮੋਤੀ) ਨਾਮ ਹੈ ਜੋ ਉਹ ਲੜ ਲੱਗਿਆਂ ਨੂੰ ਦੇ ਦੇਂਦਾ ਹੈ। ਇਸ ਨਾਮ ਰਤਨ ਦੀ ਵੱਡੀ ਉਪਮਾ ਇਹ ਹੈ ਕਿ ਹੋਰ ਮੋਤੀਆਂ ਤੇ ਰਤਨ ਤਾਂ ਖੋਹੇ ਜਾ ਸਕਦੇ ਹਨ, ਪਰ ਇਹ ਇਨ੍ਹਾਂ ਵਾਂਗੂ ਜ਼ਬਰਦਸਤੀ ਖੋਹਿਆ ਨਹੀਂ ਜਾ ਸਕਦਾ। ਨਾਮ ਰਤਨ ਦੇ ਮਿਲਿਆਂ ਸਹਿਮ, ਵਹਿਮ ਮੁੱਕ ਜਾਂਦੇ ਹਨ। ਅੰਦਰਲੀ ਤੱਪਸ਼ ਮੁੱਕ ਜਾਂਦੀ ਹੈ ਤੇ ਮੁਕੰਮਲ ਤਸੱਲੀ ਹੋ ਜਾਂਦੀ ਹੈ। ਪ੍ਰਭੂ ਦੇ ਪਿਆਰ ਵਿਚ ਰਹਿਆਂ (ਰੰਗ ਨਾਰਾਇਣੈ) ਉਸ ਦਾ ਬਣ ਕੇ ਜ਼ਿੰਦਗੀ ਗੁਜ਼ਾਰਿਆਂ, ਉਹ ਤਮਾਮ ਖ਼ੁਸ਼ੀਆਂ ਜੋ ਚਿੱਤ ਚਾਹੁੰਦਾ ਹੈ ਆਪ-ਮੁਹਾਰੇ ਮਿਲ ਜਾਂਦੀਆਂ ਹਨ। ਪ੍ਰਭੂ ਪਿਆਰ ਵਾਲੇ, ਲੜ ਲੱਗੇ, ਹੁਣ ਆਪਣੀ ਮਰਜ਼ੀ ਨਹੀਂ ਕਰਦੇ, ਰਜ਼ਾ ਵਿਚ ਰਹਿੰਦੇ ਹਨ। ਪ੍ਰਭੂ ਦੀ ਮਰਜ਼ੀ ਪਾ ਲੈਂਦੇ ਹਨ ਤੇ ਉਸ ਦੇ ਹੁਕਮ ਅਨੁਸਾਰ ਜੀਵਨ ਜੀਂਦੇ ਹਨ। ਪ੍ਰਭੂ ਜਿਵੇਂ ਆਪਣੀ ਰਜ਼ਾ ਵਰਤਾਏ (ਜੋ ਹਰਿ ਲੋੜੇ ਸੋ ਕਰੇ) ਉਸ ਤੇ ਦਿਲੋਂ ਚਾਅ ਨਾਲ ਟੁਰਦੇ ਹਨ : **'ਸੋਈ ਜੀਅ ਕਰੰਨਿ।'** ਕਿੰਤੂ ਨਹੀਂ ਕਰਦੇ। ਸੋ ਇਸ ਜਗਤ ਵਿਚ ਉਹ ਹੀ ਮਨੁੱਖ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਪ੍ਰਭੂ ਨੇ ਆਪਣਾ ਬਣਾ ਲਿਆ ਹੁੰਦਾ ਹੈ। ਪ੍ਰਭੂ ਆਪਣਾ ਉਸੇ ਨੂੰ ਬਣਾਂਦਾ ਹੈ ਜੋ ਹਰਿ ਲੋੜੇ, ਸੋ ਦਿਲੋਂ ਕਰੇ। ਜਿਸ ਨੂੰ ਉਹ ਆਪੂੰ ਮੇਹਰ ਕਰ ਕੇ ਨਾਲ ਮਿਲਾ ਲਵੇ (ਆਪਣ ਲੀਆ ਜੇ ਮਿਲੈ) ਉਨ੍ਹਾਂ ਨੂੰ ਕਦੇ ਵਿਛੋੜੇ ਦੇ ਦੁੱਖ ਸਹਿਣੇ ਨਹੀਂ ਪੈਂਦੇ। ਕਰਮਾਂ ਸਹਾਰੇ ਜੋ ਪਾਉਣ ਦਾ ਜਤਨ ਕਰਦਾ ਹੈ ਉਸ ਨੂੰ ਤਾਂ ਹਰ ਵੇਲੇ ਤੌਖਲਾ ਬਣਿਆ ਰਹਿੰਦਾ ਹੈ। ਵਿਛੋੜੇ ਦਾ ਅਹਿਸਾਸ ਜਾਂਦਾ ਹੀ ਨਹੀਂ, ਪਰ ਜਿਸ ਤੇ ਮੇਹਰ ਕਰ ਕੇ ਉਹ ਆਪ ਲੜ ਲਗਾ ਲਵੇ ਉਸ ਨੂੰ ਫਿਰ ਕਾਹਦਾ ਰੋਣਾ।

ਹੋਰ ਨਿਮ੍ਰਤਾ ਆਵੇ, ਹੋਰ ਰੰਗ ਚੜ੍ਹੇ, ਹੋਰ ਆਨੰਦ ਮਿਲੇ ਇਸ ਲਈ ਗੁਰੂ ਅਰਜਨ ਦੇਵ ਜੀ, ਨਾਨਕ ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਲੜ ਲੱਗੇ ਲੋਕ, ਪੁੱਜੇ ਹੋਏ ਪੁਰਸ਼ਾਂ ਦੀ ਸੰਗਤ ਢੂੰਡ ਕੇ ਵੀ ਕਰਦੇ ਹਨ। ਐਸੇ ਸਿਰਫ਼ ਸਾਧ ਸੰਗਤ ਵਿੱਚੋਂ ਹੀ ਖ਼ੁਸ਼ੀ ਦਾ ਸਾਮਾਨ ਲੋੜਦੇ ਹਨ। ਹੋਰ ਕਿਸੇ ਦਰ ਨਹੀਂ ਜਾਂਦੇ। ਕਿਸੇ ਵਿਅਕਤੀ ਪਿੱਛੇ ਨਹੀਂ ਭਜਦੇ :

**'ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।'**

ਹੁਣ ਉਹ ਹੀ ਜੇਠ ਦਾ ਮਹੀਨਾ ਜੋ ਤੱਪਸ਼ ਖਿਲਾਰਦਾ ਹੈ, ਲੜ ਲੱਗਿਆਂ ਲਈ

ਅਨੰਦਮਈ ਹੁਲਾਸ ਭਰਿਆ (ਰੰਗੀਲਾ) ਹੋ ਗਿਆ ਕਿਉਂਕਿ ਨਾਮ ਧੰਨ ਦੇ ਮਾਲਕ ਹਰੀ (ਹਰਿ ਧਣੀ) ਨਾਲ ਨੇਹੁ ਪੈ ਗਿਆ। ਨਾਮ ਧੰਨ ਦੇ ਮਾਲਕ ਨਾਲ ਨੇਹੁ ਉਸੇ ਨੂੰ ਲੱਗਦਾ ਹੈ ਜਿਸ ਦੇ ਮੱਥੇ ਦੇ ਭਾਗਾਂ ਵਿਚ ਹੋਵੇ। ਅਖ਼ੀਰਲੀ ਤੁਕ ਵਿਚ ਫਿਰ ਦ੍ਰਿੜ੍ਹ ਕਰਾਂਦੇ ਹਨ ਕਿ ਇਹ ਜੁੜਨ, ਟਿਕਾ ਖੇੜੇ ਤੇ ਨਾਰਾਇਣ ਨਾਲ ਪਿਆਰ ਆਪਣੇ ਜਤਨ ਦੀ ਵਸਤੂ ਨਹੀਂ ਹੈ। ਉਸ ਦੀ ਮੇਹਰ ਦਾ ਨਿਸ਼ਾਨ ਹੈ : **'ਭਾਗੁ ਮਥੰਨਿ।'**

**ਸ਼ਬਦ ਭਾਵ :**

**ਜੇਠਿ**—ਗਰਮੀਆਂ ਦਾ ਵੱਡਾ ਮਹੀਨਾ। ਤਪਸ਼ ਵਾਲਾ ਮਹੀਨਾ।
ਗੁਰੂ ਅਰਜਨ ਦੇਵ ਜੀ ਨੇ ਹੀ ਰਾਮਕਲੀ ਰੁਤੀ ਵਿਚ ਜੇਠ ਦੇ ਮਹੀਨੇ ਨੂੰ 'ਗ੍ਰੀਖਮ ਰੁਤ ਅਤਿ ਗਾਖੜੀ। ਜੇਠ ਅਖਾੜੇ ਘਾਮ ਜੀਉ', ਕਿਹਾ ਹੈ।

**ਜੁੜੰਦਾ ਲੋੜੀਐ**—ਹਿਰਦਿਓਂ ਜੱਪਣਾ ਚਾਹੀਦਾ ਹੈ ਤਾਂ ਕਿ ਪੂਰਨ ਟਿਕਾ ਮਿਲੇ।

**ਹਰਿ ਸੱਜਣ**—ਮੇਹਰਵਾਨ ਪ੍ਰਭੂ।

**ਦਾਵਣਿ**—ਪੱਲੇ ਨਾਲ। ਲੜ ਨਾਲ।

**ਕਿਸੈ ਨ ਦਈ ਬੰਨਿ**—ਅਗਲੇ ਦੇ ਹਵਾਲੇ ਨਹੀਂ ਕਰੇਗਾ। ਕਿਸੇ ਹੋਰ ਦਾ ਮੁਹਤਾਜ ਨਹੀਂ ਰਹਿਣ ਦੇਵੇਗਾ।

**ਸੰਨਿ**—ਭੰਨ ਤੋੜ ਕੇ ਕੋਈ ਚੁਰਾ ਨਹੀਂ ਸਕਦਾ।

**ਮਾਣਕ ਮੋਤੀ**—ਆਬਕਾਰ ਮੋਤੀ, ਚਮਕਦਾ ਮੋਤੀ। (Orient Pearl)

**ਰੰਗ ਸਭੇ ਨਾਰਾਇਣੈ**—ਪ੍ਰਭੂ ਦੇ ਪਿਆਰ ਵਿਚ ਸਾਰੀਆਂ ਹੀ ਖ਼ੁਸ਼ੀਆਂ।

**ਮਨਿ ਭਾਵੰਨਿ**—ਮਨ ਨੂੰ ਚੰਗੀਆਂ ਲੱਗਦੀਆਂ ਹਨ। (Appeal to Mind)

**ਆਪਣ ਲੀਆ ਜੇ ਮਿਲੈ**—ਜਿਸ ਨੂੰ ਆਪੂੰ ਪ੍ਰਭੂ ਨੇ ਨਾਲ ਮਿਲਾਇਆ ਹੈ।

**ਵਿਛੜਿ ਕਿਉਂ ਰੋਵੰਨਿ**—ਉਹਨਾਂ ਨੂੰ ਵਿਛੋੜੇ ਦੀ ਪੀੜ ਕਿਉਂ ਹੋਵੇ ? ਭਾਵ ਕਦੇ ਨਹੀਂ ਹੋਵੇਗੀ ਪੀੜਾ।.(Never Wail)

**ਰੰਗ ਮਾਣੰਨਿ**—ਖ਼ੁਸ਼ੀਆਂ ਮਾਣਦੇ ਹਨ।

**ਰੰਗੀਲਾ**—ਹੁਲਾਸ ਭਰਿਆ। ਅਨੰਦਮਈ। (Joyful)

**ਭਾਗੁ ਮਥੰਨਿ**—ਮੱਥੇ ਤੇ ਮੁਹਰ ਦਾ ਨਿਸ਼ਾਨ। ਭਾਗਾਂ ਵਾਲੇ। (Fortunate Enough)

---

ਆਸਾੜੁ ਤਪੰਦਾ ਤਿਸੁ ਲਗੈ, ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ, ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ, ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ, ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ, ਉਠਿ ਚਲੀ ਗਈ ਨਿਰਾਸ ॥
ਜਿਨਿ ਕੌ ਸਾਧੂ ਭੇਟੀਐ, ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ, ਤੇਰੇ ਦਰਸਨ ਹੋਇ ਪਿਆਸ ॥
ਪ੍ਰਭੁ ਤੁਧੁ ਬਿਨੁ ਦੂਜਾ ਕੋ ਨਹੀਂ, ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ, ਜਿਸੁ ਮਨਿ ਹਰਿ ਚਰਣ ਨਿਵਾਸ ॥੫॥

**ਸਾਰ**—ਹਾੜ ਦੇ ਮਹੀਨੇ ਦੀ ਗਰਮੀ ਸਾੜਵੀਂ ਹੈ। ਤਪੰਦਾ ਹੈ ਹਾੜ। ਅੰਦਰੋਂ ਭੜਕੀ ਤੇ ਬਾਹਰੋਂ ਤੱਪਸ਼। 'ਜੇਹੀ ਰੁਤਿ ਕਾਇਆ ਸੁਖੁ ਤੇਹਾ, ਤੇਹੋ ਜਹੀ ਦੇਹੀ', ਦਾ ਫ਼ਰਮਾਨ ਮਲਾਰ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ।

ਹਾੜ ਦੇ ਤੱਪਦੇ ਮਹੀਨੇ ਦੀ ਗੱਲ ਕਰ ਕੇ ਸਮਝਾ ਰਹੇ ਹਨ ਕਿ ਹਾੜ ਦੇ ਮਹੀਨੇ ਵਾਂਗ ਉਹ ਹੀ ਤੱਪਦੇ ਹਨ ਜਿਨ੍ਹਾਂ ਨੂੰ ਪ੍ਰਭੂ ਦੀ ਹਜ਼ੂਰੀ ਨਹੀਂ ਮਿਲੀ। ਜਿਵੇਂ ਸਰੀਰ ਨੂੰ ਭੜਕੀ ਲੱਗੀ ਰਹਿੰਦੀ ਹੈ ਤੇ ਤਦ ਤਕ ਨਹੀਂ ਮੁੱਕਦੀ ਜਦ ਤਕ ਸੁਖਾਵਾਂ ਵਾਤਾਵਰਨ ਤੇ ਰਜਵਾਂ ਜਲ ਨਾ ਮਿਲੇ। ਤਿਵੇਂ ਇਹ ਭੜਕੀ ਉਨ੍ਹਾਂ ਨੂੰ ਹੀ ਹੈ ਜੋ ਦੁਬਿਧਾ ਵਿਚ ਪਏ ਰਹਿੰਦੇ ਹਨ। ਕਦੇ ਮਨੁੱਖ ਦੀ ਆਸ, ਕਦੇ ਅਕਾਲ ਪੁਰਖ ਦਾ ਆਸਰਾ। ਇਹ ਨਹੀਂ ਜਾਣਦਾ ਜੀਵ ਕਿ ਵਿਅਕਤੀ ਪਿੱਛੇ ਲੱਗਣ ਕਰ ਤੇ ਕਰਮਾਂ ਤੇ ਟੇਕ ਰੱਖਣ ਕਾਰਨ ਦੁਖ ਹੀ ਦੁੱਖ ਹਨ। ਇਹ ਵੀ ਕਰਮਾਂ ਦਾ ਸਿੱਟਾ ਹੈ ਕਿ ਵਾਹਿਗੁਰੂ ਦੇ ਨਹੀਂ ਹੋਏ।

**'ਮਥੇ ਜੋ ਲਿਖਆਸੁ'**। ਇਸ ਦੁਬਿਧਾ ਦੇ ਅਨ੍ਹੇਰੇ ਦੇ ਟੋਏ ਵਿਚ ਗਿਰੇ ਹੋਏ ਹੀ ਜ਼ਿੰਦਗੀ ਜ਼ਾਇਆ ਕਰ ਜਾਂਦੇ ਹਨ।

ਮੱਥੇ ਦੇ ਭਾਗ ਜਾਗਣ ਦਾ ਭਾਵ ਇਹ ਹੈ ਕਿ ਸਾਧੂ ਦੀ ਸੰਗਤ ਮਿਲ ਜਾਏ ਤੇ ਸੰਗਤ ਵਿਚ ਜਾ ਤੇਰੇ ਦੀਦਾਰ ਹੋਣ ਤੇ ਤਰੇਹ ਮਿਟੇ। **'ਤੇਰੇ ਦਰਸਨ ਹੋਇ ਪਿਆਸ।'** ਇਹ ਬੇਨਤੀ ਵੀ ਮੰਨੀ ਕਿ ਫਿਰ ਨਾ ਮਾਣਸ ਮੰਦੀ ਆਂਸ, ਤੱਕਾਂ।

ਦੀਦਾਰ ਪਾਏ ਤੇ ਪੂਰਨ ਟਿਕਾ ਮਿਲੇ (ਮਨਿ ਹਰਿ ਚਰਣ ਨਿਵਾਸ) ਵਾਲੇ ਜੀਵ ਲਈ ਇਹ ਹਾੜ ਤਪੰਦਾ ਨਹੀਂ, ਸੁਹੰਦਾ ਹੋ ਜਾਂਦਾ ਹੈ।

**ਵਿਸਥਾਰ**—ਹਾੜ ਦਾ ਮਹੀਨਾ ਖ਼ੂਬ ਤੱਪਦਾ ਹੈ ਅਤੇ ਗਰਮੀ ਸਾੜਵੀਂ ਚੁਭਵੀਂ ਹੁੰਦੀ ਹੈ, ਪਰ ਜੇ ਸੁਖਾਵਾਂ ਮਾਹੌਲ, ਠੰਡੀ ਥਾਂ, ਪਿਆਰਾ ਸਾਥ ਤੇ ਪੂਰਾ ਟਿਕਾ ਹੋਵੇ ਤਾਂ ਤੱਪਸ਼ ਨਹੀਂ ਲੂੰਹਦੀ। ਇਸ ਤਰ੍ਹਾਂ ਜਿਨ੍ਹਾਂ ਜੀਵ ਇਸਤਰੀਆਂ ਪਾਸ ਪ੍ਰਭੂ ਵਰਗਾ ਪਿਆਰਾ (ਹਰਿ ਨਾਹੁ) ਨਹੀਂ ਹੈ, ਉਹ ਸੜਦੀਆਂ ਭੁੱਜਦੀਆਂ ਤੇ ਕਲਪਦੀਆਂ ਹੀ ਰਹਿੰਦੀਆਂ

ਹਨ। ਇਸ ਕਲਪਨਾ ਨੂੰ ਦੂਰ ਕਰਨ ਲਈ ਉਹ ਸੰਸਾਰ ਦੇ ਜੀਵਨ ਦਾਤੇ ਦੀ ਸ਼ਰਨ ਲੈਣ ਦੀ ਥਾਂ ਮਨੁੱਖਾਂ ਦੇ ਘੜੇ ਕਰਮ ਕਾਂਡਾਂ ਵਿਚ ਪੈ ਜਾਂਦੀਆਂ ਹਨ। ਕਰਮਾਂ ਦੇ ਫਲ ਦੀ ਆਸ ਅਤੇ ਪ੍ਰਭੂ ਨੂੰ ਛੱਡ ਹੋਰ ਦੁਨਿਆਵੀ ਸ਼ੈਆਂ ਨਾਲ ਪਿਆਰ ਕਰਨ ਨਾਲ ਨਿਰੀ ਖ਼ੁਆਰੀ ਹੀ ਪੱਲੇ ਨਹੀਂ ਪੈਂਦੀ, ਸਗੋਂ ਮੌਤ ਦਾ ਡਰ ਹੋਰ ਚੰਬੜ ਜਾਂਦਾ ਹੈ। ਇਤਨੀ ਸਪੱਸ਼ਟ ਸਾਫ਼ ਗੱਲ ਜੋ ਸਾਹਮਣੇ ਮੱਥੇ ਤੇ ਲਿਖੀ ਹੋਈ ਹੈ, 'ਮਥੇ ਜੋ ਲਿਖਿਆਸੁ', ਮਨੁੱਖ ਨਹੀਂ ਪੜ੍ਹਦਾ ਕਿ ਜਿਹੋ ਜਿਹਾ ਕੋਈ ਬੀਜੇਗਾ ਉਹੋ ਜਿਹਾ ਉਸ ਅਵੱਸ਼ ਵੱਢਣਾ ਹੈ। ਜੇ ਮਨੁੱਖਾਂ ਦੇ ਦੱਸੇ ਕਰਮ ਕੀਤੇ ਹਨ ਤਾਂ ਪੱਲੇ ਘਬਰਾਹਟ, ਨਿਰਾਸਤਾ, ਕਲਪਨਾ, ਮੌਤ ਦਾ ਡਰ ਹੀ ਪੈਣਾ ਹੈ ਕਿਉਂਕਿ ਕਰਮ ਸ਼ਾਸਤਰਾਂ ਵਿਚ ਇਹ ਹੀ ਲਿਖਿਆ ਹੋਇਆ ਹੈ। ਕਰਮਾਂ ਦੇ ਦੱਸੇ ਅਨੁਸਾਰ ਜੀਵਨ ਗੁਜ਼ਾਰਨ ਵਾਲਾ ਰਾਤ ਦੇ ਹਨੇਰੇ ਵਿਚ ਭਟਕਦੇ ਜੀਵ ਵਾਂਗ ਹੈ ਤੇ ਜਦ ਜਾਗ ਖੁੱਲ੍ਹਦੀ ਹੈ ਤਾਂ ਪਛਤਾਵੇ ਤੋਂ ਸਿਵਾ ਕੁਝ ਹੱਥ ਨਹੀਂ ਲੱਗਦਾ।

ਇਸ ਦੇ ਉਲਟ ਜੋ ਜੀਵ ਮਨੁੱਖਾਂ ਦੇ ਦੱਸੇ ਕਰਮਾਂ ਦੀ ਆਸ ਛੱਡ, ਇਕਾਗਰ ਚਿੱਤ ਮਨੁੱਖਾਂ, ਸਾਧੂਆਂ ਦੀ ਸੰਗਤ ਜਾ ਬੈਠਦੇ ਹਨ ਉਨ੍ਹਾਂ ਦੇ ਸਹਿਮ ਵੀ ਮੁੱਕ ਜਾਂਦੇ ਹਨ ਤੇ ਭਟਕਣਾ ਵੀ ਖ਼ਤਮ ਹੋ ਜਾਂਦੀ ਹੈ ਤੇ ਕਲਪਨਾ ਮੂਲੋਂ ਮੁੱਕ ਜਾਂਦੀ ਹੈ ਤੇ ਪ੍ਰਭੂ ਦੇ ਦਰ ਸੁਰਖ਼ਰੂ ਹੁੰਦੇ ਹਨ। ਸੁਰਖ਼ਰੂ ਹੋਣਾ ਇਹ ਹੀ ਹੈ ਕਿ ਜਗਤ ਵਿਚ 'ਮਾਣਸ ਸੰਦੀ ਆਸ ਨਹੀਂ ਰੱਖੀ' ਤੇ ਟੇਕ,—ਸਹਾਰਾ ਕੇਵਲ ਵਾਹਿਗੁਰੂ ਤੇ ਰੱਖਿਆ ਹੈ। ਦੂਜੀਆਂ ਸ਼ੈਆਂ ਨਾਲ ਪਿਆਰ ਨਹੀਂ ਕੀਤਾ।

ਸਾਡੇ ਜੀਵਾਂ ਤੇ ਪ੍ਰਭੂ, ਹੁਣ ਆਪਣੀ ਖ਼ਾਸ ਇਹ ਮਿਹਰ ਕਰੀਂ ਕਿ ਸੰਗਤ ਗਿਆਂ ਤੇਰਾ ਦੀਦਾਰ ਹੋਵੇ ਤੇ ਭੜਕੀ ਤਰੇਹ (ਪਿਆਸ) ਮੁੱਕ ਜਾਏ। ਇਹ ਵੀ ਤੁਹਾਡੇ ਅੱਗੇ ਹੀ ਹੱਥ ਜੋੜ ਬੇਨਤੀ ਹੈ, ਮੇਹਰ ਕਰ ਕਬੂਲ ਕਰਨੀ ਕਿ ਤੁਹਾਡੇ ਸਿਵਾ ਕਿਸੇ ਹੋਰ ਦਾ ਖ਼ਿਆਲ ਤਕ ਹਿਰਦੇ ਨਾ ਉੱਠੇ। ਮੇਰਾ ਚਿੱਤ ਦੁਨਿਆਵੀ ਸ਼ੈਆਂ ਵੱਲ ਜਾਏ ਹੀ ਨਾਹ। ਐਸੀਆਂ ਜੀਵ-ਇਸਤਰੀਆਂ ਜਿਨ੍ਹਾਂ ਦਾ ਚਿੱਤ ਹੋਰ ਪਾਸੇ ਨਹੀਂ ਜਾਂਦਾ, ਤ੍ਰਿਸ਼ਨਾ (ਪਿਆਸ) ਨਹੀਂ ਸਤਾਂਦੀ ਅਤੇ ਹਿਰਦੇ ਵਿਚ ਪ੍ਰਭੂ ਦੇ ਚਰਨ ਟਿਕਾ ਲੈਂਦੀਆਂ ਹਨ, ਪੂਰਨ ਟਿਕਾ ਪਾ ਲੈਂਦੀਆਂ ਹਨ, ਉਨ੍ਹਾਂ ਨੂੰ ਹਾੜ ਦੀ ਤੱਪਸ਼ ਕੁਝ ਨਹੀਂ ਕਹਿੰਦੀ, ਸਗੋਂ ਸੁਹਾਵਣੀ ਲੱਗਦੀ ਹੈ।

ਹਾੜ ਤਪੰਦਾ ਸੀ ਜਦ ਪ੍ਰਭੂ ਪਿਆਰਾ (ਹਰਿ ਨਾਹੁ) ਪਾਸ ਨਹੀਂ ਸੀ। ਹੁਣ ਉਹ ਹੀ ਹਾੜ ਸੁਹੇਂਦਾ ਹੈ ਜਦ ਪ੍ਰਭੂ ਪਿਆਰੇ ਦੇ ਚਰਨ ਹਿਰਦੇ ਆ ਟਿਕੇ ਹਨ।੫।

**ਸ਼ਬਦ ਭਾਵ :**

**ਤਪੰਦਾ**—ਸਾੜਵਾਂ (Scorching)

**ਹਰਿ ਨਾਹੁ**—ਪ੍ਰਭੂ ਪਿਆਰਾ। ਪਤੀ ਪ੍ਰਮਾਤਮਾ। (Lord Spouse)

**ਜਗਜੀਵਨ ਪੁਰਖੁ**—ਦੁਨੀਆਂ ਨੂੰ ਜ਼ਿੰਦਗੀ ਬਖ਼ਸ਼ਣ ਵਾਲਾ, ਸਰਬ ਵਿਆਪੀ। (Life of the Universe)

ਮਾਣਸ ਸੰਦੀ ਆਸ—ਮਨੁੱਖ ਤੇ ਆਸਾਂ। ਮਨੁੱਖਾਂ ਦੇ ਘੜੇ ਕਰਮਾਂ ਦੀ ਆਸ ਤੇ ਜੀਣਾ।

ਦੂਜੈ ਭਾਇ—ਹੋਰਨਾਂ ਨਾਲ ਪਿਆਰ। ਵਾਹਿਗੁਰੂ ਤੋਂ ਸਿਵਾ ਹੋਰਨਾਂ ਸ਼ੈਆਂ ਦੀ ਖਿੱਚ ਖਾ ਓਝੜੇ ਪੈ ਜਾਣਾ। (Ways Diverging from Him)

ਵਿਗੁਚੀਐ—ਖੁਆਰ ਹੋਣਾ। (Confound)

ਜਮ ਕੀ ਫਾਸ—ਮੌਤ ਦੀ ਫਾਹੀ। ਮੌਤ ਦੇ ਸਹਿਮ ਵਿਚ ਜੀਣਾ।

ਲੁਣੈ—ਵੱਢਦਾ ਹੈ।

ਮਥੈ ਜੋ ਲਿਖਿਆਸੁ—ਪੱਕੇ ਤੌਰ ਤੇ ਮੱਥੇ ਤੇ ਲਿਖਿਆ ਹੋਇਆ ਹੈ। ਸਪੱਸ਼ਟ ਹੈ ਚਿੱਟੇ ਚਾਨਣ ਵਾਂਙ ਕਿ ਜੋ ਕੋਈ ਬੀਜੇਗਾ ਉਹ ਹੀ ਵੱਢੇਗਾ। ਮਨੁੱਖ ਦੀ ਆਸ ਰੱਖ ਟੁਰਨ ਵਾਲਾ ਖ਼ੁਆਰ ਹੋਵੇਗਾ ਤੇ ਜਗਜੀਵਨ ਦੀ ਟੇਕ ਰੱਖਣ ਵਾਲਾ ਸੁਰਖ਼ਰੂ ਹੋਵੇਗਾ।

ਰੈਣਿ ਵਿਹਾਣੀ—ਉਮਰ ਰੂਪੀ ਰਾਤ ਕਰਮ ਕਰਦੇ ਹਨੇਰੇ ਵਿਚ ਹੀ ਬੀਤ ਗਈ।

ਨਿਰਾਸ—ਪਛਤਾਵਾ (Despair)

ਦਰਗਹ ਹੋਇ ਖਲਾਸੁ—ਪ੍ਰਭੂ ਦੇ ਦਰ ਸੁਰਖ਼ਰੂ। ਪੂਰਨ ਤੌਰ ਤੇ ਮਾਇਆ ਤੇ ਮਨੁਖਾਂ ਦੇ ਬਣਾਏ ਕਰਮਾਂ ਤੋਂ ਛੁਟਕਾਰਾ। (Final Release)

ਤੇਰੇ ਦਰਸਨ ਹੋਇ ਪਿਆਸ—ਪ੍ਰਭੂ ਦੇ ਦਰਸ਼ਨ ਹੋਣ ਨਾਲ ਹੀ ਤ੍ਰਿਸ਼ਨਾ ਭੜਕੀ ਭਟਕਣਾ ਤਰੇਹ ਮਿਟਣੀ ਹੈ। ਰੱਜ ਹੋਣਾ ਹੈ।

ਮਨਿ ਹਰਿ ਚਰਣ ਨਿਵਾਸ—ਹਿਰਦੇ ਵਿਚ ਚਰਨਾਂ ਦਾ ਟਿਕਾ। ਪੂਰਨ ਟਿਕਾ। ਇਕਾਗਰਤਾ।

———

## ਸਾਵਣਿ

ਸਾਵਣਿ ਸਰਸੀ ਕਾਮਣੀ, ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ, ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣ ਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ, ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ, ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿ ਹਾਰੁ ॥੬॥

**ਸਾਰ**—ਸਾਵਣ ਦੇ ਮਹੀਨੇ ਲਗਾਤਾਰ ਮੀਂਹ ਪੈਣ ਨਾਲ ਬਨਸਪਤੀ ਖਿੜ ਉੱਠਦੀ ਹੈ। ਫੁਹਾਰ ਪੈਂਦੀ ਸੋਹਣੀ (ਬੂੰਦ ਸੁਹਾਵਣੀ) ਲੱਗਦੀ ਹੈ। ਹਿਰਦੇ ਉਮਾਹ ਹੁੰਦਾ ਹੈ। ਘਰ ਟਿਕ, ਰਸ ਮਾਨਣ ਨੂੰ ਚਿੱਤ ਕਰਦਾ ਹੈ. 'ਮਿਲਨੇ ਨੋ ਮਨ ਲੋਚਦਾ' ਹੈ।

ਗੁਰੂ ਨਾਨਕ ਦੇਵ ਜੀ ਨੇ ਮਲਾਰ ਰਾਗ ਦੀ ਵਾਰ ਵਿਚ ਫ਼ਰਮਾਇਆ ਹੈ ਕਿ ਸਾਵਣ ਮਹੀਨਾ ਕਈਆਂ ਲਈ ਵਿਛੋੜਾ ਪਾਉਣ ਦਾ ਕਾਰਨ ਬਣਦਾ ਹੈ ਤੇ ਕਈਆਂ ਅੰਦਰ ਉਮਾਹ ਪੈਦਾ ਕਰਦਾ ਹੈ। ਬਲਦਾਂ (ਗਾਈਂ ਪੁਤਾਂ) ਨਿਰਧਨਾਂ, ਪੈਂਡੇ ਪਏ ਅਤੇ ਕਾਮਿਆਂ ਨੂੰ ਘਰ ਤੋਂ ਦੁਰਾਡੇ ਹੋਣ ਕਾਰਨ ਵਿਛੋੜਾ ਪੈਂਦਾ ਹੈ ਤੇ ਨਾਗਾਂ, ਮਿਰਗਾਂ, ਮੱਛੀਆਂ ਤੇ ਖਾਣ ਦੇ ਸ਼ੁਕੀਨਾਂ ਜਿਨ੍ਹਾਂ ਪਾਸ ਖੁੱਲ੍ਹਾ ਧਨ ਹੈ, ਉਮਾਹ ਚੜ੍ਹਿਆ ਰਹਿੰਦਾ ਹੈ। ਸਾਵਣ ਦੇ ਮਹੀਨੇ ਉਹ ਔਰਤ ਅਵੱਸ਼ ਖਿੜੀ ਰਹਿੰਦੀ ਹੈ ਜਿਸ ਦਾ ਪਤੀ ਨਾਲ ਦਿਲੋਂ ਪਿਆਰ ਹੈ। ਦਿਲੋਂ ਪਿਆਰ ਕਰਨ ਵਾਲੀ ਬਾਹਰਲੇ ਸ਼ਿੰਗਾਰਾਂ ਵਿਚ ਨਹੀਂ ਪੈਂਦੀ। ਸ਼ਿੰਗਾਰਾਂ ਨੂੰ ਸਗੋਂ ਵਿਅਰਥ ਸਮਝਦੀ ਹੈ। ਪਤੀ ਦੀਆਂ ਗੱਲਾਂ ਸਹੇਲੀਆਂ ਨਾਲ ਕਰ ਆਨੰਦ ਲੈਂਦੀ ਰਹਿੰਦੀ ਹੈ। ਪਤੀ ਪਾਸ ਹੈ ਤਾਂ ਹੀ ਸੁਹਾਗਣ ਕਹਿਲਾਣ ਦੀ ਹੱਕਦਾਰ ਹੈ।

ਇਸੇ ਤਰ੍ਹਾਂ ਉਸ ਜੀਵ-ਇਸਤਰੀ ਦਾ ਹਿਰਦਾ ਹਰ ਸੂਰਤ ਖਿੜ ਪੈਂਦਾ ਹੈ ਜਿਸ ਦਾ ਅੰਦਰੋਂ ਪ੍ਰਭੂ ਨਾਲ ਪਿਆਰ ਹੈ ਅਤੇ ਧਿਆਨ ਹੋਰ ਕਿਧਰੇ ਨਹੀਂ ਜਾਂਦਾ : '**ਇਕੋ ਨਾਮੁ ਅਧਾਰੁ**।' ਇਕੋ ਟੇਕ ਰੱਖਣ ਵਾਲੀ ਜੀਵ ਇਸਤਰੀ ਨਾ ਦੁਨੀਆਂ ਦੇ ਕੂੜਾਵੇ ਰਸਾਂ ਵਿਚ ਖਚਤ ਹੁੰਦੀ ਹੈ ਤੇ ਨਾਹ ਕਰਮ ਕਾਂਡਾਂ ਵਿਚ ਪੈਂਦੀ ਹੈ। ਪ੍ਰਭੂ ਦੇ ਗੁਣ ਸੰਗਤ ਵਿਚ ਜਾ ਗਾ-ਗਾ, ਰਸ ਪ੍ਰਾਪਤ ਕਰਦੀ ਰਹਿੰਦੀ ਹੈ। 'ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲ ਸਾਧੂ ਪੀਵਣਹਾਰੁ।' ਪ੍ਰਭੂ ਨਾਲ ਮਿਲਿਆਂ ਦੇ ਨੇੜੇ ਢੁੱਕ ਬੈਠ, ਐਸੀਆਂ ਜੀਵ-ਇਸਤ੍ਰੀਆਂ ਸੁਰਤਿ ਨੂੰ ਸ਼ਬਦ ਰਾਹੀਂ ਮਾਇਆ ਤੋਂ ਉੱਚਾ ਕਰ ਲੈਂਦੀਆਂ ਹਨ ਤੇ ਉਹਨਾਂ ਨੂੰ ਹਰ ਚੀਜ਼ ਨਾਸ਼ਵੰਤ ਦਿੱਸਣ ਲੱਗ ਪੈਂਦੀ ਹੈ ਅਤੇ ਉਸ ਸ਼ਕਤੀਵਾਨ ਦਾ ਨਜ਼ਾਰਾ ਹਰ ਇਕੋ ਵਿੱਚੋਂ ਕਰਨ ਵਾਲੀ ਅੱਖ ਮਿਲ ਜਾਂਦੀ ਹੈ। ਐਸੀਆਂ ਪ੍ਰਭੂ ਮਿਲਾਪ ਪਾਈਆਂ (ਸੋਹਾਗਣੀਆਂ) ਲਈ ਸਾਵਣ ਆਨੰਦਮਈ ਹੈ ਜੋ ਇਕ ਪਲ ਲਈ ਵੀ ਉਸ ਨੂੰ ਨਹੀਂ ਵਿਸਾਰਦੀਆਂ। ਇਹ ਸਦਾ ਮਿਲਾਪ ਦੀ ਅਵੱਸਥਾ, ਨਿਮ੍ਰਤਾ ਵਿਚ ਰਹਿ, ਸੰਗਤ ਕਰ, ਗੁਣ ਗਾ, ਸ਼ਬਦ ਅਨੁਸਾਰ ਜੀਵਨ ਟੋਰ ਮਿਲਦੀ ਹੈ।

**ਵਿਸਥਾਰ**—ਸਾਵਣ ਦੇ ਮਹੀਨੇ ਮੀਂਹ ਪਿਆਂ ਆਪ-ਮੁਹਾਰੇ ਬਨਸਪਤੀ ਖਿੜ ਪੈਂਦੀ ਹੈ, ਤਿਵੇਂ ਇਹ ਪੱਕ ਹੈ ਕਿ ਜਿਸ ਜੀਵ-ਇਸਤ੍ਰੀ ਨੇ ਪ੍ਰਭੂ ਦੇ ਕਮਲ ਜਿਹੇ ਖਿੜੇ ਚਰਨਾਂ ਨਾਲ ਪਿਆਰ ਪਾ ਲਿਆ ਉਸ ਨੂੰ ਖੇੜਾ ਮਿਲਣਾ ਅਵੱਸ਼ ਹੈ।

ਨਿਮ੍ਰਤਾ ਤੇ ਰਜ਼ਾ ਵਿਚ ਟੁਰਨ ਵਾਲੀ ਜੀਵ-ਇਸਤ੍ਰੀ ਨੂੰ ਖ਼ੁਸ਼ੀ ਤੇ ਖੇੜਾ ਹਰ ਸੂਰਤ ਮਿਲਦਾ ਹੈ। ਐਸੀ ਖਿੜੀ (ਸਰਸੀ) ਤੇ ਖੇੜੇ ਵਿਚ ਰਹਿਣ ਵਾਲੀ ਜੀਵ-ਇਸਤਰੀ ਦੇ ਤਨ ਮਨ ਵਿਚ ਸੱਚ ਸੁਰਾਇਤ ਕਰ ਜਾਂਦਾ ਹੈ ਤੇ ਉਸ ਦੀ ਟੇਕ ਇਕੋ ਵਾਹਿਗੁਰੂ ਦਾ ਨਾਮ ਹੋ ਜਾਂਦਾ ਹੈ। ਸੱਚ ਦਾ ਵਿਹਾਰ ਹੀ ਕਰਦੀ ਹੈ ਐਸੀ ਆਤਮਾ ਅਤੇ ਹੋਰ ਬਾਹਰਲੇ ਸਹਾਰੇ ਨਹੀਂ ਤੱਕਦੀ। ਇਕ ਵਾਹਿਗੁਰੂ ਦੀ ਟੇਕ ਰੱਖਣ ਵਾਲੇ ਨੂੰ ਮਾਇਆ

ਦਾ ਹਰ ਰੂਪ ਜ਼ਹਿਰ ਨਿਆਈਂ ਲੱਗਦਾ ਹੈ ਤੇ ਇਹ ਸਝੀ ਹੋ ਜਾਂਦੀ ਹੈ ਕਿ ਜੋ ਦਿੱਸਦਾ ਸੰਸਾਰ ਹੈ, ਇਹ ਸੁਆਹ ਹੋ ਜਾਣਾ ਹੈ ।

ਜਗਤ ਨੂੰ ਨਾਸਵੰਤ ਸਮਝਣ ਵਾਲਾ ਸੰਸਾਰ ਦੀ ਤੜਕ ਭੜਕ ਪਿੱਛੇ ਨਹੀਂ ਨੱਸਦਾ ਤੇ ਦਿੱਸਦੇ ਸੰਸਾਰ ਨੂੰ ਨਾਸਵੰਤ ਜਾਣ ਪਿੱਛੇ ਨਹੀਂ ਭਟਕਦਾ । ਉਸ ਦਾ ਇਕੋ ਕਰਮ ਬਣ ਜਾਂਦਾ ਹੈ ਕਿ ਵਾਹਿਗੁਰੂ ਦੇ ਗੁਣ ਪ੍ਰੱਗੇ ਅਤੇ ਪ੍ਰਭੂ ਪਾਇਆਂ ਦੀ ਸੰਗਤ ਵਿਚ ਜਾ ਕੇ ਬੜੇ ਪਿਆਰ ਨਾਲ ਗਾਏ। ਉਸ ਨੂੰ ਪ੍ਰਭੂ ਦੀਆਂ ਵਡਿਆਈਆਂ ਦੀਆਂ ਪਿਆਰ ਭਰੀਆਂ ਗੱਲਾਂ ਜੋ ਬਾਣੀ ਵਿਚ ਕੀਤੀਆਂ ਹਨ, ਮਿੱਠੀਆਂ ਲੱਗਦੀਆਂ ਹਨ : **'ਹਰਿ ਅੰਮ੍ਰਿਤ ਬੂੰਦ ਸੁਹਾਵਣੀ ।'**

ਸਾਧੂ ਦੀ ਸੰਗਤਿ ਵਿਚ, ਬਾਣੀ ਰਾਹੀਂ ਗੁਣ ਗਾਂਦੇ ਹੀ ਪਤਾ ਲੱਗਦਾ ਹੈ ਕਿ ਵਾਹਿਗੁਰੂ ਸਰਬ ਸ਼ਕਤੀਮਾਨ (ਸਮ੍ਰਥ) ਹੈ, ਹਰ ਥਾਂ (ਪੂਰਨ) ਹੈ ਤੇ ਉਸ ਦਾ ਪਾਰਾਵਾਰ ਅਸੀਂ ਨਹੀਂ ਪਾ ਸਕਦੇ ਪਰ ਉਸ ਦੀ ਹੋਂਦ ਵਿਆਪਕਤਾ ਦੀ ਨਿਸ਼ਾਨੀ ਹੈ ਕਿ ਉਸ ਕਾਰਨ ਹੀ (ਪ੍ਰਭ ਸੰਗਿ) ਵੱਡੇ ਜੰਗਲ ਤੇ ਘਾਹ ਬੂਟੇ ਤਕ ਤੇ ਸਭ ਬਨਸਪਤੀ ਪ੍ਰਫੁਲਤ ਹੈ । ਐਸੇ ਸਮ੍ਰਥ ਪੁਰਖ ਅਪਾਰ, ਜਿਸ ਸੱਭ ਨੂੰ ਹਰਿਆਂ ਕੀਤਾ ਹੈ, ਜਗਿਆਸੂ ਦਾ ਚਿੱਤ ਵੀ ਉਸ ਨੂੰ ਮਿਲਣ ਲਈ ਤਰਸਣ ਲੱਗ ਪੈਂਦਾ ਹੈ ਕਿ ਉਹ ਮਿਲੇ ਤਾਂ ਹਿਰਦਾ ਖਿੜੇ ।

ਇਹ ਵੀ ਸੰਗਤ ਕਰ ਹੀ ਸੋਝੀ ਹੋਈ ਕਿ ਕਿਸੇ ਕਰਮ ਨਾਲ ਨਹੀਂ ਵਾਹਿਗੁਰੂ ਦੀ ਨਜ਼ਰ ਸਵੱਲੀ ਹੋਈ ਤਾਂ ਉਸ ਨੇ ਬਖ਼ਸ਼ਸ਼ ਕਰ ਆਪੇ ਮਿਲਣਾ ਹੈ । ਉਸ ਦਾ ਮਿਲਾਪ ਤਾਂ ਰਹਿਮਤ ਨਾਲ ਹੀ ਹੋਣਾ ਹੈ, ਪਰ ਐਸਿਆਂ ਪਿਆਰਿਆਂ (ਸਖੀਏ) ਦੀ ਸਦੀਵੀ ਸੰਗਤ ਹੀ ਜੇ ਮਿਲ ਜਾਏ ਜਿਨ੍ਹਾਂ ਉਸ ਨੂੰ ਪਾਇਆ ਹੈ ਤਾਂ ਵੀ ਬੜੀ ਖ਼ੁਸ਼-ਕਿਸਮਤੀ ਗਿਣਨੀ ਚਾਹੀਦੀ ਹੈ । ਉਹ ਪ੍ਰਭੂ ਪਾਏ ਹੀ, ਸ਼ਬਦ ਰਾਹੀਂ ਗੁਣ ਗਾਉਣ ਦੀ ਜਾਚ ਦੱਸਣਗੇ ਤੇ ਸੁਰਤਿ ਨੂੰ ਮਾਇਆ ਤੋਂ ਉੱਚਾ ਕਰ ਦੇਣਗੇ ।

ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਨਿਮ੍ਰਤਾ ਨਾਲ ਅਰਦਾਸ ਕਰਦੇ ਹਨ ਕਿ ਵਾਹਿਗੁਰੂ ਜੀਓ, ਬਖ਼ਸ਼ਸ਼ ਕਰ ਕੇ ਸ਼ਬਦ ਦਾ ਮੀਂਹ ਵਰਸਾਓ ਤਾਂ ਕਿ ਸਰੀਰਾਂ ਤੋਂ ਉੱਚੇ ਹੋ ਜਾਈਏ। ਮਾਇਆ ਦਾ ਹਰ ਰੂਪ ਕੌੜਾ ਲੱਗੇ ਤੇ ਆਤਮਾ ਘੜੀ ਜਾਏ । ਐਸਿਆਂ ਪ੍ਰਭੂ ਪਾ ਲਇਆਂ (ਸੋਹਾਗਣੀਆਂ) ਲਈ ਸਾਵਣ ਕਰਮਾਂ ਵਾਲਾ ਹੋ ਗਿਆ ਜਿਨ੍ਹਾਂ ਦੇ ਹਿਰਦੇ ਵਿਚ ਲਗਾਤਾਰ ਉਸ ਦੀ ਹਜ਼ੂਰੀ ਦਾ ਚਾਨਣ ਹੋ ਗਿਆ **'ਰਾਮ ਨਾਮੁ ਉਰਿ ਹਾਰੁ ।'** ਹਾਰ ਵਾਂਗ ਹਿਰਦੇ ਵਿਚ ਚਿਹਰੇ ਦੀ ਚਮਕ ਤੋਂ ਹੀ ਦਿੱਸ ਪੈਂਦਾ ਹੈ ਕਿ ਉਹਨਾਂ ਪ੍ਰਭੂ ਪਾਇਆ ਹੋਇਆ ਹੈ। ਰਾਮ ਨਾਮ ਅੰਦਰ ਹੋਆਂ, ਹੁਣ ਦੱਸਣ ਦੀ ਲੋੜ ਨਹੀਂ ਪੈਂਦੀ। ਮੂੰਹੋਂ ਨਹੀਂ ਕਹਿਣਾ ਪੈਂਦਾ ਕਿ ਮੈਨੂੰ ਪ੍ਰਭੂ ਮਿਲਿਆ ਹੈ । ਇਹ ਲਗਾਤਾਰ ਚਾਨਣ; ਨਿਮ੍ਰਤਾ, ਸੰਗਤ ਕਰਨ, ਉਸ ਦੇ ਗੁਣ ਗਾਉਣ, ਸੰਸਾਰ ਨੂੰ ਨਾਸਵੰਤ ਜਾਨਣ ਅਤੇ ਸ਼ਬਦ ਦੇ ਲੜ ਲੱਗਣ ਨਾਲ ਹੀ ਹੋਇਆ ਹੈ ।

**ਸ਼ਬਦ ਭਾਵ :**

**ਸਾਵਣਿ**—ਲਗਾਤਾਰ ਮੀਂਹ ਪੈਣ ਵਾਲਾ ਮਹੀਨਾ। (Showery Month)

**ਸਰਸੀ**—ਖਿੜੀ ਰਸ ਵਾਲੀ। (Bloom)

**ਕਾਮਣਿ**—ਇਸਤਰੀ। ਜੀਵ ਇਸਤ੍ਰੀ।

**ਚਰਣ ਕਮਲ**—ਕੰਵਲ ਵਾਂਗ ਖਿੜੇ ਪੈਰ। ਸਦਾ ਖਿੜੇ ਰਹਿਣ ਵਾਲਾ ਪ੍ਰਭੂ।

**ਸਚ ਰੰਗਿ**—ਸੱਚ ਨਾਲ ਰੰਗਿਆ। (Imbued with Truth)

**ਆਧਾਰ**—ਟੇਕ।

**ਬਿਖਿਆ ਰੰਗ ਕੂੜਾਵਿਆ**—ਮਾਇਆ ਦੇ ਸਾਰੇ ਰੂਪ ਕੌੜੇ ਜ਼ਹਿਰ।

**ਛਾਰੁ**—ਸੁਆਹ; ਖ਼ਾਕ। ਨਾਸ਼ਵੰਤ।

**ਹਰਿ ਅੰਮ੍ਰਿਤ ਬੂੰਦ**—ਵਾਹਿਗੁਰੂ ਨਾਮ ਦੀ ਅਮਰ ਕਰਨ ਵਾਲੀ ਬਾਣੀ। ਵਾਹਿਗੁਰੂ ਦੀਆਂ ਵਡਿਆਈਆਂ ਦੀਆਂ ਬਾਣੀ ਵਿਚ ਕੀਤੀਆਂ ਗੱਲਾਂ।

**ਸਦ ਬਲਿਹਾਰ**—ਹਮੇਸ਼ਾਂ ਸਦਕੇ। ਕਦੇ ਨ ਵਿੱਛੜਾਂ। ਸਦਾ ਸੰਗਤ ਕਰਦੇ ਰਵ੍ਹਾਂ।

**ਮਇਆ ਕਰਿ**—ਮੇਹਰ ਕਰੋ।

**ਸਬਦਿ ਸਵਾਰਣਹਾਰ**—ਸ਼ਬਦ ਨੇ ਹੀ ਆਤਮਾ ਘੜ ਸਵਾਰਨੀ ਹੈ। ਮਾਇਆ ਤੋਂ ਉੱਚਾ ਕਰਨਾ ਹੈ।

**ਰਾਮ ਨਾਮੁ ਉਰਿਹਾਰ**—ਰਾਮ ਨਾਮ, ਹਾਰ ਵਾਂਗ ਹਿਰਦੇ ਵਿਚ। ਸਦਾ ਹਜ਼ੂਰੀ ਦਾ ਪ੍ਰਕਾਸ਼। ਕਿਸੇ ਸ਼ੈ ਦਾ ਹਰ ਇਕ ਨੂੰ ਆਪੇ ਹੀ ਦਿੱਸ ਪੈਣਾ। ਜਿੱਥੇ ਕਹਿਣ ਕਹਿਲਾਉਣ ਦੀ ਲੋੜ ਨਾ ਭਾਸੇ।

——

ਭਾਦੋਂ

ਭਾਦੁਇ ਭਰਮ ਭੁਲਾਣੀਆ, ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ, ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ, ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ, ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ, ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ, ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ, ਸੋ ਲੁਣੈ, ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ, ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ, ਗੁਰੂ ਰਖਣ ਵਾਲਾ ਹੇਤੁ ॥੭॥

**ਸਾਰ**—ਭਾਦੁਇ ਦੋ ਭਾਵਾਂ ਦਾ ਮਹੀਨਾ ਹੈ ਅਤੇ ਦੋ ਭਾਵਾਂ, ਦੁਬਿਧਾ ਵਿਚ ਰਹਿਣਾ ਹੀ ਨਰਕ ਹੈ।

ਭਾਦੁਇ ਦੇ ਮਹੀਨੇ ਬੱਦਲ ਚੜ੍ਹ ਕੇ ਆਂਦੇ ਹਨ, ਪਰ ਦੇਖਦੇ ਹੀ ਦੇਖਦੇ ਛਾਈਂ ਮਾਈਂ ਹੋ ਜਾਂਦੇ ਹਨ। ਇਹ ਮੌਸਮ ਨਿਚਲਾ ਜਿਹਾ, ਭਰਮ ਵਿਚ ਰੱਖਣ ਵਾਲਾ ਹੁੰਦਾ ਹੈ। ਵੱਟ ਤੇ ਘਬਰਾ ਪੈਦਾ ਕਰਦਾ ਹੈ।

ਕਾਪੜ ਤਨ ਨਹੀਂ ਸੁਖਾਂਦਾ। ਭੜਕੀ ਲੱਗੀ ਰਹਿੰਦੀ ਹੈ। ਮੁੜ੍ਹਕਾ ਚੋਂਦਾ ਰਹਿੰਦਾ ਹੈ। ਜੇ ਕੋਈ ਗਰਮੀ ਦੂਰ ਕਰਨ ਦਾ ਉਪਾ ਕਰੀਏ ਵੀ ਤਾਂ ਵੀ ਕੰਮ ਨਹੀਂ ਆਉਂਦਾ। ਜਿੱਥੇ ਰਤਾ ਕੁ ਸੁਖਾਵੀਂ ਥਾਂ ਦੇਖੀਦੀ ਹੈ ਉਥੇ ਭੱਜ ਕੇ ਜਾਈਦਾ ਹੈ। ਉਂਝ ਇਹ ਮਹਿਸੂਸ ਹੁੰਦਾ ਹੈ ਨਰਕ ਵਿਚ ਹੀ ਪੈ ਗਏ ਹਾਂ। ਸੋ ਭਾਦੁਇ ਮਹੀਨੇ ਦੀ ਉਦਾਹਰਣ ਦੇ ਕੇ ਸਮਝਾ ਰਹੇ ਹਨ ਕਿ ਭਰਮ ਕਾਰਨ ਹੀ ਇਹ ਜਗਤ ਪਿਆਰਾ ਲੱਗਦਾ ਹੈ। ਵਹਿਮਾਂ ਵਿਚ ਪੈ ਜਾਣ ਕਾਰਨ ਹੀ ਕਰਮ ਕਾਂਡਾਂ ਦੇ ਜਾਲ ਵਿਚ ਪੈ ਜਾਈਦਾ ਹੈ : '**ਲਖ ਸੀਗਾਰ ਬਣਾਇਆ।**' ਵਹਿਮ ਭਰਮ ਵਿਚ ਫਸੇ ਹੋਣ ਕਾਰਨ ਹੀ ਜੀਵ ਨਹੀਂ ਜਾਣਦਾ ਕਿ ਕਰਮ ਕਿਸੇ ਕੰਮ ਨਹੀਂ ਆਉਣੇ। ਭਰਮ ਵਿਚ ਪਿਆ ਹੋਇਆ ਹੀ ਸਰੀਰ ਨਾਲ ਪਿਆਰ ਕਰਦਾ ਹੈ। ਸੰਸਾਰ ਨਾਲ ਹਿਤ ਕਰਦਾ ਹੈ, ਸੰਬੰਧੀਆਂ ਨੂੰ ਸਭ ਕੁਝ ਜਾਣਦਾ ਹੈ, ਪਰ ਇਤਨਾ ਨਹੀਂ ਜਾਣਦਾ ਕਿ ਕਿਸੇ ਸਾਥ ਨਹੀਂ ਦੇਣਾ। ਜੇ ਜ਼ਿੰਦਗੀ ਭਰ ਭਰਮਾਂ ਵਿਚ ਪਿਆ ਰਿਹਾ ਤਾਂ ਰਹਿਮਤ ਦਾ ਫਲ ਨਹੀਂ ਲੈ ਸਕੇਗਾ।

ਨਿੱਤ ਨਵੀਆਂ ਟੇਕਾਂ ਭਾਲਣ ਵਾਲਿਆਂ ਨੂੰ ਇਸ ਭਾਦੁਇ ਰਾਹੀਂ ਸਮਝਾਇਆ ਹੈ ਕਿ ਪ੍ਰਭੂ ਨੂੰ ਛੱਡ ਹੋਰ ਕਿਸੇ ਨਾਲ ਹਿੱਤ ਨਹੀਂ ਕਰਨਾ। ਜੋ ਬਾਣੀ ਦਾ ਜਹਾਜ਼ ਵਾਹਿਗੁਰੂ ਨੇ ਮੇਹਰ ਕਰ ਕੇ ਬਣਾਇਆ ਹੈ (ਬੋਹਿਥ ਪ੍ਰਭ ਦੇਤੁ) ਉਸ ਵਿਚ ਸਵਾਰੀ ਕਰਨੀ ਹੈ। ਕਰਮਾਂ ਦਾ ਖਹਿੜਾ (ਲਖ ਸੀਗਾਰ) ਛੱਡ ਦੇਣਾ ਹੈ। ਪਿਆਰੇ ਦੇ ਪਿਆਰ ਤੇ ਨਿਗਾਹ ਰੱਖਣੀ ਹੈ। ਇਸ ਤਰ੍ਹਾਂ ਕਦੇ ਨਰਕਾਂ ਦੇ ਭਾਗੀ ਨਹੀਂ ਹੋਵਾਂਗੇ।

**ਵਿਸਥਾਰ**—ਭਾਦੁਇ ਦਾ ਮਹੀਨਾ ਦੋ ਭਾਵਾਂ ਵਾਲਾ ਹੋਣ ਕਾਰਨ ਭਰਮ ਛਾਇਆ ਰਹਿੰਦਾ ਹੈ। ਕਦੇ ਬੱਦਲ ਤੇ ਕਦੇ ਕੜਕਦੀ ਧੁੱਪ। ਇਸ ਦੋ ਭਾਇ ਕਰ ਕੇ ਵੱਟ ਪੈਦਾ ਹੁੰਦਾ ਹੈ, ਚਿੱਤ ਕਾਹਲਾ ਪੈਂਦਾ ਹੈ। ਕੋਈ ਬਾਹਰਲੀ ਟੇਕ ਪਉਣ ਪਾਣੀ, ਵੀ ਵੱਟ ਹਟਾਉਣ, ਮੁੜ੍ਹਕਾ ਸੁਕਾਉਣ ਲਈ ਕਾਰਗਰ ਨਹੀਂ ਹੁੰਦੀ। ਜਦ ਸੁਖਾਵਾਂ ਵਾਤਾਵਰਨ ਤੇ ਖੁੱਲ੍ਹਾ ਜਲ ਮਿਲੇ ਤਾਂ ਕਿਧਰੇ ਸੁੱਖ ਦਾ ਸਾਹ ਆਂਦਾ ਹੈ।

ਜੇ ਬਦਲਦੇ ਮੌਸਮ ਕਾਰਨ ਇਹ ਹਾਲਤ ਜਿੰਦ ਤੇ ਜਿਸਮ ਦੀ ਹੋ ਜਾਂਦੀ ਹੈ ਤਾਂ ਜ਼ਰਾ ਸੋਚੋ ਕਿ ਜੋ ਸਾਰੀ ਜ਼ਿੰਦਗੀ ਹੀ ਇਸ ਭਰਮ ਵਿਚ ਪਿਆ ਰਿਹਾ ਕਿ ਸੰਸਾਰ ਸਦਾ ਕਾਇਮ ਰਹਿਣ ਵਾਲਾ ਹੈ, ਸਰੀਰ ਨੇ ਕਦੇ ਨਾਸ਼ ਨਹੀਂ ਹੋਣਾ ਤੇ ਇਸ ਭਰਮ ਕਾਰਨ ਪ੍ਰਭੂ ਨੂੰ ਛੱਡ ਹੋਰਨਾਂ ਸ਼ੈਆਂ ਨਾਲ ਪਿਆਰ ਪਾ ਬੈਠਾ, ਉਸ ਦਾ ਕੀ ਹਾਲ ਹੋਵੇਗਾ? ਜਿਵੇਂ ਕੋਈ ਇਸਤਰੀ ਆਪਣੇ ਪਤੀ ਨੂੰ ਛੱਡ ਕਿਸੇ ਅਜਨਬੀ ਨਾਲ ਪਿਆਰ ਪਾ ਲਵੇ

ਤੇ ਫਿਰ ਲੱਖਾਂ ਹੀ ਸ਼ਿੰਗਾਰ ਹਾਰ ਕਰੇ ਉਸ ਦੇ ਪੱਲੇ ਫਿਟਕਾਰ ਹੀ ਪਵੇਗੀ ।

ਤਿਵੇਂ ਜੋ ਪ੍ਰਭੂ ਦਾ ਧਿਆਨ ਛੱਡ ਹੋਰ ਮਾਇਆ ਅਤੇ ਮਾਇਆ ਦੇ ਰੂਪਾਂ ਵੱਲ ਝਾਕਦੇ ਹਨ ਤੇ ਫਿਰ ਮਨੁੱਖਾਂ ਦੇ ਹੀ ਬਣਾਏ ਲੱਖਾਂ ਸ਼ਾਸਤਰੀ ਕਰਮ ਕਰਦੇ ਹਨ, ਉਹ ਐਸੇ ਭਰਮ ਵਿਚ ਪੈਂਦੇ ਹਨ ਕਿ ਇਤਨਾ ਤਕ ਨਹੀਂ ਜਾਣ ਸਕਦੇ ਕਿ ਇਹਨਾਂ ਕੀਤੇ ਕਰਮਾਂ ਨੇ ਕੁਝ ਨਹੀਂ ਸਵਾਰਨਾ । ਮਨਾ, ਇਤਨਾ ਤਾਂ ਸਮਝ ਕਿ ਜਿਸ ਸਰੀਰ ਦੀ ਰੱਖਿਆ ਲਈ ਅਨੇਕਾਂ ਕਰਮ ਕਰਦਾ ਰਹਿਆ, ਜਦ ਇਹ ਨਾਸ਼ ਹੋ ਗਿਆ, ਵਿੱਚੋਂ ਆਤਮਾ ਉੜ ਗਈ ਤਾਂ ਨੇੜੇ ਦੇ ਹੀ ਇਸ ਨੂੰ ਪ੍ਰੇਤ ਕਹਿ ਕੇ ਛੇਤੀ ਘਰੋਂ ਕੱਢਣ ਲਈ ਕਹਿਣਗੇ । ਆਤਮਾ ਨੂੰ ਜਮਾਂ ਦੇ ਦੂਤ ਜਦ ਪਕੜ ਕੇ ਲੈ ਜਾਣਗੇ ਕੋਈ ਵੀ ਮਦਦ ਤੇ ਨਹੀਂ ਆਵੇਗਾ । ਕਰਮ ਕਿਸੇ ਕੰਮ ਨਹੀਂ ਆਉਣੇ । ਅੱਖ ਦੇ ਫੋਰ ਵਿਚ ਹੀ ਅਤਿ ਪਿਆਰ ਕਰਨ ਵਾਲੇ ਗ਼ੈਰ ਹੋ ਜਾਂਦੇ ਹਨ । ਨੇੜੇ ਦੇ ਹੀ ਦੇਹ ਨੂੰ ਆਪਣੇ ਸਾਹਮਣੇ ਹੀ ਹੱਥਾਂ ਨੂੰ ਮਲਦੇ, ਪਛਤਾਵੇ ਵਿਚ ਸਰੀਰ ਨੂੰ ਕੰਬਦੇ ਅਤੇ ਮੌਤ ਆਈ ਤਕ, ਘਬਰਾਹਟ ਕਾਰਨ ਕਾਲੇ ਰੰਗ ਤੋਂ ਚਿੱਟਾ ਹੁੰਦਾ ਦੇਖਦੇ ਹਨ, ਪਰ ਕਰ ਕੁਝ ਨਹੀਂ ਸਕਦੇ । ਮਜਬੂਰ ਹੋ ਖੜੇ ਤੱਕਦੇ ਰਹਿੰਦੇ ਹਨ । ਉਹ ਨੇੜੇ ਦੇ ਜਾਂ ਹੋਰ ਸੰਬੰਧੀ ਵਿਚਾਰੇ ਕੀ ਕਰ ਸਕਦੇ ਹਨ ਕਿਉਂਕਿ ਜੋ ਪ੍ਰਾਣੀ ਨੇ ਸਰੀਰ ਰੂਪੀ ਖੇਤ ਵਿਚ ਬੀਜਿਆ ਸੀ ਉਹ ਹੀ ਵੱਢ ਰਿਹਾ ਹੁੰਦਾ ਹੈ । ਜੇ ਉਹ ਕਰਮਾਂ ਦੇ ਸਹਾਰੇ ਨਾ ਰਿਹਾ ਹੁੰਦਾ, ਬਾਹਰਲੇ ਸਹਾਰੇ ਨਾ ਤੱਕੇ ਹੁੰਦੇ, ਨਾਸ਼ਵੰਤ ਚੀਜ਼ਾਂ ਨਾਲ ਚਿੱਤ ਨਾ ਜੋੜਿਆ ਹੁੰਦਾ, ਦੁਚਿੱਤਾਪਣ ਨਾ ਅਪਣਾਇਆ ਹੁੰਦਾ ਤਾਂ ਇਥੋਂ ਇਸ ਹਾਲਤ ਵਿਚ ਨਾ ਜਾਂਦਾ ।

ਗੁਰੂ ਅਰਜਨ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੋ ਵਾਹਿਗੁਰੂ ਦੀ ਸ਼ਰਨ ਲੈ ਲੈਂਦੇ ਹਨ ਕਿਸੇ ਹੋਰ ਦੀ ਟੇਕ ਨਹੀਂ ਰੱਖਦੇ ਤੇ ਸੰਸਾਰ ਸਮੁੰਦਰ ਤੋਂ ਵਾਹਿਗੁਰੂ ਦੇ ਹੀ ਭੇਜੇ, ਗੁਰੂ ਵਲੋਂ ਨਿੰਮ੍ਰਤਾ ਵਿਚ ਉਚਾਰੇ, ਸਾਜੇ ਬਾਣੀ ਦੇ ਜਹਾਜ਼ ਤੇ ਚੜ੍ਹ ਜਾਂਦੇ ਹਨ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ । ਉਨ੍ਹਾਂ ਨੂੰ ਨਾ ਸੰਸਾਰ ਵਿਚ ਕੋਈ ਦੁਖ ਵਾਪਰਦਾ ਹੈ ਅਤੇ ਨਾ ਹੀ ਮੌਤ ਵੇਲੇ ਕੋਈ ਪਛਤਾਵਾ ਹੁੰਦਾ ਹੈ । **ਬਾਣੀ ਰੂਪੀ ਗੁਰੂ ਗ੍ਰੰਥ ਸਾਹਿਬ ਦੇ ਜਹਾਜ਼ ਤੇ ਚੜ੍ਹਨ ਦਾ ਹੁਕਮ ਵਾਹਿਗੁਰੂ ਨੇ ਆਪ ਹੀ ਕੀਤਾ ਹੈ । ਬਾਣੀ ਧੁਰੋਂ ਆਈ ਹੈ, ਸਾਡਾ ਫ਼ਰਜ਼ ਉਸ ਤੇ ਟੁਰਨਾ ਹੈ ।** ਇਸੇ ਲਈ ਭੱਟ ਕੀਰਤ ਨੇ ਸਵੱਈਏ ਮਹਲੇ ਤੀਜੇ ਦੇ ਵਿਚ ਫ਼ਰਮਾਇਆ ਹੈ ਕਿ ਬਿਧਾਤੇ ਨੇ ਜਹਾਜ਼ ਬਣਾਇਆ ਕਿ ਸੰਗਤ ਤਰੇ । '**ਬੋਹਿਥਉ ਬਿਧਾਤੇ ਨਿਰਮਯੋ ਸਭ ਸੰਗਤਿ ਕੁਲ ਉਧਰਣ**' ਅਤੇ ਜਿਨ੍ਹਾਂ ਸਿੱਖਾਂ ਨੇ ਉਪਦੇਸ਼ ਚੰਗੀ ਤਰ੍ਹਾਂ ਹਿਰਦੇ ਧਾਰ ਲਿਆ, ਉਹ ਤਤਕਾਲ ਹੀ ਹਰੀ ਚਰਨਾਂ ਨਾਲ ਅਭੇਦ ਹੋ ਗਏ । '**ਜਿਹ ਸਿਖਹ ਸੰਗ੍ਰਹਿਓ ਤਤ ਹਰਿ ਚਰਣ ਮਿਲਾਯਉ ।**' ਉਨ੍ਹਾਂ ਨੂੰ ਕਦੇ ਦੁਬਿਧਾ ਰੂਪੀ ਨਰਕ ਨਹੀਂ ਸਤਾਂਦਾ, ਜਿਨ੍ਹਾਂ ਦਾ ਇਹ ਯਕੀਨ ਪੱਕਾ ਹੈ ਕਿ ਸਦਾ ਪਿਆਰ ਕਰਨ ਵਾਲਾ ਗੁਰੂ ਸਿਰ ਤੇ ਹੈ ।

**ਬਸ, ਜੋ ਸੰਸਾਰ, ਸਾਕ ਤੇ ਸੰਪਤੀ** ਦਾ ਮਾਣ ਕੂੜਾ ਜਾਣਦੇ ਹੋਏ ਕੇਵਲ ਗੁਰੂ ਦੇ ਕਹੇ ਤੇ ਹੀ ਯਕੀਨ ਰੱਖਦੇ ਟੁਰੀ ਜਾਂਦੇ ਹਨ ਉਨ੍ਹਾਂ ਦੀ ਦੁਬਿਧਾ ਮੁੱਕ ਜਾਂਦੀ ਹੈ :

'ਸੇ ਭਾਦੁਇ ਨਰਕਿ ਨ ਪਾਈਅਹਿ।'

ਦੂਜੇ ਨਾਲ ਹੇਤ ਕਰਨ ਨਾਲ ਭਰਮ ਭਟਕਣਾ ਹੈ ਅਤੇ ਗੁਰੂ ਦੀ ਬਾਣੀ ਵਿਚ ਯਕੀਨ ਤੇ ਵਿਸ਼ਵਾਸ ਰੱਖਣ ਵਾਲੇ ਨੂੰ ਨਰਕ ਦਾ ਦੁੱਖ ਨਹੀਂ ਸਹਿਣਾ ਪੈਂਦਾ।

**ਸ਼ਬਦ ਭਾਵ :**

**ਭਾਦੁਇ**—ਦੋ ਭਾਵ ਰੱਖਣ ਵਾਲਾ ਮਹੀਨਾ। ਕਦੇ ਵੱਟ ਕਦੇ ਮੀਂਹ। ਮੌਸਮ ਭਰਮ ਵਿਚ ਪਾਉਣ ਵਾਲਾ ਹੁੰਦਾ ਹੈ।

**ਦੁਜੈ ਲਗਾ ਹੇਤੁ**—ਪ੍ਰਭੂ ਨੂੰ ਛੱਡ ਹੋਰ ਸ਼ੈਆਂ ਨਾਲ ਪਿਆਰ। ਨਾਸ਼ਵੰਤ ਚੀਜ਼ਾਂ ਦੀ ਖਿੱਚ।

**ਲਖ ਸੀਗਾਰ ਬਣਾਇਆ**—ਸਰੀਰ ਸਵਾਰਨ ਤੇ ਸਜਾਵਟ ਦੇ ਲੱਖਾਂ ਢੰਗ। ਅਨੇਕਾਂ ਬਾਹਰਲੇ ਕਰਮ।
(Numerous Decoration in Make up)

**ਕੇਤੁ**—ਕਿਸੇ ਕਾਜ ਨਾਂਹ। (Of Little)

**ਬਿਨਸਸੀ**—ਨਾਸ਼ ਹੋਸੀ। ਰੂਹ ਜਿਸਮ ਵਿਚੋਂ ਪਰਵਾਜ਼ ਕਰੇਗੀ।

**ਪ੍ਰੇਤੁ**—ਪ੍ਰਇਤ। ਅਗੇ-ਗਿਆ। ਮੁਰਦਾ। ਇਸ ਅਵਸਥਾ ਵਿਚ ਪ੍ਰਾਣੀ ਨੂੰ ਬਹੁਤ ਦੁੱਖ ਹੁੰਦਾ ਹੈ।

ਪ੍ਰੇਤ ਪਿੰਜਰ ਮਹਿ ਦੁਖ ਘਨੇਰੇ।
ਨਰਕਿ ਪਚਹਿ ਅਗਿਆਨ ਅੰਧੇਰੇ,
ਦਾ ਫ਼ਰਮਾਨ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਕੀਤਾ ਹੈ।

**ਦੂਤ ਜਮ**—ਮੌਤ ਦੇ ਏਲਚੀ।

**ਹੇਤੁ**—ਪਿਆਰ। ਸਨੇਹ। ਲਗਾਓ।

**ਹਥ ਮਰੋੜੈ**—ਹੱਥ ਮਲਦਾ ਹੈ। ਪਛਤਾਵਾ ਕਰਦਾ ਹੈ।

**ਤਨੁ ਕਪੈ**—ਸਰੀਰ ਡਰ ਵਿਚ ਕੰਬਦਾ ਹੈ।

**ਸਿਆਹਹੁ ਹੋਆ ਸੇਤੁ**—ਕਾਲੇ ਤੋਂ ਚਿੱਟਾ ਹੋਈ ਜਾਂਦਾ ਹੈ। ਰੰਗ ਬਦਲਦਾ ਹੈ। ਖ਼ੂਨ ਸੁਕਦਾ ਹੈ।

**ਕਰਮਾ ਸੰਦੜਾ ਖੇਤੁ**—ਕਰਮ ਕਰਨ ਲਈ ਸਰੀਰ ਰੂਪੀ ਪੈਲੀ। ਸਰੀਰ ਮੂਲ ਸ਼ੈ ਹੈ ਜਿਸ ਤੋਂ ਕੁਝ ਉਪਜਣਾ ਹੈ। ਜੇ ਨਾਮ ਨਹੀਂ ਬੀਜਿਆ, ਮਿਲੇ ਸਵਾਸ ਅਜਾਈਂ ਗਵਾ ਲਏ ਤਾਂ ਵਾਹਿਗੁਰੂ ਦੀ ਪ੍ਰਾਪਤੀ ਕਿੱਥੋਂ। ਇਸੇ ਲਈ ਸਾਰੰਗ ਕੀ ਵਾਰ ਮਹਲਾ ੪ ਵਿਚ ਗੁਰੂ ਨਾਨਕ ਜੀ ਦਾ ਫ਼ਰਮਾਨ ਹੋਇਆ ਹੈ ਕਿ 'ਖੇਤੀ ਜਿਨ ਕੀ ਉਜੜੈ, ਖਲਵਾੜੇ ਕਿਆ ਥਾਉ।'

**ਚਰਣ ਬੋਹਥਿ ਪ੍ਰਭੁ ਦੇਤੁ**—ਇਹ ਬਾਣੀ ਰੂਪੀ ਗੁਰੂ ਗਰੀਬ ਦਾ ਜਹਾਜ਼ ਪ੍ਰਭੂ ਨੇ ਆਪ ਬਖ਼ਸ਼ ਤੇ ਫਿਰ ਨਿਮ੍ਰਤਾ ਧਾਰ ਦਸੇ ਰਾਹ ਤੇ ਆਪੂੰ ਹੀ ਟੁਰਨ ਦਾ ਹੁਕਮ ਵਾਹਿਗੁਰੂ ਨੇ ਕੀਤਾ ਹੈ।

**ਗੁਰ ਰਖਣ ਵਾਲਾ ਹੇਤੁ**—ਪਿਆਰਾ ਗੁਰੂ, ਪਿਆਰ ਵਿਚ ਆ ਆਪਣੇ ਬਿਰਧ ਬਾਣੇ ਦੀ ਲਾਜ ਰੱਖਦੇ, ਹਰ ਇਕ ਦੀ ਰਖਿਆ ਕਰਦਾ ਹੈ।

---

ਅਸੂ

ਅਸੁਨਿ ਪ੍ਰੇਮ ਉਮਾਹੜਾ, ਕਿਉ ਮਿਲੀਐ ਹਰਿ ਜਾਇ।
ਮਨਿ ਤਨਿ ਪਿਆਸ ਦਰਸਨ ਘਣੀ, ਕੋਈ ਆਣਿ ਮਿਲਾਵੈ ਮਾਇ॥
ਸੰਤ ਸਹਾਈ ਪ੍ਰੇਮ ਕੇ, ਹਉ ਤਿਨ ਕੈ ਲਾਗਾ ਪਾਇ॥
ਵਿਣੁ ਪ੍ਰਭ ਕਿਉ ਸੁਖੁ ਪਾਈਐ, ਦੂਜੀ ਨਾਹੀ ਜਾਇ॥
ਜਿੰਨੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ॥
ਆਪੁ ਤਿਆਗਿ ਬਿਨਤੀ ਕਰਹਿ, ਲੇਹੁ ਪ੍ਰਭੂ ਲੜ ਲਾਇ॥
ਜੋ ਹਰਿ ਕੰਤਿ ਮਿਲਾਇਆ, ਸਿ ਵਿਛੁੜਿ ਕਤਹਿ ਨਾ ਜਾਇ॥
ਪ੍ਰਭੂ ਵਿਣੁ ਦੂਜਾ ਕੋ ਨਹੀ, ਨਾਨਕ ਹਰਿ ਸਰਣਾਇ॥
ਅਸੂ ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ॥੮॥

**ਸਾਰ**—ਅਸੂ ਉਮਾਹ ਦਾ ਮਹੀਨਾ ਹੈ। ਗਰਮੀ ਹੁਸੜ ਵੱਟ ਪਿੱਛੇ ਰਹਿ ਗਿਆ ਹੈ। ਖੁੱਲ੍ਹਾ ਮੌਸਮ ਹੋਣ ਨਾਲ ਉਤਸ਼ਾਹ ਹੁੰਦਾ ਹੈ। ਕੰਤ ਨਾਲੋਂ ਵਿਛੜੀ ਔਰਤ ਵਿਚ ਮਿਲਣ ਦਾ ਚਾਅ ਉਠਣਾ ਸੁਭਾਵਕ ਹੈ। ਪੁਛਦੇ ਪਛਾਂਦੇ ਪਿਆਰ ਪਾਈਆਂ ਸਹੇਲੀਆਂ ਨੇ ਹੀ ਦਸਿਆ ਕਿ ਹੋਰ ਝਾਕਾਂ ਮੁਕਾਇਆਂ, ਪਤੀ ਪਿਆਰ ਵਿਚ ਰਹਿਆਂ, ਨਿਮ੍ਰਤਾ ਧਾਰਿਆਂ ਉਹ ਲੜ ਲਗਾ ਲੈਂਦਾ ਹੈ, ਫਿਰ ਵਿਛੋੜੇ ਨਹੀਂ ਪੈਂਦੇ।

ਇਸੇ ਤਰ੍ਹਾਂ ਜੀਵ-ਇਸਤਰੀ ਵਿਚ ਅਸੂ ਦੇ ਸੁਖਾਵੇਂ ਮਾਹੌਲ ਤੇ ਮੌਸਮ ਕਾਰਨ ਮਿਲਣ ਦੀ ਤਾਂਘ ਉੱਠਦੀ ਹੈ। ਪਿਆਸ ਉਪਜਦੀ ਹੈ। ਗੁਰੂ ਹੀ ਰਾਹ ਦਸਦਾ ਹੈ ਕਿ ਜੇ ਦੂਰੀਆਂ ਮਿਟਾਉਣੀਆਂ ਹਨ ਤਾਂ ਪ੍ਰੇਮ ਰਸ ਹਾਸਲ ਕਰਨਾ ਜ਼ਰੂਰੀ ਹੈ ਅਤੇ ਪ੍ਰੇਮ ਰਸ ਦੇ ਸਹਾਇਕ ਸੰਤ ਹਨ। ਪੂਜੇ ਪੁਰਸ਼ ਦੀ ਸੰਗਤ ਅੰਦਰ ਪ੍ਰੇਮ ਦੀਆਂ ਤ੍ਰੰਗਾਂ ਉਠਾ ਤ੍ਰਿਸ਼ਨਾ ਦੀ ਤਰੇਹ ਮੁਕਾ ਸਮਝਾਂਦੇ ਹਨ ਕਿ ਸਹੀ ਪੂਰੀ ਖ਼ੁਸ਼ੀ ਜਗਤ ਦੇ ਤਮਾਸ਼ਿਆਂ ਵਿਚ ਨਾ ਹੋ ਕੇ ਪ੍ਰਭੂ ਪਾਸ ਹੈ। ਸੋ ਆਪਾ ਤਿਆਗ ਉਸ ਦਾ ਲੜ ਪਕੜੋ। ਮੇਹਰ ਕਰਕੇ ਪਤੀ-ਪ੍ਰਭੂ ਜਿਸ ਨੂੰ ਆਪਣੇ ਲੜ ਲਗਾ ਲਏ ਉਸ ਨੂੰ ਫਿਰ ਦੂਰੀਆਂ ਦਾ ਦੁਖ ਨਹੀਂ ਸਹਿਣਾ ਪੈਂਦਾ।

ਹਰਿ ਮਿਲਣ ਦੀ ਪੂਰਤੀ ਹਰੀ ਮਾਲਕ ਨੇ ਹੀ ਕ੍ਰਿਪਾ ਕਰਕੇ ਕਰਨੀ ਹੈ।

**ਵਿਸਥਾਰ :**

ਅਸੂ ਦੇ ਮਹੀਨੇ ਵਾਤਾਵਰਨ ਵਿਚ ਹੁਲਾਰਾ ਹੋਣ ਕਾਰਨ ਸੁਭਾਵਕ ਹੀ ਜੀਵ-ਇਸਤਰੀ ਵਿਚ ਵੀ ਜਿਸ ਨੇ ਸਾਜਿਆ ਹੈ ਉਸ ਨੂੰ ਮਿਲਣ ਦਾ ਉਛਾਲਾ ਉੱਠਦਾ ਹੈ। ਜਿੰਦ ਜਿਸਮ ਵਿਚ ਉਸ ਸਾਜਣ ਹਾਰੇ ਦੇ ਦਰਸ਼ਨਾਂ ਲਈ ਬਹੁਤ ਹੀ ਇੱਛਾ ਉੱਠਦੀ ਹੈ ਅਤੇ ਇਸ ਇੱਛਾ ਲਈ ਆਪਣਿਆਂ ਪਿਆਰਿਆ ਅੱਗੇ ਤਰਲੇ ਵੀ ਪਾਏ ਜਾਂਦੇ ਹਨ। ਹੁੰਦਾ ਇੰਞ ਹੈ ਕਿ ਇਸ ਭਟਕਣਾ ਕਾਰਨ ਕਈ ਨਾਹ-ਸਮਝ ਓਝੜੇ ਪਾ ਦੇਂਦੇ ਹਨ। ਕਰਮਾਂ, ਰੀਤੀਆਂ ਤੇ ਪਦਾਰਥੀ ਸੁਖਾਂ ਦਾ ਸਾਮਾਨ ਇਕੱਠਾ ਕਰਨ ਵਲ ਪਾ ਦੇਂਦੇ ਹਨ। ਉਨ੍ਹਾਂ ਕਰਮਾਂ ਤੇ ਐਸ਼ਾਂ ਦੇ ਸਾਮਾਨਾਂ ਪਿਆਸ ਕੀ ਬੁਝਾਉਣੀ ਸੀ, ਸਗੋਂ ਹੋਰ ਭੜਕੀ ਲਗਾ ਦਿੱਤੀ।

ਰਾਹ ਆਪਣੀ ਅਤਿ ਨੇੜੇ ਦੀ ਜਾਈ ਮਾਂ ਹੀ ਦਸੇਗੀ ਕਿ ਇਹ ਲਗੀ ਪਿਆਸ ਪ੍ਰੇਮ ਰਸ ਨੇ ਹੀ ਮਿਟਾਉਣੀ ਹੈ ਤੇ ਪ੍ਰੇਮ ਰਸ ਦੀ ਪ੍ਰਾਪਤੀ ਦੇ ਸਹਾਇਕ ਕੇਵਲ ਪੁੱਜੇ ਹੋਏ ਪੁਰਸ਼ ਸੰਤ ਹਨ ਤੇ ਕੋਲੋਂ ਉਠੇ ਉਮਾਹ ਨੂੰ ਜੇ ਪ੍ਰੇਮ ਰਸ ਵਿਚ ਵਟਾਉਣ ਦਾ ਵਲ ਸਿੱਖਣਾ ਹੈ ਤਾਂ ਪਹਿਲਾਂ ਨਿਮ੍ਰਤਾ ਧਾਰ ਉਨ੍ਹਾਂ ਦੀ ਸੇਵਾ ਵਿਚ ਜਾਣਾ ਲਾਜ਼ਮੀ ਹੈ।

ਸੰਤ ਪਹਿਲਾਂ ਤਾਂ ਇਹ ਦ੍ਰਿੜ ਕਰਾਉਣਗੇ ਕਿ ਸਭ ਦੁੱਖਾਂ ਦਾ ਦਾਤਾ ਵਾਹਿਗੁਰੂ ਹੈ। ਹੋਰ ਕਿਸੇ ਥਾਂ ਤੀਰਥਾਂ, ਪਦਾਰਥਾਂ ਵਿਚ ਸੁਖ ਦੇਣ ਦੀ ਸ਼ਕਤੀ ਨਹੀਂ ਅਤੇ ਜੋ ਪ੍ਰਭੂ ਦੇ ਪਿਆਰ ਵਿਚ ਝੜੇ ਰਸ ਨੂੰ ਚੱਖ ਲੈਂਦੇ ਹਨ ਉਨ੍ਹਾਂ ਦੀ ਪਿਆਸ ਪੂਰਨ ਤੌਰ ਤੇ ਮਿਟ ਜਾਂਦੀ ਹੈ ਤੇ ਰੱਜੇ ਰੱਜੇ ਰਹਿੰਦੇ ਹਨ। ਤ੍ਰਿਸ਼ਨਾ ਉਨ੍ਹਾਂ ਨੂੰ ਸਤਾਂਦੀ ਨਹੀਂ। ਦੂਜੀ ਥਾਂ ਉਹ ਜਾਂਦੇ ਨਹੀਂ। ਹਰ ਪੱਖੋਂ ਸੰਤੁਸ਼ਟ ਅਤੇ ਪ੍ਰੇਮ ਰਸ ਨਾਲ ਰੱਜੇ ਹੋਏ, ਹੰਕਾਰੀ ਹੋਏ ਨਹੀਂ ਫਿਰਦੇ, ਸਗੋਂ ਹੁਣ ਵਾਹਿਗੁਰੂ ਪਾਸ ਨਿਮ੍ਰਤਾ ਵਿਚ ਤਰਲਾ ਕੱਢਦੇ ਹਨ ਕਿ ਆਪਣੇ ਲੜ ਨਾਲ ਲਗਾ ਲਵੋ, ਮੇਰੀ ਆਪਣੀ ਕੋਈ ਪਾਯਾਂ ਨਹੀਂ।

ਮੇਹਰ ਕਰ ਕੇ ਪ੍ਰਭੂ-ਪਤੀ ਜਿਸ ਜੀਵ-ਇਸਤਰੀ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ਉਸ ਦਾ ਚਿਤ ਫਿਰ ਕਿਧਰੇ ਹੋਰ ਟੁੱਟ ਕੇ ਨਹੀਂ ਜਾਂਦਾ। **'ਵਿਛੜਿ ਕਤਹਿ ਨ ਜਾਇ'**। ਦੂਜੀ ਥਾਂ ਜਾਣ ਦਾ ਚਿਤ ਹੀ ਨਹੀਂ ਕਰਦਾ। ਖ਼ਿਆਲ ਉੱਡਦੇ ਹੀ ਨਹੀਂ। ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਇਹ ਹੀ ਬੇਨਤੀ ਕਰਨ ਲਈ ਕਹਿੰਦੇ ਹਨ ਕਿ ਪ੍ਰਭੂ ਤੁਹਾਡੇ ਬਗ਼ੈਰ ਕੋਈ ਹੋਰ ਦੂਜਾ ਸਾਡਾ ਮਦਦਗਾਰ ਨਹੀਂ। ਸੋ ਆਪਣੀ ਸ਼ਰਨ ਵਿਚ ਰੱਖੋ।

ਉਮਾਹ ਭਰੇ ਅਸੂ ਦੇ ਮਹੀਨੇ ਸੱਚੇ ਪਾਤਸ਼ਾਹ (ਹਰਿ ਰਾਇ) ਨੇ ਜਿਸ ਤੇ ਮੇਹਰ ਕਰ ਕੇ ਆਪਣੇ ਨਾਲ ਮਿਲਾ ਲਿਆ, ਉਸ ਦੀ ਤ੍ਰਿਸ਼ਨਾ ਮੂਲੋਂ ਮੁਕਾ ਕੇ ਪ੍ਰੇਮ ਰਸ ਦੇ ਕੇ ਸਦਾ ਲਈ ਸੁਖਾਂ ਦਾ ਵਸੇਬਾ ਕਰ ਦੇਂਦਾ ਹੈ। ਦੁਖ ਦੂਜੀ ਥਾਂ ਜਾਣ ਵਿਚ ਹੈ ਤੇ ਸੁੱਖ ਪ੍ਰਭੂ ਦੇ ਪਾਸ ਟਿਕਿਆਂ ਹੈ।

**ਸ਼ਬਦ ਭਾਵ :**

**ਅਸੁਨਿ—** ਅਸੂ ਦੇ ਮਹੀਨੇ। ਇਹ ਮਹੀਨਾ ਸੁਭਾਵਕ ਹੀ ਉਮਾਹ ਵਾਲਾ ਹੁੰਦਾ ਹੈ। ਗਰਮੀ ਵਰਖਾ ਨ ਹੋਣ ਕਾਰਨ ਫਿਰਨ ਤੁਰਨ ਦਾ ਉਤਸ਼ਾਹ ਹੁੰਦਾ ਹੈ।

ਪ੍ਰੇਮ ਉਮਾਹੜਾ—ਉੱਛਲ ਉੱਛਲ ਪੈਂਦਾ ਪ੍ਰੇਮ। (Love Surges)
ਕਿਉ ਮਿਲੀਐ ਹਰਿ ਜਾਇ—ਥਾਂ ਤੇ ਕਿਵੇਂ ਜਾਈਏ ਕਿ ਵਾਹਿਗੁਰੂ ਮਿਲੇ।
ਮਾਇ—ਅੰਦਰ ਦੀ ਵੇਦਨਾ ਜਾਣਨ ਵਾਲੀ ਜਣਨੀ, ਅੰਤਹ ਕਰਣ।
ਸਹਾਈ—ਸਹਾਇਕ। (Aidant)
ਪਾਇ—ਪੈਰੀਂ। ਨਿਮ੍ਰਤਾ ਧਾਰ ਪਾਸ ਬੈਠਣਾ।
ਜਾਇ—ਥਾਂ।
ਪ੍ਰੇਮ ਰਸੁ—ਪਿਆਰ ਕਾਰਨ ਜੋ ਰਸ ਅੰਦਰ ਉਪਜਦਾ ਹੈ।
ਤ੍ਰਿਪਤਿ—ਤ੍ਰਿਹ ਦਾ ਪੂਰਨ ਤੌਰ ਤੋ ਮਿਟਣਾ। ਤ੍ਰਿਸ਼ਨਾ ਦਾ ਖ਼ਤਮ ਹੋਣਾ।
ਆਘਾਇ—ਰੱਜੇ ਹੋਏ। (Complete Satisfaction)
ਆਪੁ ਤਿਆਗਿ—ਨਿੱਜੀ ਅਹੰਕਾਰ ਨੂੰ ਤਲਾਂਜਲੀ। ਪ੍ਰਾਪਤੀ ਕਾਰਨ ਜੋ ਹਉਂ ਉੱਪਜਦੀ ਹੈ, ਉਸ ਨੂੰ ਪਰ੍ਹੇ ਹਟਾ ਕੇ।
ਹਰਿ ਕੰਤਿ ਮਿਲਾਈਆ—ਮਾਲਕ ਪ੍ਰਭੂ ਜਿਸ ਨੂੰ ਆਪ ਆ ਮੇਹਰ ਕਰ ਕੇ ਮਿਲਦਾ ਹੈ।
ਕਤਹਿ—ਕਿਧਰੇ ਹੋਰ।
ਵਿਛੁੜਿ ਕਤਹਿ ਨ ਜਾਇ—ਖ਼ਿਆਲ ਤਕ ਉੱਡ, ਕਿਧਰੇ ਹੋਰ ਨਹੀਂ ਜਾਂਦਾ। ਪੂਰਨ ਟਿਕਾ ਮਿਲ ਜਾਂਦਾ ਹੈ।
ਮਇਆ—ਮੇਹਰ।
ਹਰਿ ਰਾਇ—ਪ੍ਰਭੂ ਪਾਤਸ਼ਾਹ। ਸੱਚਾ ਪਾਤਸ਼ਾਹ। (God the King)

---

## ਕਤਕਿ

ਕਤਿਕਿ ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ, ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ, ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨਾ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੂ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ, ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ ॥੯॥

**ਸਾਰ**—ਕਤਕ ਦੇ ਮਹੀਨੇ ਕਮਾਈ ਘਰ ਵੀ ਆਉਂਦੀ ਹੈ ਤੇ ਅੱਗੋਂ ਉੱਦਮ ਕਰ ਬੀਜਾਈ ਵੀ ਕਰਨੀ ਹੁੰਦੀ ਹੈ। ਜਿਸ ਨੇ ਪਹਿਲਾਂ ਬੀਜਿਆ ਨਹੀਂ, ਫਸਲ ਦੀ ਰਾਖੀ ਨਹੀਂ ਕੀਤੀ, ਸਮੇਂ ਸਿਰ ਪਾਣੀ ਨਹੀਂ ਲਾਇਆ, ਉਸ ਦੇ ਘਰ ਉੱਪਜ ਕੀ ਆਉਣੀ ਹੈ ? ਹੁਣ ਦੂਜਿਆਂ ਤੇ ਦੋਸ਼ ਧਰਨ ਦਾ ਕੀ ਲਾਭ। ਇਸੇ ਤਰ੍ਹਾਂ ਉਹਨਾਂ ਜਿਨ੍ਹਾਂ ਇਸ ਬਹੁਮੁੱਲੇ ਜਨਮ ਵਿਚ 'ਕਰਣੀ ਕੀਰਤ' ਕੀਤੀ ਨਹੀਂ, ਮੂਲ ਪ੍ਰਭੂ ਨਾਲੋਂ ਵਿੱਛੜੇ ਹੀ ਰਹੇ, ਮੂੰਹ ਫੇਰ ਦੂਜੀ ਥਾਵੇਂ ਝੱਖਾਂ ਮਾਰਦਾ ਰਹੇ ਅਤੇ ਦੂਜਿਆਂ ਦੇ ਔਗੁਣ ਹੀ ਛਾਂਟਦੇ ਫਿਰਿਆਂ ਨੂੰ ਜਨਮਾਂ ਦੇ ਵਿਛੋੜੇ ਪੈ ਗਏ। ਵਿਛੋੜਾ ਖਾਏ ਨੂੰ ਜ਼ਿੰਦਗੀ ਦਾ ਰਸ ਕਦੇ ਮਿਲ ਹੀ ਨਹੀਂ ਸਕਦਾ। **'ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ।'**

ਹੋਰ ਮਾੜ ਇਹ ਕਿ ਵਾਹਿਗੁਰੂ ਤੋਂ ਦੂਰ ਹੋਏ ਆਪਣੀ ਪੀੜਾ ਵੀ ਕਿਸੇ ਅੱਗੇ ਨਹੀਂ ਦੱਸ ਸਕਦੇ ਕਿਉਂਕਿ ਦੁੱਖ ਤਾਂ ਵਿਛੋੜੇ ਕਾਰਨ ਹੈ ਤੇ ਵਿਛੋੜੇ ਵਿਚ ਕੋਈ ਵਿਚੋਲਾ ਵਿਅਕਤੀ ਵਿਚਾਰਾ ਕੀ ਕਰ ਸਕਦਾ ਹੈ। ਕੋਈ ਮਨੁੱਖ ਦਾ ਦਰਸਾਇਆ ਕਰਮ ਵੀ ਸਹਾਈ ਨਹੀਂ ਹੋ ਸਕਦਾ। ਇਹ ਗੱਲ ਪੱਕੀ ਜਾਣ (ਲਿਖਿਆ ਧੁਰਿ ਸੰਜੋਗ) ਕਿ ਕਿਸੇ ਕਰਮ ਨਾਲ ਵਿਛੋੜੇ ਨਹੀਂ ਮੁੱਕਣੇ। ਉਸ ਦੀ ਰਹਿਮਤ ਸਦਕਾ ਹੀ ਇਹ ਪਈ ਹੋਈ ਦੂਰੀ ਮਿਟਣੀ ਹੈ। ਸੋ ਮਨੁੱਖਾਂ ਅੱਗੇ ਰੋਜ਼ ਕੀਰਨੇ ਪਾਉਣ ਦੀ ਥਾਂ (ਰੋਵਹਿ ਰੋਜ) ਪ੍ਰਭੂ ਅੱਗੇ ਬੇਨਤੀ ਕਰੋ ਕਿ ਆਪਣੀ ਸ਼ਰਨ ਰੱਖੋ ਤੇ ਆਪਣੇ ਨਾਲ ਮਿਲਿਆਂ ਦੀ ਸੰਗਤ ਦੇਵੋ ਤਾਂ ਕਿ ਕਮਾਈ ਕਰਨ ਦਾ ਵੱਲ ਆਵੇ (ਕਤਿਕ ਹੋਵੈ) ਤੇ ਸਭ ਫ਼ਿਕਰ ਤੌਖਲੇ ਮਿਟਣ।

ਸੰਗਤ ਨੇ ਹੀ ਦੁਨੀਆਂ ਵੱਲੋਂ ਹਟਾ ਪ੍ਰਭੂ ਵੱਲ ਮੂੰਹ ਫਿਰਾਉਣਾ ਹੈ ਤੇ ਦੂਜਿਆਂ ਦੇ ਦੋਸ਼ ਫਰੋਲਣ ਦੀ ਰੁਚੀ ਮੁਕਾ ਪ੍ਰਭੂ ਦੇ ਗੁਣ ਗਾਉਣ ਵੱਲ ਲਗਾ ਜਨਮਾਂ ਦੇ ਵਿਛੋੜੇ ਮੁਕਾਉਣੇ ਹਨ।

**ਵਿਸਥਾਰ**—ਕਤਕਿ ਦਾ ਮਹੀਨਾ ਕਟਾਈ ਬੀਜਾਈ ਦਾ ਮਹੀਨਾ ਹੈ। ਉਹ ਹੀ ਕੱਟਣਾ ਹੈ ਜੋ ਬੀਜਿਆ ਸੀ ਤੇ ਉਹ ਹੀ ਬੀਜਣਾ ਹੈ ਜੋ ਪਾਸ ਹੈ, ਸੋ ਦੂਜਿਆਂ ਤੇ ਦੋਸ਼ ਲਗਾ ਇਹ ਕੀਮਤੀ ਸਮਾਂ ਜ਼ਾਇਆ ਨਾ ਕਰ। ਪ੍ਰਭੂ ਦੀ ਘਾਲ ਦੀ ਕਮਾਈ ਕਰ। ਕਿਉਂਕਿ ਪ੍ਰਭੂ ਦੀ ਯਾਦ ਖੁੰਝਾਇਆਂ ਸਭ ਰੋਗ ਆ ਚੰਬੜਦੇ ਹਨ। ਹਰ ਥਾਂ ਵਿਆਪਕ ਪ੍ਰਭੂ ਨੂੰ ਨ ਤੱਕਿਆਂ, ਉਸ ਤੋਂ ਦੂਰ ਹੋਈ ਗਇਆਂ, ਜਨਮਾਂ ਦੇ ਵਿਛੋੜੇ ਪੈ ਜਾਣੇ ਹਨ। ਹੁਣ ਤਾਂ ਆਸਾਨ ਹੈ ਕਿ ਯਾਦ ਕਰ ਵਿਛੋੜਾ ਦੂਰ ਕਰ ਲਿਆ ਜਾਏ, ਪਰ ਜੇ ਮੂੰਹ ਹੀ ਫੇਰ ਲਿਆ ਤਾਂ ਕਦੇ ਮੇਲ ਨਹੀਂ ਹੋਣਾ। ਵਾਹਿਗੁਰੂ ਤੋਂ ਦੂਰ ਰਹਿਆਂ ਨੂੰ ਜ਼ਿੰਦਗੀ ਦਾ ਮਜ਼ਾ ਕਦੇ ਆ ਹੀ ਨਹੀਂ ਸਕਦਾ। ਸੰਸਾਰ ਦੀ ਹਰ ਚੀਜ਼ ਦੁਖਦਾਈ ਲੱਗਣ ਲੱਗ ਪੈਂਦੀ ਹੈ। ਉਸ ਦੁਖਦਾਈ ਹਾਲਤ ਵਿਚ ਕੋਈ ਵਿਅਕਤੀ ਵਿਚੋਲਾ ਵਿਚਾਰਾ ਕੀ ਕਰ ਸਕਦਾ ਹੈ। ਭਾਵੇਂ ਰੋਜ਼ ਕਿਤਨੇ ਕੀਰਨੇ ਮਨੁੱਖ ਅੱਗੇ ਪਾਂਦਾ ਰਵ੍ਹੇ ਦੁੱਖ ਦਾ ਮੂਲ ਵਿਛੋੜਾ ਦੂਰ ਕੀਤੇ ਬਗੈਰ ਚੈਨ ਨਹੀਂ ਮਿਲਣਾ। **ਇਹ ਵੀ ਪੱਕ ਜਾਣ ਲਵੋ ਇਹ ਅਟੱਲ ਨੇਮ ਉਸੇ ਨੇ ਬਣਾਇਆ ਹੈ ਕਿ ਕਿਸੇ ਮਨੁੱਖ ਦੇ ਦੱਸੇ ਕਰਮ ਵੀ ਸਹਾਇਕ**

ਨਹੀਂ ਹੋਣੇ : 'ਕੀਤਾ ਕਿਛੂ ਨਾ ਹੋਵਈ, ਲਿਖਿਆ ਧੁਰਿ ਸੰਜੋਗ।' ਸੋ ਵੱਡੀ ਭਾਰੀ ਮੇਹਰ ਆਪ ਹੀ ਪਿਆਰਾ ਪ੍ਰਭੂ ਕਰੇ ਤਾਂ ਵਿਛੋੜੇ ਦੇ ਦੁੱਖ ਮਿਟਣ। ਕਰਮਾਂ ਦੇ ਟਾਕਰੇ ਮੇਹਰ ਦੀ ਸ਼ਕਤੀ ਦੀ ਬਲਵਾਨਤਾ ਦੱਸ ਰਹੇ ਹਨ। ਕੀਤਾ ਕਿਛੁ ਨਹੀਂ ਹੋਣਾ, ਪਰ ਵਡਭਾਗੀ ਮੇਰਾ ਪ੍ਰਭੂ ਮਿਲੈ ਤਾਂ ਸਭੁ ਦੁਖ ਮਿਟ ਗਏ। ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਬੰਧਨ ਕੱਟਣਹਾਰ ਪ੍ਰਭੂ ਅੱਗੇ ਹੀ ਬੇਨਤੀ ਕਰਦੇ ਹਨ ਕਿ ਆਪਣੀ ਸ਼ਰਣ ਵਿਚ ਲੈ ਕੇ ਦੁੱਖਾਂ ਤੋਂ ਬਚਾ ਲਵੇਂ। ਮਨੁੱਖ ਅੱਗੇ ਰੋਜ਼ ਰੋਣ ਦੀ ਥਾਂ ਪਿਆਰੇ ਪ੍ਰਭੂ ਅੱਗੇ ਇਕੋ ਵਾਰ ਬੇਨਤੀ ਕੀਤਿਆਂ ਵਿਛੋੜੇ ਦੇ ਦੁੱਖ ਮਿਟ ਜਾਂਦੇ ਹਨ। ਕਮਾਈ ਸਫਲ ਹੋ ਗਈ ਜਾਣੋ ਜੇ ਤੇਰੇ ਤਕ ਪੁੱਜਿਆਂ ਦੀ ਸੰਗਤ ਨਸੀਬ ਹੋ ਜਾਵੇ ਕਿਉਂਕਿ ਸੰਗਤ ਕੀਤਿਆਂ ਕਿਸੇ ਪ੍ਰਕਾਰ ਦਾ ਫ਼ਿਕਰ ਨਹੀਂ ਰਹਿੰਦਾ।

**ਸੰਗਤ ਵਿਚ ਪਹਿਲਾਂ ਤਾਂ ਖ਼ੁੱਦ ਪਸੰਦੀ (ਵਿਜੋਗ) ਹੱਟਦੀ ਹੈ, ਸੰਜੋਗ ਹੁੰਦਾ ਹੈ, ਆਪ-ਮੁਹਾਰੇ ਗੁਣ ਗਾਉਣ ਤੇ ਜੀਅ ਕਰਦਾ ਹੈ ਤੇ ਗੁਣ ਗਾਇਆਂ ਯਾਦ ਪੱਕੀ ਹੁੰਦੀ ਹੈ ਤੇ ਯਾਦ ਦ੍ਰਿੜ੍ਹ ਹੋਇਆਂ ਵਿਛੋੜਾ ਮਿਟ ਜਾਂਦਾ ਹੈ।**

**ਸ਼ਬਦ ਭਾਵ :**

ਕਤਕਿ—ਕਟਾਈ ਬੀਜਾਈ ਦਾ ਮਹੀਨਾ। ਕਰਮਸ਼ੀਲ ਮਾਹ। ਸੁਹਾਉਣਾ ਸਮਾਂ।

**ਦੋਸੁ ਨ ਕਾਹੂ ਜੋਗੁ**—ਦੂਜੇ ਤੇ ਇਲਜ਼ਾਮ ਨਾ ਧਰੋ। (Shift not the Blame)

**ਵੇਮੁਖ**—ਮੂੰਹ ਫੇਰਿਆਂ। (Turn Face Away)

**ਜਨਮ ਵਿਜੋਗ**—ਜਨਮਾਂ ਦੇ ਵਿਛੋੜੇ। ਸਦੀਵੀ ਦੁੱਖ, ਨਾ ਮਿਟਣ ਵਾਲੇ ਦੁੱਖ। (Life-Long Isolation)

**ਮਾਇਆ ਭੋਗ**—ਦੁਨਿਆਵੀ ਰਸ। (Wordly Pleasures)

**ਵਿਚੁ**—ਵਿਚੋਲਗੀ।

**ਕਿਸ ਥੈ ਰੋਵਹਿ ਰੋਜ**—ਕਿਸ ਮਨੁੱਖ ਪਾਸ ਜਾ ਤਰਲਾ ਨਿੱਤ ਪਾਈਏ? ਮਨੁੱਖਾਂ ਪਾਸ ਤਰਲਾ ਪਾਉਣ ਦਾ ਕੋਈ ਲਾਭ ਨਹੀਂ। ਇਸ ਦੇ ਉਲਟ ਪ੍ਰਭੂ ਪਾਸ, ਪ੍ਰਭੂ ਰਾਖਿ ਲੇਹਿ ਦੀ ਬੇਨਤੀ ਕੀਤਿਆਂ ਉਹ ਸ਼ਰਣ ਵਿਚ ਲੈ ਲੈਂਦਾ ਹੈ। ਬੇਮੁੱਖ ਹੋਣ ਤੋਂ ਬਚਣ ਦਾ ਰਾਹ ਦੱਸ ਰਹੇ ਹਨ।

**ਕੀਤਾ ਕਿਛੂ ਨਾ ਹੋਵਈ**—ਆਪਣਾ ਜਤਨ (ਕਰਮ ਕਰਤੂਤ) ਨੇ ਰਤਾ ਭਰ ਲਾਭ ਨਹੀਂ ਦੇਣਾ।

**ਲਿਖਿਆ ਧੁਰਿ ਸੰਜੋਗ**—ਧੁਰ ਤੋਂ ਜੋ ਭਾਗ ਲਿਖੇ ਹਨ। ਅਟੱਲ ਨੇਮ ਜੋ ਪ੍ਰਭੂ ਨੇ ਬਣਾਇਆ ਹੈ। (That what is Decreed)

**ਸਭਿ ਬਿਓਗ**—ਵਿਛੋੜੇ ਤੋਂ ਉੱਪਜੇ ਸਭ ਦੁੱਖ।

**ਬੰਦੀ ਮੋਚ**—ਬੇੜੀਆਂ ਕੱਟਣ ਵਾਲਾ। ਨਿਰਬੰਧ ਕਰਤਾ।
(Breaker of Bonds)

——

## ਮੱਘਰ

ਮੰਘਿਰ ਮਾਹਿ ਸੋਹੰਦੀਆ, ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ, ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ, ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ, ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ, ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ, ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ, ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ, ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ, ਬਹੁੜਿ ਨ ਜਨਮੜੀਆਹ ॥੧੦॥

**ਸਾਰ**—ਮੱਘਰ ਦੇ ਮਹੀਨੇ ਰੁੱਤ ਨਿੱਖਰੀ ਹੁੰਦੀ ਹੈ। ਚੰਨ ਦੀ ਚਾਨਣੀ ਸਾਫ਼ ਹੁੰਦੀ ਹੈ। ਸ਼ਿਕਾਰੀ ਲੋਕ ਇਸ ਰੁੱਤ ਦਾ ਲਾਭ ਉਠਾਂਦੇ ਲੋਕਾਂ ਨੂੰ ਨਾਲ ਲੈ ਕੇ ਹਿਰਨ ਦੇ ਸ਼ਿਕਾਰ ਲਈ ਨਿਕਲਦੇ ਹਨ ਜਿਸ ਨੂੰ 'ਮ੍ਰਗਸੀਹਰ' ਕਹਿੰਦੇ ਹਨ। ਰੁੱਤ ਸੁਹਾਣੀ ਹੋਣ ਕਾਰਨ ਸੁਚੇਤਪੁਣਾ ਵੀ ਹੁੰਦਾ ਹੈ।

ਤਿਵੇਂ ਜੋ ਗੁਰੂ ਦੀ ਅਗਵਾਈ ਵਿਚ ਮੋਹ ਤੇ ਕਾਬੂ ਪਾਉਣ ਲਈ ਗੁਰੂ ਪਾਸ ਜਾ ਬੈਠਦੇ ਹਨ ਉਨ੍ਹਾਂ ਦੀ ਰੂਹ ਰੋਸ਼ਨ ਹੋ ਉੱਠਦੀ ਹੈ ਅਤੇ ਉਨ੍ਹਾਂ ਦੀ ਸੋਭਾ ਅਥਾਹ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਹੋ ਜਾਵੇ। 'ਜਿ ਸਾਹਿਬਿ ਮੇਲੜੀਆਹ।' ਸੰਗਤ ਕੀਤਿਆਂ ਪ੍ਰਾਪਤੀ ਦਾ ਹੰਕਾਰ ਨਹੀਂ ਉਪਜਦਾ ਤੇ ਜਿੰਦ ਜਾਨ ਦੋਵੇਂ ਖਿੜੇ ਰਹਿੰਦੇ ਹਨ, ਪਰ ਜੋ ਆਪਣੇ ਹੀ ਜਤਨਾਂ ਵਿਚ ਲੱਗੇ ਹੋਏ ਹਨ, 'ਇਕੇਲੜੀਆਹ', ਆਪਣੇ ਤੇ ਮਾਣ ਕਰਨ ਵਾਲੇ, ਮੋਹ ਦੇ ਸਹਿਮ ਵਿਚ ਰਹਿੰਦੇ ਹਨ ਤੇ ਦੁੱਖ ਕਦੇ ਪਿੱਛਾ ਨਹੀਂ ਛੱਡਦੇ। ਪ੍ਰਭੂ ਦਾ ਪਿਆਰ ਪਾਏ ਸਦਾ ਸੁਚੇਤ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਆਤਮਾ ਉੱਚੀ ਰਹਿੰਦੀ ਹੈ। '**ਦਿਸਨਿ ਨਿਤ ਖੜੀਆਹ** ।' ਉਨ੍ਹਾਂ ਦੇ ਚੇਹਰੇ ਦੀ ਚਮਕ ਝੱਲੀ ਨਹੀਂ ਜਾਂਦੀ। ਇਹ ਹੀ ਬੇਨਤੀ ਹੈ ਕਿ ਜੋ ਤੇਰੇ ਦਰ ਦੇ ਮੁਤਲਾਸ਼ੀ ਹਨ ਅਜਿਹਿਆਂ ਦੀ ਸੰਗਤ ਬਣਾਈ ਰੱਖੇਂ ਤਾਂ ਕਿ ਤੈਨੂੰ ਧਿਆਂਦੇ ਰਹੀਏ ਤੇ ਵਿਛੋੜੇ ਨਾ ਪੈਣ।

**ਵਿਸਥਾਰ**—ਮੱਘਰ ਦੀ ਸੁਹਾਣੀ ਸੀਤਲ ਰੁੱਤੇ, ਰੂਪ ਦੀਆਂ ਹੀ ਮੂਰਤਾਂ ਲੱਗਦੀਆਂ ਹਨ। ਉਹ ਜੀਵ-ਇਸਤ੍ਰੀਆਂ ਜੋ ਆਪਣੇ ਪਤੀ ਪ੍ਰਮਾਤਮਾ ਪਾਸ ਬੈਠ ਅਨੰਦ ਲੈਂਦੀਆਂ ਹਨ ਅਤੇ ਉਨ੍ਹਾਂ ਦੀ ਸੋਭਾ ਤਾਂ ਕੋਈ ਦੱਸ ਹੀ ਨਹੀਂ ਸਕਦਾ ਜਿਨ੍ਹਾਂ ਨੂੰ ਪ੍ਰਭੂ ਨੇ ਆਪ ਮੇਹਰ

ਕਰ ਕੇ ਆਪਣੇ ਨਾਲ ਮਿਲਾ ਲਿਆ ਹੁੰਦਾ ਹੈ। ਕੋਲ ਬੈਠਣਾ ਹੀ ਸੋਹਣਾ ਲੱਗਦਾ ਹੈ, ਪਰ ਉਹ ਕੈਸੇ ਹੋਣਗੇ ਜਿਨ੍ਹਾਂ ਨੇ ਉਸ ਦੀ ਹਜ਼ੂਰੀ ਦਾ ਅਨੰਦ ਲੈ ਲਿਆ ਹੈ।

ਹਜ਼ੂਰੀ ਦਾ ਅਨੰਦ ਮਾਨਣ ਵਾਲੀਆਂ ਰਤਾ ਭਰ ਅਹੰਕਾਰ ਨਹੀਂ ਕਰਦੀਆਂ ਸਗੋਂ ਸੰਗਤ ਵਿਚ ਜਾ ਕੇ ਪ੍ਰਭੂ ਦੇ ਗੁਣ ਗਾ-ਗਾ ਜਿੰਦ ਤੇ ਜਿਸਮ ਨੂੰ ਸਦਾ ਖੇੜੇ ਵਿਚ ਲੈ ਆਂਦੀਆਂ ਹਨ। ਸਦਾ ਨਰੋਆ ਰਹਿੰਦੀਆਂ ਹਨ, ਪਰ ਜੋ ਆਪਣੇ ਹੰਕਾਰ ਵਿਚ ਮਸਤ ਹਨ, ਸਾਧ ਸੰਗਤ ਨਹੀਂ ਕਰਦੀਆਂ, ਉਹ ਛੁੱਟੜ ਹੀ ਰਹਿੰਦੀਆਂ ਹਨ। ਨਿ-ਖਸਮੇਂ ਹੋਣ ਕਾਰਨ, ਕੋਈ ਸਾਈਂ ਮਾਲਕ ਸਿਰ ਤੇ ਨਾ ਹੋਣ ਕਾਰਨ ਮੌਤ ਦੇ ਸਦਾ ਸਹਿਮ ਵਿਚ ਰਹਿੰਦੀਆਂ ਹਨ ਤੇ ਦੁੱਖ ਪਿੱਛਾ ਨਹੀਂ ਛੱਡਦਾ, ਪਰ ਜੋ ਪ੍ਰਭੂ ਮਿਲਾਪ ਦਾ ਅਨੰਦ ਪਾ ਲੈਂਦੀਆਂ ਹਨ ਉਹ ਉਮਾਹ ਵਿਚ ਹੁੰਦੀਆਂ ਹਨ ਤੇ ਕਦੀ ਮਾਯੂਸੀ ਉਹਨਾਂ ਨੂੰ ਨਹੀਂ ਘੇਰਦੀ। 'ਸੇ ਦਿਸਨਿ ਨਿਤ ਖੜੀਆਹ।' ਉਹਨਾਂ ਦੇ ਚਿਹਰੇ ਦੀ ਚਮਕ ਦੀ ਝਾਲ ਨਹੀਂ ਝੱਲੀ ਜਾਂਦੀ ਕਿਉਂਕਿ ਉਹਨਾਂ ਨੇ ਪ੍ਰਭੂ ਦੇ ਗੁਣਾਂ ਦਾ ਕੀਮਤੀ ਹਾਰ ਹਿਰਦੇ ਵਿਚ ਰੱਖਿਆ ਹੁੰਦਾ ਹੈ। ਜਿਵੇਂ ਪਤੀ ਦਾ ਪਿਆਰ ਪਾਈ ਇਸਤ੍ਰੀ ਗਲ ਵਿਚ ਹੀਰੇ ਜਵਾਹਰ ਲਾਲ ਦਾ ਹਾਰ ਗਲੇ ਵਿਚ ਪਾ ਕੇ ਚਾਅ ਵਿਚ ਫਿਰਦੀ ਹੈ ਤੇ ਉਸ ਦੇ ਚਿਹਰੇ ਤੇ ਨਿਰਾਲਾ ਨੂਰ ਹੁੰਦਾ ਹੈ ਤਿਵੇਂ ਪ੍ਰਭੂ ਪਿਆਰ ਪਾਏ ਦੇ ਚਿਹਰੇ ਦੀ ਲਾਲੀ ਨਿਰਾਲੀ ਭਾਅ ਮਾਰਦੀ ਹੈ।

ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਨਾਂ ਦੀ ਛਾਪ ਲਗਾ ਕੇ ਨਿਮਰਤਾ ਵਿਚ ਇਹ ਬੇਨਤੀ ਕਰਦੇ ਹਨ ਕਿ ਮੈਨੂੰ ਉਹਨਾਂ ਦੀ ਚਰਨ ਧੂੜ ਬਖਸ਼ੋ ਪ੍ਰਭੂ, ਜੋ ਤੇਰੇ ਦਰ ਤੇ ਖੜੇ ਸਿਰਫ਼ ਤੇਰੀ ਸ਼ਰਣ ਲੋੜਦੇ ਹਨ। ਮੱਘਰ ਦੀ ਇਸ ਸੁਹਾਵਣੀ ਰੁੱਤੇ ਜਿਨ੍ਹਾਂ ਇਸ ਤਰ੍ਹਾਂ ਤੇਰੇ ਦਰ ਸੁਚੇਤ ਹੋ, ਪਿਆਰ ਵਿਚ ਤੁਹਾਡੇ ਗੁਣ ਗਾਏ ਉਹਨਾਂ ਨੂੰ ਕਦੇ ਫਿਰ ਵਿਛੋੜੇ ਨਹੀਂ ਪਏ। ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਗਏ।੧੦।

**ਸ਼ਬਦ ਭਾਵ :**

**ਮੰਘਿਰਿ**—ਸੁਹਾਣੀ ਸੀਤਲ ਸਰਦ ਰੱਤ ਵਾਲਾ ਮਹੀਨਾ॥

**ਸੋਹੰਦੀਆਂ**—ਦੇਖਣ ਨੂੰ ਸੋਹਣੀਆਂ ਲੱਗਦੀਆਂ ਹਨ। (Beautiful is the Sight)

**ਸਾਹਿਬਿ ਮੇਲੜੀਆਹ**—ਪ੍ਰਭੂ ਨੇ ਆਪੂੰ ਜਿਨ੍ਹਾਂ ਨੂੰ ਨਾਲ ਮਿਲਾਇਆ ਹੈ। ਜਿਨ੍ਹਾਂ ਨੂੰ ਆਪਣੀ ਹਜ਼ੂਰੀ ਬਖਸ਼ੀ ਹੈ।

**ਮਉਲਿਆ**—ਖਿੜ ਪਿਆ। ਸਦਾ ਨਰੋਏ।

**ਜਮ ਕੇ ਵਸਿ ਪੜੀਆਹ**—ਮੌਤ ਦੇ ਸਹਿਮ ਵਿਚ ਪਏ ਰਹਿਣਾ।

**ਸੇ ਦਿਸਨਿ ਨਿਤ ਖੜੀਆਹ**—ਹਮੇਸ਼ਾਂ ਸੁਚੇਤ। ਤਿਆਰ-ਬਰ-ਤਿਆਰ ਦਿੱਸਣ-ਗੀਆਂ। ਸਦਾ ਚੜ੍ਹਦੀ ਕਲਾ ਵਿਚ।

**ਇਕੇਲੜੀਆਹ**—ਨਿਖਸਮੀਆਂ। ਇਕੇਲੇਪਣ ਦੀ ਪੀੜ।

ਬਾਂਛੈ—ਲੋਚਦਾ ਹੈ।

**ਸਰਣੀ ਦਰਿ ਪੜੀਆਹ**—ਪ੍ਰਭੂ ਦੇ ਦਰਵਾਜ਼ੇ ਡਿੱਗ, ਪਨਾਹ ਮੰਗਣੀ।

**ਅਰਾਧਣਾ**—ਪਿਆਰ ਵਿਚ ਆ, ਗੁਣ ਗਾਉਣੇ।

**ਬਹੁੜਿ**—ਫਿਰ।

---

## ਪੋਹ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥
ਓਟ ਗੋਵਿੰਦ ਗੋਪਾਲ ਰਾਇ, ਸੇਵਾ ਸੁਆਮੀ ਲਾਹੁ॥
ਬਿਖਿਆ ਪੋਹਿ ਨ ਸਕਈ, ਮਿਲਿ ਸਾਧੂ ਗੁਣ ਗਾਹੁ॥
ਜਹ ਤੇ ਉਪਜੀ ਤਹ ਮਿਲੀ, ਸਚੀ ਪ੍ਰੀਤਿ ਸਮਾਹੁ॥
ਕਰੁ ਗਹਿ ਲੀਨੀ ਪਾਰਬ੍ਰਹਮਿ, ਬਹੁੜਿ ਨਾ ਵਿਛੁੜੀਆਹੁ॥
ਬਾਰਿ ਜਾਉ ਲਖ ਬੇਰੀਆ, ਹਰਿ ਸਜਣੁ ਅਗਮ ਅਗਾਹੁ॥
ਸਰਮ ਪਈ ਨਾਰਾਇਣੈ, ਨਾਨਕ ਦਰਿ ਪਈਆਹੁ॥
ਪੋਖੁ ਸੋਹੰਦਾ ਸਰਬ ਸੁਖ, ਜਿਸੁ ਬਖਸੇ ਵੇਪਰਵਾਹੁ॥੧੧॥

**ਸਾਰ**—ਪੋਹ ਦੇ ਮਹੀਨੇ ਬਰਫ਼ੀਲੀ ਹਵਾਵਾਂ ਤੇ ਕੱਕਰ ਪੈਣ ਕਾਰਨ ਸੱਖਤ ਠੰਡ ਹੁੰਦੀ ਹੈ ਤੇ ਜੇ ਨਿੱਘ ਮਿਲ ਜਾਵੇ ਤਾਂ ਸਰਦੀ ਨਹੀਂ ਲੱਗਦੀ ਤੇ ਚਾਅ ਉੱਠ ਖੜੋਂਦਾ ਹੈ।

ਇਸ ਤਰ੍ਹਾਂ ਜਿਸ ਜੀਵ-ਇਸਤ੍ਰੀ ਨੂੰ ਪਤੀ ਪ੍ਰਭੂ ਦਾ ਵਸਲ ਪ੍ਰਾਪਤ ਹੋ ਗਿਆ ਉਸ ਦਾ ਸਰਦਪੁਣਾ, ਰੁੱਖਾਪਣ ਜੋ ਇਕੱਲੇਪਣ ਤੋਂ ਉਪਜਿਆ ਸੀ, ਮੁੱਕ ਜਾਂਦਾ ਹੈ। ਹਿਰਦੇ ਵਿਚ ਨਿਮਰਤਾ ਤੇ ਅੱਖਾਂ ਵਿਚ ਪ੍ਰਭੂ ਦਾ ਦੀਦਾਰ ਪਾਉਣ ਕਾਰਨ ਨਿਰਾਲੀ ਚਮਕ ਆਂਵਦੀ ਹੈ। ਬਿਰਤੀ ਜੁੜ ਜਾਂਦੀ ਹੈ। ਸੂਰਜ ਵਤ ਚਮਕਦੇ ਦੁਨੀਆਂ ਦੇ ਮਾਲਕ (ਗੋਵਿੰਦ ਗੋਪਾਲ ਰਾਇ) ਦੀ ਸ਼ਰਨ ਮਿਲ ਜਾਣ ਕਾਰਨ ਪੂਰਨ ਟਿਕਾ ਮਿਲ ਜਾਂਦਾ ਹੈ ਤੇ ਭਗਤੀ ਕਰ ਜੀਵਨ ਦਾ ਮਕਸਦ ਪਾ ਲਈਦਾ ਹੈ।

ਵਿਸ਼ੇ ਵਿਕਾਰ ਨੇੜੇ ਹੀ ਨਹੀਂ ਆ ਸਕਦੇ। ਸਹੀ ਪ੍ਰੇਮ ਦਾ ਸਿੱਟਾ ਇਹ ਨਿਕਲਦਾ ਹੈ ਕਿ ਮੂਲ ਨਾਲ ਜੁੜ ਜਾਈਦਾ ਹੈ ਤੇ ਫਿਰ ਵਿਛੋੜਾ ਪੈਂਦਾ ਹੀ ਨਹੀਂ। ਸਾਡਾ ਇਕ ਹੀ ਕਰਤੱਵ ਹੈ ਕਿ ਉਸ, ਜਿਸ ਦੀ ਕੁਦਰਤ ਜਾਣੀ ਨਹੀਂ ਜਾ ਸਕਦੀ ਅਤੇ ਤੱਤ ਪਾਇਆ ਨਹੀਂ ਜਾ ਸਕਦਾ, ਤੋਂ ਵਾਰਨੇ ਜਾਇਆ ਜਾਵੇ। ਵਾਰਨੇ ਗਿਆਂ ਦੀ ਲਾਜ ਉਹ ਰੱਖਦਾ ਹੈ। ਜਿਸ ਤੇ ਉਸ ਦੀ ਮੇਹਰ ਦਾ ਸੂਰਜ ਚਮਕ ਪਿਆ ਉਹ ਵਿਕਾਰਾਂ ਵਿਸ਼ਿਆਂ ਤੇ ਇਛਾਵਾਂ ਤੋਂ ਉੱਚਾ ਹੋ ਗਿਆ। **'ਬਖਸੇ ਵੇਪਰਵਾਹੁ।'**

**ਵਿਸਥਾਰ**—ਪੋਹ ਦਾ ਮਹੀਨਾ ਕੱਕਰ ਪੈਣ ਕਰ ਕੇ ਪ੍ਰਸਿੱਧ ਹੈ ਅਤੇ ਜੀਵਾਂ ਤੇ ਪ੍ਰਭਾਵ ਪੈਣਾ ਵੀ ਕੁਦਰਤੀ ਹੈ, ਪਰ ਉਸ ਜੀਵ-ਇਸਤ੍ਰੀ ਤੇ ਬਾਹਰਲਾ ਮਾਹੌਲ ਅਸਰਦਾਇਕ ਨਹੀਂ ਹੋ ਸਕਦਾ ਜਿਸ ਦਾ ਅੰਦਰਲਾ ਪਤੀ ਪਰਮਾਤਮਾ ਨਾਲ ਜੁੜਿਆ ਹੋਇਆ ਹੈ। ਉਸ ਪ੍ਰਾਣੀ ਦਾ ਕੋਰਾਪਣ ਨਹੀਂ ਰਹਿੰਦਾ, ਜਿਸ ਦੇ ਹਿਰਦੇ ਪ੍ਰਭੂ ਪਿਆਰਾ (ਹਰਿ ਨਾਲ) ਆ ਟਿਕੇ। ਹਿਰਦਾ ਚਰਨ ਕਮਲਾਂ ਵਿਚ ਤੇ ਦਰਸ਼ਨ ਵਿਚ ਬਿਰਤੀ ਜੁੜਨ ਕਾਰਨ ਖੇੜਾ ਨਿਮਰਤਾ ਤੇ ਨਿਰਾਲੀ ਚਮਕ ਮਿਲ ਜਾਂਦੀ ਹੈ। ਹਰ ਵੇਲੇ ਉਤਸ਼ਾਹ ਬਣਿਆ ਰਹਿੰਦਾ ਹੈ। ਸੂਰਜ ਵਤ ਪ੍ਰਕਾਸ਼ਤ ਰੂਪ, ਧਰਤੀ ਦੇ ਮਾਲਕ ਤੇ ਪਾਲਕ ਦੀ ਸ਼ਰਨ ਵਿਚ ਟਿਕਿਆਂ ਹੀ ਮਿਲਣਾ ਹੈ ਤੇ ਐਸੇ ਮਾਲਕ ਦੀ ਯਾਦ ਵਿਚ ਲੱਗੇ ਰਹਿਣਾ ਹੀ ਜੀਵਨ ਦਾ ਲਾਹ ਖੱਟਣਾ ਹੈ। '**ਸੇਵਾ ਸੁਆਮੀ ਲਾਹੁ**।' ਜੀਵਨ ਦਾ ਲਾਹ ਪਾ ਉਹ ਨਵੇਕਲੇ ਹੋ ਨਹੀਂ ਬੈਠਦੇ ਸਗੋਂ ਹੋਰਨਾਂ ਪ੍ਰਭੂ ਪਾਇਆਂ ਦੀ ਸੰਗਤ ਕਰ ਕੇ ਪ੍ਰਭੂ ਦੇ ਗੁਣਾਂ ਦੀ ਡੂੰਘੀ ਵਿਚਾਰ ਕਰਦੇ ਰਹਿੰਦੇ ਹਨ। ਐਸਿਆਂ ਦੇ ਨੇੜੇ ਵਿਸ਼ੇ ਵਿਕਾਰ ਫੜਕ ਵੀ ਨਹੀਂ ਸਕਦੇ। ਸਹੀ ਪ੍ਰੇਮ, ਸੱਚ ਸਨੇਹ, ਉਸ ਦੀ ਸ਼ਰਨ ਤੇ ਸੰਗਤ ਵਿਚ ਜਾ ਕੇ ਉਸ ਦੇ ਗੁਣ ਗਾਉਣ ਦਾ ਅੰਤਮ ਸਿੱਟਾ ਇਹ ਹੀ ਹੈ ਕਿ ਉਸ ਪ੍ਰੇਮ ਦੇ ਸੋਮੇ ਨਾਲ ਹੀ ਜਾ ਮਿਲੀਦਾ ਹੈ। ਉਹ ਵੀ ਆਪਣਾ ਹੱਥ ਅੱਗੇ ਕਰ ਕੇ ਛਾਤੀ ਨਾਲ ਲਗਾ ਲੈਂਦਾ ਹੈ ਤੇ ਫਿਰ ਕਦੇ ਵਿਛੋੜਾ ਨਹੀਂ ਪੈਂਦਾ। ਸਾਡਾ ਇਕ ਹੀ ਕਰਤੱਵ ਹੈ ਕਿ ਉਸ ਪਿਆਰੇ ਪ੍ਰਭੂ ਮਿੱਤਰ ਤੋਂ ਹਰ ਵੇਲੇ ਕੁਰਬਾਨ ਜਾਂਦੇ ਰਹੀਏ, ਗੁਣ ਗਾਇਆਂ ਕਦੇ ਵੀ ਨਾ ਥੱਕੀਏ। ਜਿਸ ਦੀ ਕੁਦਰਤ ਨੂੰ ਅਸੀਂ ਨਿਗੁਣੇ ਲੋਕ ਜਾਣ ਨਹੀਂ ਸਕਦੇ ਤੇ ਤੱਤ ਨੂੰ ਪਾ ਨਹੀਂ ਸਕਦੇ, ਉਸ ਨੂੰ ਗਾਉਣਾ ਹੀ ਫੱਬਦਾ ਹੈ। 'ਹਰਿ ਸਜਣੁ ਅਗਮ ਅਗਾਹੁ।'

ਗੁਰੂ ਅਰਜਨ ਦੇਵ ਜੀ ਨਾਨਕ ਛਾਪ ਲਗਾ ਕੇ ਕਹਿੰਦੇ ਹਨ ਕਿ ਦਰ ਢੱਠਿਆਂ ਦੀ ਲਾਜ ਉਹ ਆਦਿ ਪੁਰਖ (ਸਰਮ ਪਈ ਨਾਰਾਇਣੈ) ਪਾਲਦੇ ਹੋਏ ਮਾਲਕ ਜੋ ਆਪ ਇਛਾਵਾਂ ਖ਼ਾਹਿਸ਼ਾਂ ਤੋਂ ਉੱਚਾ ਹੈ, ਮੇਹਰ ਦੀ ਦ੍ਰਿਸ਼ਟੀ ਕਰਦਾ ਹੈ ਤੇ ਫਿਰ ਐਸਾ ਸੂਰਜ ਚੜ੍ਹਦਾ ਹੈ ਕਿ ਪੋਹ ਜਿਹਾ ਕਕਰੀਲਾ ਮਹੀਨਾ, ਸਾਰੀਆਂ ਖ਼ੁਸ਼ੀਆਂ, ਸਾਰੇ ਸੁਖ ਦੇਣ ਯੋਗ ਹੋ ਜਾਂਦਾ ਹੈ। ਇੱਛਾਵਾਂ ਤੇ ਵਿਕਾਰਾਂ ਤੋਂ ਉੱਚਾ ਹੋਣ ਵਿਚ ਹੀ ਸੱਭ ਸੁਖ ਤੇ ਸਾਰੀਆਂ ਖ਼ੁਸ਼ੀਆਂ ਹਨ।੧੧।

**ਸ਼ਬਦ ਭਾਵ :**

**ਪੋਖਿ**– ਅਤਿ ਸਰਦੀ ਦਾ ਮਹੀਨਾ।

**ਤੁਖਾਰੁ**—ਕੱਕਰ। (Frost)

**ਹਰਿ ਨਾਹੁ**—ਪਿਆਰਾ ਪ੍ਰਭੂ।

**ਬੇਧਿਆ**—ਵਿੰਨ੍ਹਿਆ।

**ਚਰਨਾਰਬਿੰਦ**—ਚਰਨ ਅਰਬਿੰਦ। ਚਰਨ ਕਮਲ। ਨਿਮ੍ਰਤਾ ਤੇ ਖੇੜਾ।

**ਦਰਸਨਿ ਲਗੜਾ ਸਾਹੁ**—ਦਰਸ਼ਨ ਹੋਏ ਮਾਲਕ ਪ੍ਰਭੂ ਦੇ, ਬਿਰਤੀ ਜੁੜ ਗਈ।

ਰਾਇ—ਪ੍ਰਕਾਸ਼ ਰੂਪ। ਰਾਜਾ।

**ਸੇਵਾ ਸੁਆਮੀ ਲਾਹੁ**—ਮਾਲਕ ਦੀ ਸੇਵਾ ਦਾ ਇਹ ਹੈ ਲਾਭ।

**ਪੋਹਿ ਨ ਸਕਈ**—ਛੂਹ ਤਕ ਨਹੀਂ ਸਕਦੀ। ਨੇੜੇ ਨਹੀਂ ਆ ਸਕਦੀ।

**ਗੁਣ ਗਾਹ**—ਗੁਣਾਂ ਦੀ ਡੂੰਘੀ ਵਿਚਾਰ। (Dwelling his Excellences)

**ਸਚੀ ਪ੍ਰੀਤਿ ਸਮਾਹੁ**—ਸਹੀ ਪਿਆਰ ਦਾ ਸਿੱਟਾ। (Denouement of True Love)

**ਕਰੁ ਗਹਿ ਲੀਨੀ**—ਹੱਥ ਦੇ ਕੇ ਛਾਤੀ ਨਾਲ ਲਗਾਇਆ। ਆਪਣਾ ਬਣਾਇਆ।

**ਬਾਰਿ**—ਵਾਰਨੇ ਸਿਫਤ ਕਰਦੇ ਰਹਿਣਾ।

**ਅਗਮ**--ਜਿਸ ਤਕ ਪਹੁੰਚ ਨਹੀਂ। ਪਹੁੰਚ ਤੋਂ ਪਰ੍ਹੇ।

**ਅਗਾਹੁ**—ਅਗਾਧ। ਅਥਾਹ। ਜਿਸ ਦਾ ਤੱਤ ਨਾ ਪਾਇਆ ਜਾ ਸਕੇ। (Unknowable his Essence)

**ਸਰਮ**—ਲਜਾ।

**ਨਾਰਾਇਣੈ**—ਆਦਿ ਪੁਰਖ।

**ਸੁੋਹੇਦਾ**—ਇਕ ਅੱਖਰ ਨੂੰ ਦੋ ਮਾਤਰਾ ਲੱਗੀਆਂ ਹਨ। ਸ਼ਬਦ ਸੋਹਿੰਦਾ ਹੈ, ਪਰ ਪੜ੍ਹਨਾ ਸੁਹਿੰਦਾ ਹੈ। ਸੁਖਾਵਾਂ। ਨਿੱਘਾ।

**ਬੇਪਰਵਾਹੁ**—ਖ਼ਾਹਿਸ਼ਾਂ ਇੱਛਾਵਾਂ ਤੋਂ ਉੱਚਾ ਪ੍ਰਭੂ।

---

## ਮਾਘ

ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ, ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ, ਬਿਨਸੈ ਲੋਭ ਸੁਆਨੁ ॥
ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ, ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ, ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ, ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

**ਸਾਰ**—ਮਾਘ ਦੇ ਮਹੀਨੇ ਸਰਦੀ ਮੋੜਾ ਖਾਂਦੀ ਹੈ ਤੇ ਇਸ਼ਨਾਨ ਕਰਨ ਨੂੰ ਚਿੱਤ ਕਰਦਾ ਹੈ, ਪਰ ਸ਼ਾਸਤ੍ਰੀ ਕਰਮ ਦ੍ਰਿੜ੍ਹਾਉਣ ਵਾਲਿਆਂ ਮਾਘ ਚੜ੍ਹੇ ਦਿਨ ਇਸ਼ਨਾਨ ਕਰਨ ਨੂੰ ਹੀ ਪੁੰਨ ਕਹਿਣਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਉਦਰ ਪੂਰਨ ਲਈ ਇਹੋ

ਕਹਿਣ ਲੱਗੇ ਕਿ ਜੋ ਇਸ਼ਨਾਨ ਕਰਨ ਉਪਰੰਤ ਖ਼ਾਸ ਸ਼ਰੇਣੀ ਨੂੰ ਦਾਨ ਦੇਵੇਗਾ ਉਸ ਦਾ ਆਵਾਗਉਣ ਕੱਟਿਆ ਜਾਵੇਗਾ। ਗੁਰੂ ਜੀ ਇਨ੍ਹਾਂ ਦੋਹਾਂ ਮਿੱਥਾਂ ਨੂੰ ਤੋੜਦੇ ਕਹਿੰਦੇ ਹਨ ਕਿ ਜੋ ਨਿਮਰਤਾ ਧਾਰ ਸਾਧੂ ਦੀ ਸੰਗਤ ਕਰਦੇ ਹਨ ਆਪ ਜਪਦੇ ਤੇ ਹੋਰਨਾਂ ਨੂੰ ਜਪਾਂਦੇ ਅਤੇ ਇਕ ਖ਼ਾਸ ਸ਼ਰੇਣੀ ਨੂੰ ਦਾਨ ਨਾ ਦੇ ਕੇ ਹਰ ਲੋੜਵੰਦ ਦੀ ਲੋੜ ਪੂਰੀ ਕਰਦੇ ਹਨ ਉਹਨਾਂ ਤੇ ਕਰਮਾਂ ਕਰ ਕੇ ਚੜ੍ਹੀ ਤੰਦ ਮੈਲ (ਜਨਮ ਕਰਮ ਮਲ) ਉਤਰ ਜਾਵੇਗੀ। ਹੰਕਾਰ ਜ਼ੋਰ ਪਾ ਹੀ ਨਹੀਂ ਸਕੇਗਾ। ਕਾਮਾਦਿਕ ਵਿਸ਼ੇ ਕੁੱਤੇ ਵਾਂਗ ਪਿੱਛਾ ਨਹੀਂ ਕਰਦੇ ਰਹਿਣਗੇ। ਨਿਰਮਲ ਤੇ ਪਰਉਪਕਾਰੀ ਸ਼ਖ਼ਸੀਅਤ ਦੀ ਸਾਰੇ ਹੀ ਉਪਮਾ ਕਰਦੇ ਹਨ। ਪ੍ਰਭੂ ਦੀ ਯਾਦ ਨਾ ਵਿਸਰਨ ਤੇ ਹਰ ਇਕ ਦਾ ਦਰਦ ਵੰਡਾਉਣ ਵਿਚ ਸਾਰੇ ਤੀਰਥਾਂ ਦਾ ਇਸ਼ਨਾਨ ਤੇ ਪ੍ਰਵਾਨਿਤ (Accepted) ਤਰਸ ਭਾਵਨਾ ਦੇ ਸਾਰੇ ਕਰਮ ਆ ਗਏ।

ਬੱਸ, ਸੁੱਘੜ ਸਿਆਣੀ ਤੇ ਨਿਰਮਲ ਸ਼ਖ਼ਸੀਅਤ ਉਸੇ ਦੀ ਹੈ ਜਿਸ ਨੂੰ ਇਹ ਸੋਝੀ ਆ ਗਈ ਕਿ ਜੀਵਨ ਦਾ ਮਕਸਦ ਦੁਖੀਆਂ ਦਾ ਦਰਦ ਵੰਡਾਣਾ ਹੈ ਤੇ ਪ੍ਰਭੂ ਦੀ ਯਾਦ ਨਾ ਵਿਸਰਨ ਦੇਣੀ ਹੈ।

**ਵਿਸਥਾਰ**—ਮਾਘ ਦੇ ਮਹੀਨੇ ਹੋਰ ਕਿਸੇ ਮਿਥੇ ਹੋਏ ਇਸ਼ਨਾਨ ਪੁੰਨ ਕਰਮ ਕਰਨ ਦੀ ਲੋੜ ਨਹੀਂ। ਸਿਰਫ਼ ਇਹ ਬਣ ਆਂਦਾ ਹੈ ਕਿ ਸਾਧੂਆਂ ਦੀ ਸੰਗਤ ਕਰੀਏ ਅਤੇ ਪ੍ਰਭੂ ਦੇ ਗੁਣ ਗਾ ਹਿਰਦਾ ਇਤਨਾ ਨਿਰਮਲ ਕਰ ਲਈਏ ਕਿ ਹੰਕਾਰ ਨੇੜੇ ਤਕ ਨਾ ਆਏ। ਜਿਸ ਪੈਂਡੇ ਪੈ ਸਾਧੂ ਪ੍ਰਭੂ ਦਰ ਪੁੱਜਾ ਹੈ ਉਸੇ ਪੈਂਡੇ ਪਈਏ, ਭਾਵੇਂ ਕਿਤਨੀਆਂ ਖੇਚਲਾਂ ਸਹਾਰਣੀਆਂ ਪੈਣ। ਇਸ ਪੈਂਡੇ ਦੀ ਔਖਾਈ ਕਾਰਨ ਜੋ ਪਸੀਨਾ ਆਉਂਦਾ ਹੈ ਉਸ ਨੂੰ ਧੂੜੀ ਇਸ਼ਨਾਨ ਸਮਝੇ। ਸਾਧੂ ਦਾ ਦਰਸਾਇਆ ਰਾਹ ਕਦੇ ਨਾ ਛੱਡੇ। ਸਾਧੂਆਂ ਦੀ ਸੰਗਤ ਵਿਚ ਹੀ ਵਾਹਿਗੁਰੂ ਦੇ ਗੁਣ ਬੜੇ ਧਿਆਨ ਨਾਲ ਵਿਚਾਰੇ ਤੇ ਸੁਣ ਕੇ ਹਿਰਦਾ ਨਿਰਮਲ ਕਰੇ। ਕਿਸੇ ਖ਼ਾਸ ਸ਼ਰੇਣੀ ਨੂੰ ਦਾਨ ਨਾ ਦੇ ਕੇ ਹਰ ਵੇਲੇ ਲੋੜਵੰਦਾਂ ਦੀ ਲੋੜ ਪੂਰੀ ਕਰੇ ਤਾਂ ਕਿ ਉਤਸ਼ਾਹ ਜਾਗਦਾ ਰਵ੍ਹੇ। ਇਸ ਤਰ੍ਹਾਂ ਇਕ ਤਾਂ ਜਨਮਾਂ ਤੋਂ ਕਰਮਾਂ ਦਾ ਦਾਬਾ ਜੋ ਖ਼ਾਸ ਸ਼ਰੇਣੀ ਨੇ ਮਨੁੱਖ ਤੇ ਪਾਇਆ ਹੈ, ਉਸ ਦਾ ਸਹਿਮ ਉਤਰ ਜਾਵੇਗਾ ਅਤੇ ਕਰਮਾਂ ਕਾਰਨ ਜੋ ਹੰਕਾਰ ਦੀ ਮੈਲ ਚੜ੍ਹ ਜਾਂਦੀ ਹੈ ਧੋਤੀ ਜਾਏਗੀ (ਜਨਮ ਕਰਮ ਮਲੁ ਉਤਰੈ)। ਹਿਰਦੇ ਵਿਚ ਹੰਕਾਰ ਉੱਕਾ ਨਾ ਰਹਿਣ ਕਾਰਨ, ਸ਼ੁੱਧ ਹੋ ਜਾਵੇਗਾ। ਸਭ ਵਿਸ਼ਿਆਂ ਵਿਕਾਰਾਂ ਦੀ ਜੜ੍ਹ ਕਰਮ ਅਤੇ ਉਹਨਾਂ ਤੋਂ ਉੱਪਜਿਆ ਹੰਕਾਰ, ਨਾ ਰਹਿਣ ਕਾਰਨ ਕਾਮ ਕ੍ਰੋਧ ਦੀ ਪਕੜ ਛੁੱਟ ਜਾਏਗੀ ਤੇ ਲੋਭ ਜੋ ਇੰਝੇ ਹੀ ਕੁੱਤੇ ਵਾਂਗ ਪਿੱਛਾ ਕਰਨ ਲੱਗ ਪੈਂਦਾ ਹੈ, ਖਹਿੜਾ ਛਡ ਜਾਵੇਗਾ।

ਦੇਖਿਆ ਹੀ ਹੋਵੇਗਾ ਕਿ ਸੜਕ ਗਲੀ ਤੋਂ ਲੰਘੀਏ ਤਾਂ ਕੁੱਤਾ ਆਪ-ਮੁਹਾਰੇ ਪਿੱਛਾ ਕਰਨ ਲੱਗ ਪੈਂਦਾ ਹੈ। ਤਦ ਤਕ ਭੌਂਕਦਾ ਰਹਿੰਦਾ ਹੈ ਜਦ ਤਕ ਅਸੀਂ ਉਸ ਦੀ ਨਜ਼ਰ ਵਿਚ ਹਾਂ।

ਇਹ ਯਕੀਨੀ ਹੈ ਕਿ ਜਿਨ੍ਹਾਂ ਸਾਧੂ ਦਾ ਰਾਹ ਅਪਣਾਇਆ, ਕਰਮਾਂ ਦਾ ਰਾਹ

ਛੱਡ ਵਾਹਿਗੁਰੂ ਦੀ ਸਿਫ਼ਤ ਸਲਾਹ ਦੇ ਪੈਂਡੇ ਪੈ ਗਏ, ਉਹਨਾਂ ਦੀ ਤਾਰੀਫ਼ ਸਾਰਾ ਜਗਤ ਕਰਦਾ ਹੈ। ਇਸ ਮਾਰਗ ਚੱਲਣ ਵਿਚ ਹੀ ਅਠਾਹਠ ਤੀਰਥਾਂ, ਸਾਰੇ ਪੁੰਨ ਤੇ ਜੀਆਂ ਤੇ ਕੀਤੀ ਤਰਸ ਭਾਵਨਾ ਦੇ ਸਾਰੇ ਪ੍ਰਵਾਨਿਤ ਕਰਮ ਆ ਗਏ। ਹੁਣ ਤੀਰਥਾਂ ਤੇ ਜਾਣ, ਦਾਨ ਕਰਨ ਤੇ ਮਿਥੇ ਹੋਏ ਕਰਮ ਕਰਨ ਦੀ ਲੋੜ ਨਹੀਂ। ਸੁੱਘੜ ਸਿਆਣਾ ਵੀ ਉਸੇ ਨੂੰ ਆਖੋ ਜਿਸ ਤੇ ਮਾਲਕ ਦੀ ਮੇਹਰ ਹੋ ਗਈ ਤੇ ਸੱਚੇ ਮਾਰਗ ਟੁਰ ਪਿਆ।

ਗੁਰੂ ਅਰਜਨ ਦੇਵ ਜੀ, ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਮੈਂ ਐਸਿਆਂ ਦੇ ਗੁਣ ਗਾਉਂਦਿਆਂ ਨਾ ਥੱਕਾਂ, ਉਹਨਾਂ ਤੋਂ ਸਦਕੇ ਹਾਂ ਜਿਨ੍ਹਾਂ ਸਚਿਆਰਿਆਂ ਉਸ ਨੂੰ ਪਾ ਲਿਆ ਹੈ। ਉਹ ਹੀ ਹਨ ਸੁੱਚੇ ਕਹਿਲਾਣ ਦੇ ਹੱਕਦਾਰ (ਉਹ ਨਹੀਂ ਜੋ ਇਸ਼ਨਾਨ ਕਰਮ, ਪੁੰਨਦਾਨ ਵਿਚ ਪਏ ਹੋਏ ਹਨ) ਜਿਨ੍ਹਾਂ ਤੇ ਪੂਰੇ ਗੁਰੂ ਦੀ ਮੇਹਰ ਹੋ ਗਈ। ਜਿਨ੍ਹਾਂ ਗੁਰਬਾਣੀ ਨੂੰ ਛੱਡ ਹੋਰ ਕਿਸੇ ਦੀ ਅਗਵਾਈ ਨਹੀਂ ਲਈ।

**ਸ਼ਬਦ ਭਾਵ :**

**ਮਾਘਿ**—ਇਸ ਮਹੀਨੇ ਇਸ਼ਨਾਨ ਦਾ ਮਹੱਤਵ ਕਰਮ ਕਾਂਡੀ ਗਿਣਦੇ ਹਨ। ਕੁੰਭ ਦਾ ਇਕ ਇਸ਼ਨਾਨ ਅਲਾਹਬਾਦ (ਸੰਗਮ) ਕਰਨਾ ਵੱਡਾ ਪੁੰਨ ਗਿਣਿਆ ਜਾਂਦਾ ਹੈ। ਕਰਮਕਾਂਡੀ ਮਾਘ ਨਛਤ੍ਰ ਵਾਲੀ ਪੂਰਨਮਾਸੀ ਬੜੀ ਮਹੱਤਵਪੂਰਨ ਗਿਣਦੇ ਹਨ। ਗੁਰੂ ਜੀ ਨੇ ਇਸ ਮਿੱਥ ਨੂੰ ਤੋੜਨ ਲਈ ਹੀ **ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਕੋਲੋਂ ਮਾਘੀ ਵਾਲੇ ਦਿਹਾੜੇ ਰਖਵਾਈ ਤਾਂ ਕਿ ਖ਼ਾਸ ਸ਼ਰੇਣੀ ਦਾ ਜੂਲਾ ਲੱਥੇ।**

**ਧੂੜੀ ਕਰਿ ਇਸਨਾਨੁ**—ਉਸ ਪੈਂਡੇ ਚਾਅ ਨਾਲ ਪੈਣਾ ਜਿਸ ਤੇ ਸਾਧੂ ਤੁਰੇ ਹਨ। ਨਿਮਰਤਾ ਨਿਰਮਲ ਕਰਦੀ ਹੈ।

**ਸਭਨਾ ਨੋ ਕਰਿ ਦਾਨੁ**—ਹਰ ਇਕ ਦੀ ਲੋੜ ਪੂਰੀ ਕਰ। ਹਿਰਦਾ ਦ੍ਰਵਿਆ ਹੋਏ ਤਾਂ ਹਰ ਇਕ ਦਾ ਦਰਦ ਮਹਿਸੂਸ ਹੁੰਦਾ ਹੈ।

**ਜਨਮ ਕਰਮ**—ਜਨਮਾਂ ਤੋਂ ਚੜ੍ਹੀ ਕਰਮਾਂ ਦੀ ਮੈਲ। ਕਰਮਾਂ ਦਾ ਜਾਲ ਜਿਸ ਨੇ ਚਿਰਾਂ ਤੋਂ ਮਨੁੱਖਤਾ ਨੂੰ ਜੱਕੜਿਆ ਹੋਇਆ ਹੈ।

**ਮਲੁ**—ਮੈਲ। ਸਹਿਮ।

**ਗੁਮਾਨੁ**—ਹੰਕਾਰ।

**ਮੋਹੀਐ**—ਖਿੱਚ ਪਾਉਣਾ। (Seduce)

**ਲੋਭ ਸੁਆਨੁ**—ਕੁੱਤੇ ਵਾਂਗ।

**ਪਰਵਾਨੁ**—ਪ੍ਰਵਾਣਤ। ਜਿਵੇਂ ਛੇ ਕਰਮ ਹਨ। ਦਾਨ ਦੇਣਾ, ਦਾਨ ਲੈਣਾ। ਯਗ ਕਰਨਾ ਤੇ ਯਗ ਕਰਾਉਣਾ। ਵਿੱਦਿਆ ਦੇਣਾ ਤੇ ਵਿੱਦਿਆ ਲੈਣਾ।

**ਸੁਜਾਨੁ**—ਸੁੱਘੜ ਸਿਆਣਾ। (Enlightened)

**ਕਾਂਢੀਅਹਿ**—ਆਖੀਦੇ ਹਨ। (Reckoned)

## ਫਲਗੁਣਿ

ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ, ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ, ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ, ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ, ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ, ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ, ਬਹੁੜਿ ਨਾ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ, ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ, ਜਿਸ ਨੋ ਤਿਲੁ ਨ ਤਮਾਇ ॥੧੩॥

**ਸਾਰ**—ਫਲਗੁਣਿ ਫਲ ਦੇਣ ਵਾਲਾ ਮਹੀਨਾ ਹੈ । ਹਰ ਡਾਲੀ ਹਰੀ ਭਰੀ ਹੋ ਜਾਂਦੀ ਹੈ । ਵਾਤਾਵਰਨ ਖਿੜ ਖਲੋਂਦਾ ਹੈ । ਗੁਲਾਬੀ ਭਾਅ ਮਾਰਦਾ ਹੈ । ਬਸੰਤ ਛਾ ਜਾਂਦੀ ਹੈ । ਸਖੀ ਸਹੇਲੀਆਂ ਮਿੱਤਰਾਂ ਪਿਆਰਿਆਂ ਨਾਲ ਹੋਲੀ ਖੇਡਣ ਨੂੰ ਚਿੱਤ ਕਰਦਾ ਹੈ । ਇਸੇ ਤਰ੍ਹਾਂ ਜੀਵ-ਇਸਤਰੀ ਦੀ ਆਸ ਪੂਰੀ ਹੋਣ ਲੱਗੀ ਹੈ ਕਿਉਂਕਿ ਬਾਰਹ ਮਾਹ ਦੇ ਅੰਤ ਪਿਆਰਾ ਪ੍ਰਭੂ ਮਿੱਤਰ ਹਿਰਦੇ ਵਿਚ ਪ੍ਰਗਟ ਹੋ ਉੱਠਿਆ ਹੈ । ਗਰਮੀ ਸਰਦੀ ਦੁੱਖ ਤਕਲੀਫ਼ ਤੇ ਹੋਰ ਖੇਚਲਾਂ ਬਾਅਦ ਟਿਕਾ ਜਿਹਾ ਮਿਲਦਾ ਮਹਿਸੂਸ ਹੁੰਦਾ ਹੈ ।

ਪਹਿਲਾਂ ਪ੍ਰਭੂ ਪਾਏ ਪਿਆਰਿਆਂ (ਸੰਤਾਂ) ਨੇ ਪ੍ਰੇਮ ਰਸ ਉਪਜਾਉਣ ਵਿਚ ਸਹਾਇਤਾ ਕੀਤੀ ਸੀ, ਹੁਣ ਪ੍ਰਭੂ ਪ੍ਰਾਪਤੀ ਦੇ ਰਾਹ ਪਾਇਆ ਹੈ । ਇਹ ਨਾਂਹ ਭੁੱਲਣਾ ਕਿ ਚੜ੍ਹੇ ਚੇਤ ਵਿਚ ਜਦ ਸੰਤ ਲੋਗ ਮਿਲੇ ਸਨ ਤਾਂ ਜ਼ਬਾਨ ਪ੍ਰਭੂ ਦੇ ਆਨੰਦ ਗੁਣ (ਨਾਮ) ਗਾਉਣ ਲੱਗੀ ਸੀ । **'ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ'** । ਫਿਰ ਸੰਤਾਂ ਦੀ ਸੰਗਤ ਕਰਨ ਨਾਲ ਹੀ ਪ੍ਰੇਮ ਰਸ ਉਪਜਿਆ ਸੀ । 'ਸੰਤ ਸਹਾਈ ਪ੍ਰੇਮ ਕੇ' ਤੇ ਹੁਣ ਪ੍ਰਭੂ ਮਿਲਾਪ ਵਿਚ ਸਹਾਇਕ ਹੋਏ । 'ਸੰਤ ਸਹਾਈ ਰਾਮ ਕੇ ।'

ਇਸ ਮਿਲਾਪ ਕਾਰਨ ਹਿਰਦਾ ਸਦਾ ਲਈ ਖਿੜ ਪਿਆ ਹੈ ਤੇ ਹੁਣ ਟਿਕਾ ਜਾਂਦਾ ਹੀ ਨਹੀਂ । ਦੁੱਖਾਂ ਲਈ ਕੋਈ ਥਾਂ ਹੀ ਨਹੀਂ ਰਹੀ ਕਿਉਂਕਿ ਪ੍ਰਭੂ ਦੀ ਹਜ਼ੂਰੀ ਦਾ ਪ੍ਰਕਾਸ਼ ਹੋ ਗਿਆ ਹੈ । ਇਹ ਹੀ ਹੈ ਮੇਰੀ ਵੱਡੀ ਖ਼ੁਸ਼ ਨਸੀਬੀ, **'ਇਛ ਪੁੰਨੀ ਵਡਭਾਗਣੀ ।'** ਇਹ ਅਨੰਦ ਉਪਾਰਜਨਾ, ਇਕੱਲਿਆਂ ਨਹੀਂ, ਹੋਰਨਾਂ ਨਾਲ ਰਲ ਕੇ ਮਾਣਨਾ ਹੈ ਅਤੇ ਬਾਣੀ ਰਾਹੀਂ ਪ੍ਰਗਟ ਵੀ ਕਰਨਾ ਹੈ। **'ਗੀਤ ਗੋਵਿੰਦ ਅਲਾਇ ।'**

ਐਸੀ ਅਵੱਸਥਾ ਪਾ ਖ਼ੁਸ਼ੀ ਵਿਚ ਮਿਉਂਦੀ ਨਹੀਂ ਅਤੇ ਸਭਨਾਂ ਨੂੰ ਕਹੀ ਫਿਰਦੀ ਹੈ ਕਿ ਮੇਰੇ ਵਾਹਿਗੁਰੂ ਵਰਗਾ ਦੂਜਾ ਕੋਈ ਨਹੀਂ । ਇਸ ਦੁਨੀਆਂ ਵਿਚ ਚੰਗੀ ਤਰ੍ਹਾਂ

ਰਹਿਣ ਦੀ ਜਾਚ ਉਸ ਨੇ ਸਿਖਲਾਈ ਹੈ ਤੇ ਅੱਗਾ ਵੀ ਸਵਾਰ ਦਿੱਤਾ ਹੈ। ਸਭ ਸਹਿਮ (ਰੋਜ਼ੀ, ਮੌਤ, ਸਜ਼ਾ ਆਦਿ ਦੇ) ਮੁਕਾ ਕੇ ਪੂਰਨ ਟਿਕਾ ਵੀ ਵਾਹਿਗੁਰੂ ਨੇ ਬਖ਼ਸ਼ ਦਿੱਤਾ ਹੈ।

ਭਾਵੇਂ ਰਸਨਾ ਨਾਮ ਭਣਾ ਲਗਾਤਾਰ (ਬਾਰਹ ਮਾਹ) ਕਰ ਰਹੀ ਹੈ, ਪਰ ਉਸ ਦੇ ਅਨੇਕ ਗੁਣ ਇਕ ਜੀਭਾ ਵਿਚਾਰੀ ਕੀ ਕਹਿ ਸਕਦੀ ਹੈ। ਸੋ ਰਾਹ ਇਹ ਲੱਭਾ ਹੈ ਕਿ ਆਪਾ ਤਿਆਗ ਉਸ ਦੇ ਦੱਸੇ ਰਾਹ ਨਿਮਰਤਾ ਸਹਿਤ ਟੁਰੀ ਜਾਈਏ। ਉਹ ਮੇਹਰ ਕਰ ਪਾਰ ਲੰਘਾ ਦੇਵੇਗਾ। ਪਹਿਲਾਂ 'ਚਰਣ ਬੋਹਿਥ', ਫਿਰ 'ਧੂੜੀ ਕਰਿ ਇਸਨਾਨੁ' ਤੇ ਹੁਣ 'ਤਰੇ ਚਰਣੀ ਪਾਏ' ਫ਼ਰਮਾ ਰਹੇ ਹਨ।

ਬੱਸ ਤੱਤ ਇਹ ਹੀ ਹੈ ਕਿ ਕੇਵਲ ਉਸ ਨੂੰ ਸਲਾਹੋ ਜਿਸ ਦਾ ਆਪਣਾ ਕੋਈ ਸਵਾਰਥ ਨਹੀਂ, ਜਿਸ ਦਾ ਬਿਰਦ ਮੇਹਰ ਹੀ ਮੇਹਰ ਹੈ। ਮਾਨੁੱਖ ਸੰਦੀ ਆਸ ਨੇ ਪਾਰਲਾ ਕੰਡਾ ਕਦੇ ਨਹੀਂ ਦਿਖਲਾਉਣਾ।

**ਵਿਸਥਾਰ**—ਫੱਗਣ ਦੇ ਮਹੀਨੇ ਉਸ ਜੀਵ-ਇਸਤ੍ਰੀ ਦੀ ਖ਼ੁਸ਼ੀ ਦਾ ਪਾਰਾਵਾਰ ਨਹੀਂ ਜਿਸ ਦੇ ਹਿਰਦੇ ਵਾਹਿਗੁਰੂ ਜਿਹਾ ਸੱਚਾ ਮਿੱਤ੍ਰ ਆ ਪ੍ਰਗਟ ਹੋਏ। ਸੰਤ, ਜਿਨ੍ਹਾਂ ਨੇ ਅੰਦਰ ਪ੍ਰੇਮ ਰਸ ਉਪਜਾਇਆ ਸੀ ਉਹ ਹੀ ਸੰਤ ਵਾਹਿਗੁਰੂ ਮਿਲਾਪ ਕਰਾਉਣ ਵਿਚ ਵੱਡੇ ਮਦਦਗਾਰ ਸਾਬਤ ਹੋਏ ਤੇ ਸੰਤਾਂ ਦੀ ਕੀਤੀ ਮੇਹਰ ਦਾ ਸਦਕਾ ਹੀ ਜੀਵ ਇਸਤ੍ਰੀ ਤੇ ਮੇਹਰ ਹੋਈ ਤੇ ਪ੍ਰਭੂ ਮਿਲਾਪ ਹੋ ਗਿਆ। ਇਸ ਤਰ੍ਹਾਂ ਹੋਏ ਮਿਲਾਪ ਜਿਸ ਵਿਚ ਹੰਕਾਰ ਦਾ ਅੰਸ਼ ਨਹੀਂ ਹੈ, ਸਭ ਖ਼ੁਸ਼ੀਆਂ ਆਪ-ਮੁਹਾਰੇ ਹਿਰਦੇ ਵਿਚ ਪਿਆਰ ਪਾਈ ਇਸਤਰੀ ਨੂੰ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ ਤੇ ਦੁੱਖ ਲਈ ਕੋਈ ਥਾਂ ਨਹੀਂ ਰਹਿੰਦੀ ਕਿਉਂਕਿ ਚੰਗੇ ਭਾਗਾਂ ਵਾਲਿਆਂ ਦੀ ਮੁਰਾਦ ਪੂਰੀ ਹੋ ਗਈ ਹੁੰਦੀ ਹੈ ਤੇ ਹਿਰਦੇ ਨੂੰ ਰੌਸ਼ਨ ਕਰਨ ਵਾਲਾ ਪ੍ਰਭੂ ਮਿਲ ਗਿਆ ਹੁੰਦਾ ਹੈ। ਐਸਾ ਪ੍ਰਭੂ ਪਾ ਕੇ ਉਹ ਖ਼ੁਸ਼ੀ ਵਿਚ ਮਿਉਂਦੀ ਨਹੀਂ ਤੇ ਆਪਣਾਂਆਂ ਸਖੀ ਸਹੇਲੀਆਂ ਵਿਚ ਬੈਠ ਖ਼ੁਸ਼ੀ ਦਾ ਪ੍ਰਗਟਾਵਾ ਕਰਦੀ ਹੈ ਤੇ ਬਾਣੀ ਰਾਹੀਂ ਧਰਤੀ ਦੇ ਮਾਲਕ ਦੇ ਗੁਣ ਗਾ-ਗਾ ਲੋਕਾਂ ਨੂੰ ਦੱਸਦੀ ਹੈ। ਇਹ ਉੱਚਾ ਕਹਿ ਸੁਣਾਂਦੀ ਹੈ ਕਿ ਵਾਹਿਗੁਰੂ ਜਿਹਾ ਕੋਈ ਹੋਰ ਮੈਨੂੰ ਨਹੀਂ ਦਿੱਸਦਾ ਤੇ ਨਾ ਹੀ ਉਸ ਦੇ ਟਾਕਰੇ ਤੇ ਕੋਈ ਹੋਰ ਰੱਖਿਆ ਜਾ ਸਕਦਾ ਹੈ। ਅਸਲੀਅਤ ਤਾਂ ਇਹ ਹੈ ਕਿ ਉਸ ਦੇ ਨੇੜੇ ਤੇੜੇ ਦਾ ਵੀ ਕੋਈ ਨਹੀਂ। **'ਦੂਜਾ ਲਵੈ ਨਾ ਲਾਇ'**। ਉਸ ਨੇ ਇਸ ਸੰਸਾਰ ਵਿਚ ਰਹਿਣ ਦੀ ਜਾਚ ਸਿਖਾਈ ਤੇ ਹੁਣ ਅੱਗੇ ਵੀ ਰੱਖਿਆ ਕਰਨ ਜੋਗਾ ਹੈ। ਸਭ ਸਹਿਮ ਮੁੱਕ ਗਏ ਹਨ ਤੇ ਪੱਕਾ ਟਿਕਾਣਾ ਉਸ ਵਾਹਿਗੁਰੂ ਨੇ ਦਿੱਤਾ ਹੈ। ਹੁਣ ਮਨ ਨਾਹ ਇਸ ਸੰਸਾਰ ਵਿਚ ਔਕੜਾਂ ਤਕ ਡੋਲਦਾ ਹੈ ਤੇ ਨਾ ਅੱਗੇ ਕੀ ਹੋਸੀ ਕਾਰਨ ਘਬਰਾਂਦਾ ਹੈ। ਇਸ ਸੰਸਾਰ ਵਿਚ ਗੋਤੇ ਖਾਣ ਤੇ ਉਸ ਨੇ ਮੇਹਰ ਕਰ ਕੇ ਬਚਾ ਲਿਆ ਹੈ ਤੇ ਜਨਮ ਮਰਨ ਦਾ ਗੇੜ ਵੀ ਉਸ ਮੁਕਾ ਦਿੱਤਾ ਹੈ। ਮੇਰੀ ਇਕ ਜੀਭਾ ਉਸ ਇਤਨੇ ਵੱਡੇ ਦੇ ਗੁਣ ਗਾਉਣ ਜੋਗੀ ਨਹੀਂ ਹੈ। ਸੋ ਗੁਰੂ ਅਰਜਨ ਜੀ ਨਾਨਕ ਨਾਮ ਦੀ ਛਾਪ ਲਗਾ ਕਹਿੰਦੇ ਹਨ ਕਿ ਤੇਰੀ ਬਾਣੀ ਦੇ ਦੱਸੇ ਰਾਹ ਤੇ ਟੁਰੀ ਗਏ ਅਤੇ ਇਸ ਸੰਸਾਰ ਤੋਂ ਪਾਰ

ਹੋ ਗਏ। ਜੇ ਸਭ ਫਲ ਲੈਣੇ ਹਨ ਤਾਂ ਸਿਰਫ਼ ਉਸ ਦੀ ਸਿਫ਼ਤ ਸਲਾਹ ਕਰੋ ਜਿਸ ਨੂੰ ਆਪਣਾ ਕੋਈ ਸੁਆਰਥ ਨਹੀਂ, ਜੋ ਸਭ ਲਾਲਚਾਂ ਤੋਂ ਉਤਾਂਹ ਹੈ। ਮਨੁੱਖ ਦੀ ਆਸ ਕਰਨੀ ਵਿਅਰਥ ਹੈ ਕਿਉਂਕਿ ਉਹ ਤਾਂ ਆਪ ਮੁਹਤਾਜ ਹੈ।

ਸ਼ਬਦ ਭਾਵ :

ਫਲਗੁਣਿ—ਇਹ ਮਹੀਨਾ ਬਸੰਤ, ਹੋਲੀ ਤੇ ਖ਼ੁਸ਼ੀਆਂ ਚਾਵਾਂ ਦਾ ਹੁੰਦਾ ਹੈ। ਡਾਲੀਆਂ ਹਰੀਆਂ ਭਰੀਆਂ ਹੁੰਦੀਆਂ ਹਨ।

ਅਨੰਦ ਉਪਾਰਜਨਾ—ਖ਼ੁਸ਼ੀ ਨੂੰ ਬਹੁਤ ਫਲ। ਅਨੰਤ ਖ਼ੁਸ਼ੀ। (Bliss Abounding)

ਸੰਤ ਸਹਾਈ ਰਾਮ ਕੇ—ਪ੍ਰਭੂ ਪਿਆਰ ਪਾਏ ਪੁਰਸ਼ ਵਾਹਿਗੁਰੂ ਦੇ ਮਿਲਾਪ ਵਿਚ ਮਦਦਗਾਰ ਹੁੰਦੇ ਹਨ।

ਸੇਜ ਸੁਹਾਵੀ—ਹਿਰਦਾ ਰੂਪੀ ਸੇਜਾ ਸੋਹਣੀ ਹੋ ਗਈ।

ਜਾਇ—ਥਾਂ।

ਇਛ ਪੁਨੀ—ਖ਼ਾਹਿਸ਼ ਪੁੱਗੀ। ਮੁਰਾਦ ਬਰ ਆਈ। (Desire Fullfilled)

ਮੰਗਲੁ—ਵਿਆਹ ਵੇਲੇ ਗਾਏ ਜਾਂਦੇ ਖ਼ੁਸ਼ੀ ਦੇ ਗੀਤ।

ਗੀਤ ਗੋਵਿੰਦੁ ਅਲਾਇ—ਵਾਹਿਗੁਰੂ ਦੇ ਗੁਣ ਉੱਚਾ ਗਾ ਕੇ ਸੁਣਾਏ।

ਲਵੈ ਨ ਲਾਇ—ਨੇੜੇ ਤੇੜੇ ਵੀ ਕੋਈ ਨਹੀਂ। ਕੋਈ ਟਾਕਰੇ ਦਾ ਨਹੀਂ

ਹਲਤੁ ਪਲਤੁ—ਇਥੇ ਤੇ ਓਥੇ, ਲੋਕ ਪਰਲੋਕ। (Here and Hereafter)

ਨਿਹਚਲ ਜਾਇ—ਪੱਕਾ ਟਿਕਾਣਾ, ਪੂਰਨ ਟਿਕਾ।

ਬਹੁੜਿ—ਮੁੜ ਕੇ। ਫੇਰ।

ਧਾਇ—ਸਾਹੋ ਸਾਹੀ ਦੌੜੀ ਜਾਣਾ। (Rushing Breathlessly)

ਤਰੇ—ਤਰ ਗਏ। ਪਾਰ ਹੋ ਗਏ।

ਤਿਲ ਨ ਤਮਾਇ—ਰਤਾ ਭਰ ਲਾਲਚ ਨਹੀਂ। ਸਵਾਰਥ ਤੋਂ ਉੱਚਾ। (No Interest)

---

## ਅੰਤਿਕਾ

ਜਿਨਿ ਜਿਨ ਨਾਮੁ ਧਿਆਇਆ, ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ, ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ, ਭਉਜਲੁ ਬਿਖਮੁ ਤਰੇ ॥
ਪ੍ਰੇਮ ਭਗਤਿ ਤਿਨ ਪਾਈਆ, ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ, ਪੂਰਨ ਸਚਿ ਭਰੇ ॥
ਪਾਰਬ੍ਰਹਮੁ ਪ੍ਰਭੁ ਸੇਵਦੇ, ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ, ਜਿਨ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ, ਕਿਰਪਾ ਕਰਹੁ ਹਰੇ ॥੧੪॥੧॥

**ਸਾਰ**—ਵਾਹਿਗੁਰੂ ਦੀ ਹੋਂਦ ਦਾ ਵਿਸ਼ਵਾਸ ਜਿਨ੍ਹਾਂ ਹਿਰਦੇ ਦ੍ਰਿੜ੍ਹ ਕਰ ਲਿਆ ਉਹ ਇਸ ਜਗਤ ਵਿਚ ਸਫਲਤਾ ਹਾਸਲ ਕਰਦੇ ਹਨ ਅਤੇ ਬਾਣੀ ਦੀ ਅਗਵਾਈ ਵਿਚ ਟੁਰਨ ਵਾਲੇ ਅੱਗੇ ਦਰਗਾਹ, ਵਾਹਿਗੁਰੂ ਦੇ ਦਰ ਵੀ ਸੁਰਖਰੂ ਹੁੰਦੇ ਹਨ। ਰੋਜ਼ੀ ਦੀ ਚਿੰਤਾ ਨਹੀਂ ਰਹਿੰਦੀ ਅਤੇ ਕਰਮਾਂ ਦਾ ਭੈ ਨਹੀਂ ਸਤਾਂਦਾ। ਉਹਨਾਂ ਨੂੰ ਪ੍ਰਤੀਤ ਹੋ ਆਂਦਾ ਹੈ ਕਿ ਸੱਭ ਸੁੱਖ ਤੇ ਬਿਖੜੇ ਜਗਤ ਤੋਂ ਪਾਰ ਹੋਣ ਦਾ ਰਾਹ ਆਪਾ ਤਜ, ਵਾਹਿਗੁਰੂ ਦੀ ਅਗਵਾਈ ਵਿਚ ਤੁਰਨਾ ਹੈ। ਅਗਵਾਈ ਵਿਚ ਤੁਰਦੇ ਰਹਿਆਂ ਪ੍ਰੇਮ ਨਾਲ ਭਰਪੂਰ ਭਗਤੀ ਮਿਲਦੀ ਹੈ ਜਿਸ ਕਾਰਨ ਜ਼ਹਿਰ (ਈਰਖਾ, ਮਾਇਆ ਤੇ ਕਾਮਾਦਿਕ) ਵਿਚ ਨਹੀਂ ਸੜਨਾ ਪੈਂਦਾ। 'ਪ੍ਰੇਮ ਭਗਤਿ ਤਿਨ ਪਾਈਆ, ਬਿਖਿਆ ਨਾਹਿ ਜਰੇ।'

ਸੱਚ ਹੀ ਸੱਚ ਅੰਦਰ ਹੋਣ ਕਾਰਨ, ਨਾ ਦੁਚਿਤਾਪਣ ਰਹਿੰਦਾ ਹੈ ਤੇ ਨਾ ਕੂੜ। ਸੰਸਾਰ ਦੀ ਨਾਸ਼ਵੰਤਤਾ ਦਾ ਯਕੀਨ ਪੱਕ ਹੋ ਜਾਂਦਾ ਹੈ। ਕਿਸੇ ਕਰਮ, ਪ੍ਰੋਹਿਤ, ਮਨੁੱਖ ਵੱਲ ਧਿਆਨ ਜਾਂਦਾ ਹੀ ਨਹੀਂ। ਹੋਰ ਪਾਸੇ ਚਿੱਤ ਨਾ ਜਾਣ ਕਾਰਨ ਨਜ਼ਰ ਮੇਹਰ ਕ੍ਰਿਪਾ ਤੇ ਹੀ ਟਿਕੀ ਰਹਿੰਦੀ ਹੈ ਅਤੇ ਮੇਹਰ ਹੋਏ ਜੀਵ ਦਾ ਸਾਰਾ ਜੀਵਨ, ਬਾਰਹ ਮਾਹ ਦਿਨ ਤੇ ਪਲ ਸੋਹਣੇ ਹੋ ਜਾਂਦੇ ਹਨ। ਸ਼ਗਨ, ਮਹੂਰਤ ਕਢਵਾਣ ਤੇ ਅਪਸ਼ਗਨਾਂ ਤੋਂ ਬਚਣ ਲਈ ਸਮਾਂ ਜ਼ਾਇਆ ਨਹੀਂ ਕਰਦਾ।

ਸੋ ਇਕ ਹੀ ਦਾਤ ਮੇਹਰ ਕਰ ਕੇ ਦਿਓ ਕਿ ਤੁਹਾਡਾ ਦਰਸ਼ਨ ਪ੍ਰਾਪਤ ਰਵ੍ਹੇ।

**ਵਿਸਥਾਰ**—ਬਾਰਹ ਮਾਹ ਦੇ ਇਸ ਅੰਤਲੇ ਸ਼ਬਦ ਵਿਚ ਇਕ ਪ੍ਰਕਾਰ ਦਾ ਬਾਰਹ ਮਾਹ ਹੇਠ ਦਰਜ ਸਾਰੀ ਬਾਣੀ ਦਾ ਸਾਰੰਸ਼ ਹੈ।

ਜਿਸ ਕਿਸੇ ਨੇ ਵੀ ਜ਼ਾਤ ਜਨਮ ਦੀ ਉਚਿਤਾ ਦਾ ਖਿਆਲ ਹਿਰਦਿਓਂ ਕੱਢ ਵਾਹਿਗੁਰੂ ਦੀ ਹੋਂਦ ਦਾ ਵਿਸ਼ਵਾਸ ਹਿਰਦੇ ਦ੍ਰਿੜ੍ਹ ਕਰ ਲਿਆ ਉਸ ਨੂੰ ਹਰ ਥਾਂ ਹਰ ਕਾਰਜ ਵਿਚ ਕਾਮਯਾਬੀ ਅਵੱਸ਼ ਹੈ ਕਿਉਂਕਿ ਨਾ ਤਾਂ ਉਹ ਆਪਣੀ ਨਿੱਜ ਸ਼ਕਤੀ

(ਕਿਰਤਿ) ਦਾ ਦਾਅਵਾ ਕਰਦੇ ਹਨ ਤੇ ਨਾ ਕਰਮਾਂ ਤੇ ਮਾਣ। ਐਸੇ ਗੁਰੂ ਦੀ ਬਾਣੀ ਨੂੰ ਪੂਰੀ ਤਰ੍ਹਾਂ ਵਿਚਾਰ ਕੇ ਵਾਹਿਗੁਰੂ ਦੀ ਹਜ਼ੂਰੀ ਦੇ ਪ੍ਰਕਾਸ਼ ਵਿਚ ਜੀਵਨ ਅਜਿਹਾ ਬਣਾ ਲੈਂਦੇ ਹਨ ਕਿ ਵਾਹਿਗੁਰੂ ਦੇ ਦਰ ਪਰਖੇ ਜਾਣ ਵੇਲੇ ਵੀਹ ਵੰਨੀ ਦਾ ਸੋਨਾ ਹੀ ਨਿਕਲਦੇ ਹਨ। ਬਾਣੀ ਨੂੰ ਵਿਚਾਰਦਿਆਂ (ਗੁਰ ਪੂਰਾ ਆਰਾਧਿਆ) ਇਹ ਵੀ ਪ੍ਰਤੀਤ ਹੋ ਆਂਦਾ ਹੈ ਕਿ ਵਾਹਿਗੁਰੂ ਦੀ ਸ਼ਰਨ ਵਿਚ ਰਹਿਆਂ ਸਾਰੇ ਸੁੱਖਾਂ ਦੇ ਖ਼ਜ਼ਾਨੇ ਹਨ ਤੇ ਉਸ ਦੇ ਤਕੀਆ ਰੱਖਣ ਵਾਲੇ, ਨਾ ਤਰੇ ਜਾਣ ਵਾਲੇ ਔਖੇ ਸੰਸਾਰ ਤੋਂ ਪਾਰ ਹੋ ਜਾਂਦੇ ਹਨ। ਉਹਨਾਂ ਨੂੰ ਸੰਸਾਰ ਸਾਗਰ ਦੀਆਂ ਛੱਲਾਂ ਘੇਰ ਕੇ ਗ਼ਰਕ ਨਹੀਂ ਕਰਦੀਆਂ। ਸ਼ਰਨ ਗਿਆਂ ਨੂੰ ਵਾਹਿਗੁਰੂ ਐਸੀ ਨਿੱਘੀ ਪ੍ਰੇਮ ਭਰੀ ਭਗਤੀ (ਪ੍ਰੇਮਿ ਭਗਤਿ) ਬਖ਼ਸ਼ਦਾ ਹੈ ਕਿ ਫਿਰ ਮਾਇਆ ਦੀ ਭੱਖਦੀ ਜ਼ਹਿਰੀਲੀ ਅੱਗ ਸਾੜ ਨਹੀਂ ਸਕਦੀ। ਪ੍ਰੇਮ ਅੱਗੇ ਕੋਈ ਜ਼ਹਿਰ ਟਿਕ ਨਹੀਂ ਸਕਦਾ। ਝੂਠ ਦਾ ਅਹਿਸਾਸ ਤਕ ਨਹੀਂ ਰਹਿੰਦਾ। ਦੁਚਿੱਤਾ-ਪਣ ਮੁੱਕ ਜਾਂਦਾ ਹੈ ਅਤੇ ਅੰਦਰਲਾ ਵਾਹਿਗੁਰੂ ਦੀ ਹੋਂਦ ਨਾਲ ਭਰਪੂਰ ਹੋ ਜਾਂਦਾ ਹੈ। ਇਹ ਦੁਚਿੱਤਾ-ਪਣ ਜੋ ਕਦੇ ਸੰਸਾਰ ਨੂੰ ਸਭ ਕੁਝ ਤੇ ਕਦੇ ਨਾਸ਼ਵੰਤ ਸਮਝ ਭਟਕਦਾ ਸੀ, ਹੁਣ ਮੁਕੰਮਲ ਤੌਰ ਤੇ ਹਟ ਜਾਂਦਾ ਹੈ। ਵਾਹਿਗੁਰੂ ਹੀ ਸਦਾ ਸਥਿਰ ਹੈ ਦਾ ਖ਼ਿਆਲ ਹਿਰਦੇ ਵਿਚ ਪੂਰੀ ਤਰ੍ਹਾਂ ਬੈਠ ਜਾਂਦਾ ਹੈ। **'ਪੂਰਨ ਸਚਿ ਭਰੇ'**। ਹੁਣ ਉਹ ਕਿਸੇ ਮਨੁੱਖ ਜਾਂ ਮਨੁੱਖੀ ਕਰਮ ਜਾਂ ਕ੍ਰਿਤ ਦੀ ਵਡਿਆਈ ਨਹੀਂ ਕਰਦੇ ਸਿਰਫ਼ ਇਕ ਉਸ ਦੀ ਯਾਦ ਹਿਰਦੇ ਵਿਚ ਪੱਕੀ ਕਰਦੇ ਹਨ ਜੋ ਪਕੜ ਤੇ ਪਹੁੰਚ ਤੋਂ ਉੱਚਾ ਹੈ। ਉਹਨਾਂ ਦੀ ਜ਼ਿੰਦਗੀ ਦੇ ਸਭ ਮਹੀਨੇ, ਦਿਹਾੜੇ ਤੇ ਪਲ ਸੋਹਣੇ ਹੋ ਜਾਂਦੇ ਹਨ ਕਿਉਂਕਿ ਉਹਨਾਂ ਵਾਹਿਗੁਰੂ ਦੀ ਮੇਹਰ ਪਾ ਲਈ ਹੁੰਦੀ ਹੈ। ਕਿਰਤਿ ਕਰਮ ਦਾ ਆਸਰਾ ਛੱਡ ਦਿੱਤਾ ਹੁੰਦਾ ਹੈ। ਸ਼ਗਨ-ਅਪਸ਼ਗਨ ਤੋਂ ਉਤਾਂਹ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਬੇਨਤੀ ਕਰਦੇ ਹਨ ਕਿ ਪ੍ਰਭੂ ਮੇਹਰ ਕਰ ਕੇ ਆਪਣੇ ਦੀਦਾਰ ਦੀ ਦਾਤ ਦਿਓ ਤਾਂ ਕਿ ਕੋਈ ਤ੍ਰਿਸ਼ਨਾ ਦੀ ਪਿਆਸ ਨਾ ਉੱਠੇ। ਵਸਲ ਬਾਅਦ ਤੱਸਲੀ ਹੈ।

**ਸ਼ਬਦ ਭਾਵ :**

**ਜਿਨਿ ਜਿਨਿ**—ਜਿਸ ਕਿਸੇ ਨੇ। ਕਿਸੇ ਜਾਤੀ, ਕਿਸੇ ਦੇਸ਼, ਕਿਸੇ ਕੌਮ ਦਾ ਹੋਵੇ। ਵਿਅਕਤੀ ਵਿਸ਼ੇਸ਼ ਨਹੀਂ, ਕੋਈ ਵੀ ਹੋਵੇ।

**ਨਾਮੁ ਧਿਆਇਆ**—ਪੂਰਾ ਧਿਆਨ ਉਸ ਦੀ ਯਾਦ ਪਕਾਉਣ ਵਿਚ ਲਗਾਉਣਾ। (Give Thought to Almighty)

**ਸਰੇ**—ਪੂਰੇ ਹੋਏ। ਸਫਲ ਹੋਏ। (Fulfilled)

**ਹਰਿ ਗੁਰੁ ਪੂਰਾ ਆਰਾਧਿਆ**—ਵਾਹਿਗੁਰੂ ਨੇ ਮੇਹਰ ਕਰ ਬਾਣੀ ਦੀ ਪੂਰੀ ਵਿਚਾਰ ਬਖ਼ਸ਼ੀ। ਬਾਣੀ ਦੇ ਦੱਸੇ ਰਾਹ ਤੇ ਤੁਰੇ।

**ਸਚਿ ਖਰੇ**—ਪਰਖ ਵੇਲੇ ਪੂਰੀ ਤਰ੍ਹਾਂ ਖਰੇ ਉਤਰੇ। (Found of True carat)

ਬਿਖਮੁ—ਨ ਤਰੇ ਜਾਣ ਵਾਲੇ। (Impassable)

ਭਉਜਲੁ—ਡਰਾਉਣਾ ਸਾਗਰ। ਸੰਸਾਰ ਸਮੁੰਦਰ।

ਪ੍ਰੇਮ ਭਗਤਿ—ਨਿੱਘੀ ਪਿਆਰ ਭਰੀ ਭਗਤੀ। (Loving Devotion)

ਬਿਖਿਆ—ਜ਼ਹਿਰ। ਸਾੜੇ।

ਬਿਖਿਆ ਨਾਹਿ ਜਰੇ—ਵਿਸ਼ਿਆਂ ਤੇ ਸਾੜੇ ਦੀ ਅੱਗ ਵਿਚ ਨਹੀਂ ਸੜਦੇ।

ਦੁਬਿਧਾ—ਦੋ ਪਾਸੇ ਵਾਲੀ ਰੁਚੀ। ਮਨ ਦਾ ਭੁਲਾਉ। ਕਦੇ ਸੰਸਾਰ ਦੇ ਭੋਗ ਚੰਗੇ ਲੱਗਣੇ ਤੇ ਕਦੇ ਜਗਤ ਤੋਂ ਉਪਰਾਮਤਾ।

ਪੂਰਨ ਸਚਿ ਭਰੇ—ਵਾਹਿਗੁਰੂ ਦੀ ਹੋਂਦ ਦਾ ਪੂਰਨ ਵਿਸ਼ਵਾਸ ਅੰਦਰ ਹੋ ਜਾਣਾ।

ਮੂਰਤ—ਮੂਹਰਤ। ਪਲ। (Division of Time)

★

੬

# ਬਾਰਹ ਮਾਹਾ ਤੁਖਾਰੀ

## ਤੁਖਾਰੀ ਬਾਰਹ ਮਾਹਾ ਸੰਬੰਧੀ ਕੁਝ ਹੋਰ ਵਿਚਾਰ

ਭਾਵੇਂ ਆਰੰਭ ਵਿਚ ਬਾਰਹ ਮਾਹਾ ਬਾਰੇ ਖੁੱਲ੍ਹੀਆਂ ਵਿਚਾਰਾਂ ਕੀਤੀਆਂ ਹਨ, ਪਰ ਕੁਝ ਕੁ ਹੋਰ ਵਿਚਾਰ ਕਰਨੀ ਕੁਥਾਂ ਨਹੀਂ ਹੋਵੇਗੀ।

ਪੁਰਾਤਨ ਜਨਮ ਸਾਖੀ ਅਨੁਸਾਰ ਜਦ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਜੋਤੀ ਜੋਤ ਸਮਾਏ ਉਸ ਸਮੇਂ ਅੰਮ੍ਰਿਤ ਵੇਲਾ ਸੀ ਅਤੇ ਤੁਖਾਰੀ ਰਾਗ ਬਾਰਹ ਮਾਹਾ ਉਚਾਰ ਰਹੇ ਸਨ।

ਪ੍ਰੀਤਮ ਦੇਸ ਜਾਣ ਦਾ ਚਾਅ ਸੀ ਅਤੇ ਪ੍ਰੀਤਮ ਦੇ ਦੇਸ ਦੀਆਂ ਹੀ ਗੱਲਾਂ ਕਰ ਰਹੇ ਸਨ। ਸਾਨੂੰ ਆਪਣਾ ਜੀਵਨ ਤੱਤ ਇਸ ਬਾਰਹ ਮਾਹ ਰਾਹੀਂ ਦੇ ਰਹੇ ਸਨ। ਜਨਮ ਸਾਖੀ ਵਿਚ ਹੀ ਅੰਕਤ ਹੈ ਕਿ ਜਦ ਤਲਵੰਡੀ ਵਿਖੇ ਪ੍ਰਗਟੇ ਸਨ ਤਾਂ ਮੁਖੋਂ **'ਹਉ ਤੇਰਾ, ਤੇਰਾ ਨਾਉ'** ਦੇ ਸ਼ਬਦ ਆਖੇ ਸਨ ਅਤੇ ਹੁਣ ਪ੍ਰਭੂ-ਪ੍ਰੀਤਮ ਕੇ ਦੇਸ ਜਾਣ ਵੇਲੇ 'ਭਲਾ ਭਲਾ' ਦੇ ਸ਼ਬਦ ਉਚਾਰ ਰਹੇ ਸਨ। ਦੁੱਖ ਸੁੱਖ, ਗ਼ਮੀ ਖ਼ੁਸ਼ੀ, ਧੁੱਪ ਛਾਂ, ਗਰਮੀ-ਸਰਦੀ ਹਰ ਹਾਲ ਜੋ ਭਲਾ ਭਲਾ ਕਹਿੰਦਾ ਹੈ ਉਹ ਗੁਰੂ ਨਾਨਕ ਦੇਵ ਜੀ ਦੇ ਹੀ ਸ਼ਬਦਾਂ ਵਿਚ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ :

ਧੂਪ ਛਾਉਂ ਜੋ ਸਮ ਕਰ ਜਾਣੈ।
ਬੰਧਨ ਕਾਟਿ ਮੁਕਤਿ ਘਰਿ ਆਣੈ।

ਬੰਧਨ ਮੁਕਤ ਹੋ, ਥਿਰ ਸੁਹਾਗੋ, ਰੱਖਣ ਦਾ ਰਾਹ ਤੇ ਸਾਧਨ ਦੱਸ ਰਹੀ ਹੈ ਇਹ ਬਾਰਹ ਮਾਹ ਦੀ ਬਾਣੀ, ਸਾਧਨ (ਜੀਵ ਇਸਤ੍ਰੀ) ਨੂੰ। ਧਿਆਨ ਨਾਲ ਪੜ੍ਹਿਆਂ ਇਹ ਦਿੱਸ ਪਵੇਗਾ ਕਿ ਚੇਤ ਦੇ ਮਹੀਨੇ ਦੀ ਅੰਤਲੀ ਅਤੇ ਫਲਗੁਨਿ ਦੀ ਅੰਤਲੀ ਅਤੇ ਬਾਰਹ ਮਾਹ ਬਾਣੀ ਦੀ ਅੰਤਲੀ ਤੁਕ ਵਿਚ ਕੈਸੀ ਲੜੀ ਜੋੜੀ ਹੈ। ਚੇਤੁ ਵਿਚ ਕਹਿੰਦੇ ਹਨ ਕਿ ਕੋਈ ਜੀਵ-ਇਸਤ੍ਰੀ ਸਿਮਰ ਕੇ ਸਹਿਜ ਦਾ ਸੁੱਖ ਮਾਣ ਸਕਦੀ ਹੈ ਜੇ ਹਿਰਦੇ ਘਰ ਵਿਚ ਪ੍ਰਭੂ ਪਤੀ ਨੂੰ ਲੱਭ ਲਵੇ :

ਨਾਨਕ ਚੇਤਿ ਸਹਜਿ ਸੁਖੁ ਪਾਵੈ
ਜੇ ਹਰਿ ਵਰੁ ਘਰ ਧਨ ਪਾਏ।

ਅਤੇ

ਫਲਗੁਨਿ ਦੇ ਮਹੀਨੇ ਵਿਚ ਫ਼ਰਮਾਂਦੇ ਹਨ ਕਿ ਗੁਰੂ ਦੀ ਬਾਣੀ ਨੇ ਮੇਲ ਮਿਲਾ ਦਿੱਤਾ ਹੈ ਅਤੇ ਜੀਵ ਨਾਰੀ ਨੇ ਹਿਰਦੇ ਵਿਚ ਵਰ (ਪਤੀ ਪ੍ਰਮਾਤਮਾ) ਪਾ ਲਿਆ ਹੈ :

ਨਾਨਕ ਮੇਲਿ ਲਈ ਗੁਰਿ ਆਪਣੈ
ਘਰਿ ਵਰੁ ਪਾਇਆ ਨਾਰੀ।੧੬।

ਐਸੀ ਜੀਵ-ਇਸਤ੍ਰੀ ਨਿੱਤ ਮਿਲਾਪ ਦਾ ਅਨੰਦ ਮਾਣਦੀ ਹੈ ਤੇ ਸੁਹਾਗ ਸਿਰੋਂ ਨਹੀਂ ਟਲਦਾ। ਅਨੰਦ ਕਦੇ ਜਾਂਦਾ ਹੀ ਨਹੀਂ। ਇਥੇ ਸੰਸਾਰ ਵਿਚ ਵੀ ਆਨੰਦ ਬਣਿਆ ਰਿਹਾ ਤੇ ਅੱਗੇ ਵੀ ਬਣਿਆ ਰਵ੍ਹੇਗਾ :

ਨਾਨਕ ਅਹਿਨਿਸਿ ਰਾਵੈ ਪ੍ਰੀਤਮੁ
ਹਰਿ ਵਰੁ ਥਿਰੁ ਸੁਹਾਗੋ।੧੭।੧।

ੴ ਸਤਿਗੁਰ ਪ੍ਰਸਾਦਿ
ਤੁਖਾਰੀ[1] ਛੰਤ ਮਹਲਾ ੧

ਬਾਰਹ ਮਾਹਾ

ਤੂ ਸੁਣਿ, ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ, ਦੇਹਿ ਸੁ ਤੂ ਭਲਾ॥
ਹਰਿ ਰਚਨਾ, ਤੇਰੀ ਕਿਆ ਗਤਿ ਮੇਰੀ, ਹਰਿ ਬਿਨ ਘੜੀ ਨ ਜੀਵਾਂ।
ਪ੍ਰਿਅ ਬਾਝੁ ਦੁਹੇਲੀ, ਕੋਇ ਨ ਬੇਲੀ, ਗੁਰਮੁਖਿ ਅੰਮ੍ਰਿਤੁ ਪੀਵਾਂ॥
ਰਚਨਾ ਰਾਚ ਰਹੇ ਨਿਰੰਕਾਰੀ, ਪ੍ਰਭ ਮਨਿ ਕਰਮ ਸੁਕਰਮਾ॥
ਨਾਨਕ ਪੰਥੁ ਨਿਹਾਲੇ ਸਾਧਨ, ਤੂ ਸੁਣਿ ਆਤਮ ਰਾਮਾ॥੧॥

1. ਤੁਖਾਰੀ ਰਾਗ ਦਾ ਬਾਰਹ ਮਾਹ ਗੁਰੂ ਗਰੰਥ ਸਾਹਿਬ ਦੇ ਪੰਨਾ ੧੧੦੭ ਤੋਂ ੧੧੧੦ ਤਕ ਹੈ।

ਸਾਰ—ਇਹ ਸੱਚ ਹੈ ਕਿ ਅਸੀਂ ਕਿਰਤ ਕਰੰਮ ਦੇ ਟੋਰੇ ਟੁਰ ਰਹੇ ਹਾਂ, ਪਰ ਇਹ ਬਖ਼ਸ਼ਸ਼ ਤੁਸਾਂ ਹੀ ਕਰਨੀ ਹੈ ਕਿ ਕਿਰਤ ਕਰੰਮ ਦੇ ਜਾਲ ਵਿਚੋਂ ਨਿਕਲ, ਬਾਣੀ ਦੇ ਰਾਹ ਟੁਰ, ਕਿਰਤ ਕਰੰਮ ਕਰ ਵਾਪਰੇ ਦੁੱਖ ਵਿਚ ਵੀ ਭਲਾ ਕਹਿ ਸਕੀਏ। ਤੁਹਾਡੀ ਰਚਨਾ ਵਿਚ ਇਤਨੀ ਖਿੱਚ ਹੈ ਕਿ ਅਸੀਂ ਦੇਖਦੇ ਹੀ ਖਚਿਤ ਹੋ ਜਾਂਦੇ ਹਾਂ। ਜਿਵੇਂ ਤੁਸੀਂ ਸੰਸਾਰ ਰਚ ਕੇ ਅਲਹਿਦਾ ਰਹਿੰਦੇ ਹੋ, 'ਰਚਨਾ ਰਾਚਿ ਰਹੇ ਨਿਰੰਕਾਰੀ', ਤਿਵੇਂ ਸਾਨੂੰ ਸਹੀ ਕਰਮ ਦ੍ਰਿੜ੍ਹ ਕਰਾਓ ਤਾਂ ਕਿ ਤੁਹਾਡੀ ਹੀ ਉਡੀਕ ਰਹੇ, ਹੋਰ ਕਿਸੇ ਪਾਸੇ ਨਾ ਝਾਕੀਏ। ਕੋਈ ਹੋਰ ਖਿੱਚ ਨਾ ਪਵੇ।

**ਵਿਸਥਾਰ**—ਹੇ ਵਾਹਿਗੁਰੂ ! ਮੇਰੀ ਅਰਜ਼ੋਈ ਸੁਣ। ਮੈਂ ਫਿਰ ਉਸੇ ਕਿਰਤ ਕਰੰਮ ਦੇ ਰਾਹ ਪੈ ਗਿਆ ਹਾਂ। ਕਿਰਤ ਕਰੰਮ ਦੇ ਸਹਾਰੇ ਰਹਿ ਅੱਗੇ ਵੀ ਦੁੱਖ ਪਾਏ ਤੇ ਹੁਣ ਵੀ ਪਾ ਰਹਿਆ ਹਾਂ।

ਜੇ ਕਿਰਤ ਕਰੰਮ ਤੋਂ ਖਹਿੜਾ ਨਹੀਂ ਛੁੱਟਦਾ ਤਾਂ ਤੁਸੀਂ ਇਤਨੀ ਮੇਹਰ ਤਾਂ ਕਰੋ ਕਿ ਇਨ੍ਹਾਂ ਤੋਂ ਉੱਪਜੇ ਸੁੱਖ ਦੁੱਖ (ਸੁਖ ਸਹੰਮਾ) ਵਿਚ ਭਲ-ਭਲਾ ਕਹਿ ਸਕਾਂ। ਤੁਹਾਡੀ ਸਾਜੀ ਰਚਨਾ ਅੱਗੇ ਸਾਡੀ ਕੀ ਵੁਕਤ ਹੈ ? ਦੁੱਖ ਆਏ ਤਾਂ ਰੋਣ ਲੱਗ ਪਏ ਅਤੇ ਸੁਖ ਆਏ ਤੇ ਆਫ਼ਰ ਗਏ।

ਹੈ ਮੈਂ ਵੀ ਤੁਹਾਡੀ ਹੀ ਰਚਨਾ, ਸੋ ਇਹ ਮੱਤ ਦੇਵੋ ਕਿ ਤੁਹਾਡੇ ਬਗੈਰ ਵਾਹਿਗੁਰੂ, ਇਕ ਪਲ ਵੀ ਜੀਵਨ ਜੀਣਾ ਅਸੰਭਵ ਹੈ। ਕੋਈ ਜੀ ਕੇ ਤਾਂ ਦੱਸੇ ? ਕੋਈ ਜੀ ਹੀ ਨਹੀਂ ਸਕਦਾ। ਕੀ ਕੋਈ ਪਤਨੀ ਆਪਣੇ ਪਤੀ ਦਾ ਪਿਆਰ ਪਾਏ ਬਗੈਰ ਜੀ ਸਕਦੀ ਹੈ। ਪਤੀ ਦੇ ਪਿਆਰ ਤੋਂ ਵਾਂਝੀ ਨੂੰ ਦੁੱਖ ਹੀ ਦੁੱਖ ਹਨ।

ਜੀਵ ਇਹ ਭੁਲੇਖਾ ਵੀ ਕੱਢ ਦੇਵੇ ਕਿ ਕੋਈ ਵਾਹਿਗੁਰੂ ਬਗੈਰ ਮਦਦਗਾਰ ਸਾਬਤ ਹ ਸਕਦਾ ਹੈ। **'ਕੋਇ ਨ ਬੇਲੀ'**। ਸੋ ਹੇ ਪ੍ਰਭੂ ! ਅੰਮ੍ਰਿਤ ਵਰਗੀ ਗੁਰੂ ਦੀ ਬਖ਼ਸ਼ੀ ਬਾਣੀ ਪਿਲਾਓ ਤਾਂ ਕਿ ਇਹ ਦੁੱਖ ਪ੍ਰਤੀਤ ਨਾ ਹੋਣ। ਇਹ ਬਾਣੀ ਹੀ ਸੂਝ ਬਖ਼ਸ਼ੇਗੀ ਕਿ ਵਾਹਿਗੁਰੂ ਇਹ ਰਚਨਾ ਰਚ ਕੇ ਵਿਚ ਖੱਚਤ ਨਹੀਂ ਹੋਇਆ। ਅਸੀਂ ਵੀ ਪ੍ਰਭੂ ਨੂੰ ਹਿਰਦੇ ਵਿਚ ਵਸਾਉਣ ਵਾਲਾ ਸਹੀ ਉੱਚਾ ਕਰਮ ਕਰ ਕੇ ਦੁਨੀਆਂ ਤੋਂ ਉੱਚੇ ਰਹਿ, ਵਿਚਰ ਸਕਦੇ ਹਾਂ। ਇਹ ਹੀ ਹੈ ਸਭ ਤੋਂ ਉੱਤਮ ਕਰਮ, ਪ੍ਰਭੂ ਨੂੰ ਹਿਰਦੇ ਵਸਾਉਣਾ। **'ਪ੍ਰਭੁ ਮਨਿ ਕਰਮ ਸੁਕਰਮਾ'**।

ਗੁਰੂ ਨਾਨਕ ਦੇਵ ਜੀ ਫਿਰ ਬੇਨਤੀ ਕਰਦੇ ਹਨ ਕਿ ਹੇ ਆਤਮਾ ਦੇ ਮਾਲਕ, ਤੇਰੇ ਅੱਗੇ ਇਹ ਹੀ ਬੇਨਤੀ ਹੈ ਅਤੇ ਮੇਹਰ ਕਰ ਕੇ ਸੁਣੋ ਅਤੇ ਦਾਤ ਬਖ਼ਸ਼ੋ ਕਿ ਇਹ ਨਿਮਾਣੀ ਜੀਵ ਇਸਤ੍ਰੀ ਸੰਸਾਰ ਵਿਚ ਸਿਵਾਇ ਤੁਹਾਡੇ ਰਾਹ ਤੋਂ ਹੋਰ ਕਿਸੇ ਪਾਸੇ ਨਾ ਝਾਕੇ। ਆਪ ਜੀ ਦੀ ਸਾਜੀ, ਸਜ-ਵਿਆਹੀ, ਆਪ ਜੀ ਦਾ ਹੀ ਰਾਹ ਤੱਕ ਰਹੀ ਹੈ। **'ਪੰਥੁ ਨਿਹਾਲੇ ਸਾਧਨ।'**

ਹੋਰ ਝਾਕਾਂ ਦੇ ਰਾਹ ਫਿਰ ਕਿਰਤ ਕਰੰਮ ਵੱਲ ਲੈ ਜਾਂਦੇ ਹਨ ਜਿਨ੍ਹਾਂ ਵਿਚ ਦੁੱਖ

ਹੀ ਦੁੱਖ ਹਨ, ਪਰ ਤੁਹਾਡੇ ਰਾਹ ਤੇ ਟੁਰਿਆਂ ਦੁੱਖ ਸੁੱਖ ਦਾ ਪ੍ਰਭਾਵ ਅਭਾਵ ਹੋ ਜਾਂਦਾ ਹੈ ।੧।

**ਸ਼ਬਦ ਭਾਵ :**

**ਤੂ ਸੁਣਿ**—ਮੇਰੀ ਅਰਜ਼ੋਈ ਸੁਣੋ, ਪ੍ਰਭੂ ।

**ਕਿਰਤ ਕਰੰਮਾ**—ਰੋਜ਼ੀ ਰੋਟੀ ਲਈ ਤਰੱਦਦ ਤੇ ਕਿਸੇ ਦੇ ਕਹੇ ਕਹਾਏ ਕੀਤੇ ਕਰਮ ।

**ਸਿਰਿ ਸਿਰਿ**—ਹਰ ਇਕ ਸਿਰ ਤੇ ।

**ਸਹੰਮਾ**—ਸਹਿਮ । ਭੈ । ਡਰ । ਤਕਲੀਫ਼ । (Suffering)

**ਦੇਹਿ ਸੁ ਤੂ ਭਲਾ**—ਦੁਖ ਦੇਹ ਜਾਂ ਸੁਖ, ਭਲਾ ਲੱਗੇ ।

**ਗਤਿ ਮੇਰੀ**—ਮੇਰੀ ਕੀ ਪਾਜ਼ਾਂ ਹੈ ।

**ਦੁਹੇਲੀ**—ਦੁਖੀ । (Distressed)

**ਬੇਲੀ**—ਮਿੱਤ੍ਰ । ਦੋਸਤ ।

**ਗੁਰਮੁਖਿ ਅੰਮ੍ਰਿਤੁ**—ਅੰਮ੍ਰਿਤ ਵਰਗੀ ਗੁਰੂ ਦੀ ਬਖ਼ਸ਼ੀ ਬਾਣੀ ।

**ਰਚਨਾ ਰਾਚਿ ਰਹੇ ਨਿਰੰਕਾਰੀ**—ਰਚਨਾ ਰਚ ਕੇ ਨਿਰਲੇਪ ਹੈ ।

**ਪੰਥੁ ਨਿਹਾਲੇ**—ਰਾਹ ਤੱਕੇ । ਹੋਰ ਉਡੀਕ । ਹੋਰ ਕਿਸੇ ਰਾਹ ਵੱਲ ਝਾਕੇ ਵੀ ਨਾਂਹ । ਇਕ ਟਿਕ ।

**ਆਤਮ ਰਾਮਾ**—ਹਰ ਥਾਂ ਵਿਆਪਕ । **(All Pervading Waheguru)**

---

(੨)

ਬਾਬੀਹਾ, ਪ੍ਰਿਉ ਬੋਲੇ, ਕੋਕਿਲ ਬਾਣੀਆ ॥
ਸਾਧਨ ਸਭਿ ਰਸ ਚੋਲੈ, ਅੰਕਿ ਸਮਾਣੀਆ ॥
ਹਰਿ ਅੰਕਿ ਸਮਾਣੀ, ਜਾ ਪ੍ਰਭ ਭਾਣੀ, ਸਾ ਸੋਹਾਗਣਿ ਨਾਰੇ ॥
ਨਵ ਘਰ ਥਾਪ, ਮਹਲ ਘਰੁ ਊਚਉ, ਨਿਜ ਘਰਿ ਵਾਸ ਮੁਰਾਰੇ ॥
ਸਭ ਤੇਰੀ ਤੂ ਮੇਰਾ ਪ੍ਰੀਤਮੁ, ਨਿਸਿ ਬਾਸੁਰ ਰੰਗਿ ਰਾਵੈ ॥
ਨਾਨਕ ਪ੍ਰਿਉ ਪ੍ਰਿਉ ਚਵੈ ਬਾਬੀਹਾ, ਕੋਕਿਲ ਸਬਦਿ ਸੁਹਾਵੈ ॥੨॥

**ਸਾਰ**—ਰਾਹ ਤੱਕਣ ਦਾ ਅਰਥ ਹੈ ਕਿ ਪ੍ਰਭੂ ਦੀ ਯਾਦ ਨਾ ਵਿੱਸਰੇ । ਜਿਵੇਂ ਪਪੀਹਾ, ਪੀ-ਪੀ ਤੇ ਕੋਇਲ ਕੂ-ਕੂ ਦੀ ਮਿੱਠੀ ਆਵਾਜ਼ ਕੱਢਦੀ ਹੈ ਤਿਵੇਂ ਜੀਵ-ਇਸਤ੍ਰੀ ਨੂੰ ਇਥੇ ਸੰਸਾਰ ਵਿਚ ਰਹਿੰਦੇ ਕਦੇ ਕਉੜਾ ਬੋਲ, ਜਾਂ ਉਲ੍ਹਮਾ ਸ਼ਿਕਵਾ, ਸ਼ਿਕਾਇਤ, ਗਿਲਾ ਗੁਜ਼ਾਰੀ ਨਹੀਂ ਕਰਨਾ ਚਾਹੀਦਾ । ਸਰੀਰ ਤੇ ਪੂਰਾ ਕਾਬੂ ਰੱਖਣਾ ਹੈ । ਉੱਚਾ

ਅਖ਼ਲਾਕੀ ਜੀਵਨ ਬਣਾਉਣਾ ਹੈ । '**ਨਵ ਘਰ ਥਾਪਿ, ਮਹਲ ਘਰ ਊਚਉ** ।' ਇਹ ਉੱਚਾ ਅਖ਼ਲਾਕੀ ਜੀਵਨ ਪ੍ਰਾਪਤ ਹੋਣਾ ਹੈ, ਸ਼ਬਦ ਰਾਹੀਂ । '**ਸਬਦਿ ਸੁਹਾਵੈ**' ।੧।

**ਵਿਸਥਾਰ**—ਜੋ ਜੀਵ-ਇਸਤ੍ਰੀ ਪ੍ਰਭੂ ਦਾ ਰਾਹ ਤੱਕਦੀ ਰਹਿੰਦੀ ਹੈ, ਕੋਈ ਸ਼ਿਕਵਾ ਸ਼ਕਾਇਤ ਨਹੀਂ ਕਰਦੀ, ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦੀ ਹੈ ਅਤੇ ਪੂਰਨ ਮਿਲਾਪ ਦਾ ਰਸ ਮਾਣਦੀ ਹੈ ।

ਮਿੱਠਾ ਬੋਲਣਾ ਹੈ ਜਿਵੇਂ ਪਪੀਹਾ ਹਰ ਵੇਲੇ ਪੀ-ਪੀ ਤੇ ਕੋਇਲ ਕੂ-ਕੂ ਕਰਦੀ ਰਹਿੰਦੀ ਹੈ । ਜ਼ਰਾ ਥੱਕਦੀ ਨਹੀਂ ਕੋਇਲ । ਕਿਸੇ ਦੀ ਉਸ ਨੂੰ ਪਰਵਾਹ ਤਕ ਨਹੀਂ ਹੁੰਦੀ । ਚਿੱਤ ਵਿਚ ਚਾਤ੍ਰਕ ਵਾਂਗ ਨਾਮ ਤੇ ਰਸਨਾ ਤੇ ਕੋਇਲ ਵਾਂਗ ਬਾਣੀ । ਇਸੇ ਤਰ੍ਹਾਂ ਉਹ ਹੀ ਮਾਣੇਗੀ ਮਿਲਾਪ ਦਾ ਸਦਾ ਸੁੱਖ ਜੋ ਉਸ ਦੀ ਹਜ਼ੂਰੀ ਵਿਚ ਰਹਿੰਦੀ ਹੈ ਤੇ ਮੁੱਖੋਂ ਮਿੱਠਾ ਬੋਲ-ਬੋਲ ਉਸ ਜਹੀ ਹੋ ਗਈ ਹੈ । ਪ੍ਰਭੂ ਪਤੀ ਦਾ ਅੰਗ ਬਣਦੀ ਉਹ ਹੀ ਹੈ ਜੋ ਉਸ ਨੂੰ ਚੰਗੀ ਲੱਗਦੀ ਹੈ : ਚੰਗੇ ਲੱਗ ਜਾਣ ਵਾਲੀ ਹੀ ਸੁਹਾਗਣ ਹੈ ।

ਸਦਾ ਮਿਲਾਪ ਪਾਈ ਜੀਵ-ਇਸਤ੍ਰੀ ਸਰੀਰ ਤੇ ਖ਼ਾਹਿਸ਼ਾਂ ਦਾ ਜ਼ੋਰ ਨਹੀਂ ਪੈਣ ਦੇਂਦੀ । ਆਚਰਣ ਨੂੰ ਇਤਨਾ ਉੱਚਾ ਕਰ ਲੈਂਦੀ ਹੈ ਕਿ ਆਪਣੇ ਸਰੂਪ ਤੋਂ ਬਾਹਰ ਨਹੀਂ ਭਟਕਦੀ ਤੇ ਇਸ ਤਰ੍ਹਾਂ ਵੱਡੇ ਦੈਂਤ ਨੂੰ ਮਾਰਨ ਵਾਲੇ (ਮੁਰਾਰੇ) ਪ੍ਰਭੂ ਵਿਚ ਸਮਾਈ ਰਹਿੰਦੀ ਹੈ । ਸ਼ੈਤਾਨੀ ਖ਼ਾਹਿਸ਼ਾਂ ਹੁਣ ਕਦੇ ਜ਼ੋਰ ਨਹੀਂ ਪਾ ਸਕਣਗੀਆਂ । ਪਿਆਰੇ ਵਾਹਿਗੁਰੂ ਦੀ ਸਾਜੀ ਰਚਨਾ ਵਿਚ ਵਿਚਰਦੇ ਹੋਏ ਵੀ ਦਿਨ ਰਾਤ ਪਿਆਰ ਮਾਣਦੀ ਰਵ੍ਹੇਗੀ ਕਿਉਂਕਿ ਸਾਰੀ ਦੀ ਸਾਰੀ ਉਸੇ ਦੀ ਹੁੰਦੀ ਹੈ । ਗੁਰੂ ਨਾਨਕ ਸਾਹਿਬ ਦੱਸ ਰਹੇ ਹਨ ਕਿ ਜਿਵੇਂ ਕੋਇਲ ਨੇ, ਪਪੀਹੇ ਨੇ ਪੀ-ਪੀ ਦਾ ਮਿੱਠਾ ਬੋਲ ਸਵਾਂਤ ਬੂੰਦ ਪਾ ਸਹਿਜ ਸ਼ਾਂਤੀ ਲਈ ਹੈ ਤਿਵੇਂ ਸ਼ਬਦ ਰਾਹੀਂ ਵਾਹਿਗੁਰੂ ਦੇ ਗੁਣ ਗਾ, ਜੀਵਨ ਸੰਵਾਰ ਲਿਆ ਹੈ । ਜੀਵਨ ਸ਼ਬਦ ਹੀ ਸਵਾਰੇਗਾ, ਹੋਰ ਕੋਈ ਕਰਮ ਆਦਿ ਨਹੀਂ ।

**ਸ਼ਬਦ ਭਾਵ :**

**ਬਾਬੀਹਾ**—ਚਾਤ੍ਰਕ ਪਪੀਹਾ, ਜਿਸ ਦਾ ਆਧਾਰ ਸ੍ਵਾਂਤ ਬੂੰਦ ਹੈ ਜੋ ਬੱਦਲਾਂ ਵਿਚੋਂ ਮਿਲਦੀ ਹੈ । (The Pied-Kuckoo)

**ਕੋਕਿਲ**—ਕੋਇਲ ।

**ਬਾਣੀਆ**—ਬਾਣੀ । ਮਿੱਠੇ ਬੋਲ ।

**ਪ੍ਰਿਉ**—ਪੀ-ਪੀ ।

**ਸਾਧਨ**—ਜੀਵ-ਇਸਤ੍ਰੀ ।

**ਰਸ ਚੋਲੈ**—ਪੂਰਨ ਸਵਾਦ ਲੈਣਾ ।

**ਅੰਕਿ ਸਮਾਣੀ**—ਹਿੱਸਾ ਬਣ ਜਾਣਾ । (Merged in Lord's Being)

**ਨਵ ਘਰ ਥਾਪਿ**—ਨੌ ਸਰੀਰਕ ਇੰਦ੍ਰੀਆਂ ਦਾ ਸਰੀਰ ਤੇ ਕਾਬੂ ਨਾ ਪੈਣ ਦੇਣਾ।
(To Calm Nine Apertures of the Body)

**ਮਹਲੁ ਘਰੁ ਊਚਉ**—ਉੱਚਾ ਅਖ਼ਲਾਕੀ ਜੀਵਨ।

**ਨਿਸਿ ਬਾਸੁਰ**—ਦਿਨ ਰਾਤ।

**ਰੰਗਿ ਰਾਵੈ**—ਪਿਆਰ ਪਾਂਦੇ ਰਹਿਣਾ।

**ਸਬਦਿ ਸੁਹਾਵੇ**—ਸ਼ਬਦ ਦੁਆਰਾ ਜੀਵਨ ਘੜ ਸਵਾਰਨਾ।੨।

---

(੩)

ਤੂ ਸੁਣਿ, ਹਰਿ ਰਸ ਭਿੰਨੇ, ਪ੍ਰੀਤਮ ਆਪਣੇ ॥
ਮਨਿ ਤਨਿ ਰਵਤ ਰਵੰਨੇ, ਘੜੀ ਨ ਬੀਸਰੈ ॥
ਕਿਉ ਘੜੀ ਬਿਸਾਰੀ, ਹਉ ਬਲਿਹਾਰੀ, ਹਉ ਜੀਵਾ ਗੁਣ ਗਾਏ ॥
ਨ ਕੋਈ ਮੇਰਾ, ਹਉ ਕਿਸੁ ਕੇਰਾ, ਹਰਿ ਬਿਨੁ ਰਹਣੁ ਨ ਜਾਏ ॥
ਓਟ ਗਹੀ ਹਰਿ ਚਰਣ ਨਿਵਾਸੇ, ਭਏ ਪਵਿਤ੍ਰ ਸਰੀਰਾ ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ, ਗੁਰ ਸਬਦੀ ਮਨੁ ਧੀਰਾ ॥੩॥

**ਸਾਰ**—ਸ਼ਬਦ ਸਹਾਰੇ, ਸਰੀਰ ਤੋਂ ਉੱਠਦੀਆਂ ਖ਼ਾਹਿਸ਼ਾਂ ਤੇ ਕਾਬੂ ਪਾ ਆਤਮਾ ਉਚਿਆਈ ਹੈ, ਅਖ਼ਲਾਕ ਵੀ ਉੱਚਾ ਹੋਇਆ ਹੈ, ਪਰ ਰਸਾਂ ਦੇ ਮਾਲਕ ਅੱਗੇ ਇਕ ਹੀ ਬੇਨਤੀ ਹੈ ਕਿ ਮਨ ਸਦਾ ਟਿਕ ਜਾਏ, ਜਿਸਮ ਤੇ ਜਿੰਦ ਵਿਚ ਸਦਾ ਯਾਦ ਬਣੀ ਰਹੇ। ਇਸ ਦਾ ਢੰਗ ਹੈ ਕਿ ਸ਼ਬਦ ਰਾਹੀਂ ਗੁਣ ਗਾਂਦੇ ਰਹੀਏ।

ਸ਼ਬਦ ਰਾਹੀਂ ਇਹ ਲੰਮੀ ਨਦਰ ਕਿ ਨਾ ਕੋਈ ਮੇਰਾ ਸਾਥੀ ਹੈ ਨਾ ਮੈਂ ਕਿਸੇ ਦਾ ਸਦੀਵੀ ਸਾਥੀ ਹਾਂ, ਪ੍ਰਭੂ ਤੋਂ ਸਿਵਾ ਨਾ ਕੋਈ ਟੇਕ ਕੰਮ ਆਉਣੀ ਹੈ, ਮਿਲਣੀ ਹੈ। ਐਸੀ ਲੰਮੀ ਨਦਰ ਵਿਚ ਹੀ ਸਦੀਵੀ ਸੁੱਖ ਹੈ। **'ਦ੍ਰਿਸਟਿ ਦੀਰਘ ਸੁਖੁ ਪਾਵੈ'**।

**ਵਿਸਥਾਰ**—ਹੇ ਰੱਸਾਂ ਨਾਲ ਭਰੇ ਹਰੀ, ਹੇ ਮੇਰੇ ਪਿਆਰੇ ਪ੍ਰੀਤਮ, ਅੰਗ-ਅੰਗ ਵਿਚ ਵੱਸਦੇ ਪ੍ਰਭੂ, ਮੈਂ ਆਪਣੇ ਜਤਨਾਂ ਨਾਲ ਤੇਰੀ ਯਾਦ ਨਹੀਂ ਪਕਾ ਸਕਦਾ, ਸੋ ਆਪਣੀ ਮੇਹਰ ਕਰੋ ਕਿ ਕਦੇ ਨਾ ਵਿੱਸਰੋ।

ਇਹ ਮੇਹਰ ਵੀ ਕਰੋ ਕਿ ਤੁਹਾਡੇ ਗੁਣ ਗਾਂਦਿਆਂ ਕਦੇ ਨਾ ਥੱਕਾਂ। 'ਹਉ ਬਲਿਹਾਰੀ'। ਕਿਉਂਕਿ ਮੈਂ ਜੀਅ ਉੱਠਿਆ ਉਸੇ ਵੇਲੇ ਹੀ ਜਾਣਦਾ ਹਾਂ ਜਦ ਤੇਰੇ ਗੁਣ ਗਾਵਾਂ। ਜੀਵਨ ਹੀ ਗੁਣ ਗਾਣਾ ਹੈ। ਵਿੱਸਰ ਜਾਣਾ ਤਾਂ ਮੌਤ ਹੈ। ਗੁਣ ਗਾਇਆਂ ਹੀ ਸੋਝੀ ਪਾਈ ਕਿ ਮੇਰਾ ਕੋਈ ਸਾਥੀ ਨਹੀਂ। ਮੇਰਾ ਸਾਥ ਵੀ ਕਿਸੇ ਨਾਲ ਸਦੀਵੀ ਨਹੀਂ। ਸਭ ਸੰਗੀ ਸਾਥੀ ਸੰਬੰਧੀ ਚਲਾਇਮਾਨ ਹਨ। ਇਹ ਪੱਕ ਹੋ ਆਇਆ ਹੈ ਕਿ ਜੀਵਨ ਜੀਵਿਆ ਹੀ ਨਹੀਂ ਜਾ ਸਕਦਾ, ਬਗੈਰ ਤੇਰੇ ਸਹਾਰੇ ਦੇ।

ਜਦ ਤੇਰੀ ਓਟ ਮਿਲ ਗਈ ਤੇ ਫਿਰ ਹਿਰਦੇ ਦ੍ਰਿੜ੍ਹ ਕਰ ਲਈ (ਹਰਿਚਰਣ ਨਿਵਾਸ) ਤਾਂ ਸਰੀਰ ਵਿੱਚੋਂ ਸਾਰੇ ਮਾੜੇ ਵੀਚਾਰ ਨਿਕਲ ਗਏ ਅਤੇ ਸਰੀਰ ਪਾਵਨ ਹੋ ਗਿਆ। ਗੁਰੂ ਨਾਨਕ ਦੇਵ ਜੀ ਸਮਝਾ ਕਹਿੰਦੇ ਹਨ ਕਿ ਸ਼ਬਦ ਦੁਆਰਾ ਜਦ ਮਨ ਨੂੰ ਪੂਰਨ ਟਿਕਾ ਮਿਲ ਗਿਆ ਤਾਂ ਅਜਿਹੀ ਲੰਮੀ ਨਦਰ ਪ੍ਰਾਪਤ ਹੋਈ ਕਿ ਤੁਹਾਡਾ ਸਦਾ ਸਾਥ ਮੇਰੇ ਨਾਲ ਹੈ ਤਾਂ ਸੁੱਖ ਹੀ ਸੁੱਖ ਹੋ ਗਿਆ। ਲੰਮੀ ਨਦਰ ਇਹ ਹੈ ਕੋਈ ਕਿਸੇ ਦਾ ਸਾਥੀ ਨਹੀਂ ਸਿਰਫ਼ ਤੋੜ ਨਿਭਣ ਵਾਲਾ ਵਾਹਿਗੁਰੂ ਹੈ।

**ਸ਼ਬਦ ਭਾਵ :**

**ਹਰਿ ਰਸਿ ਭਿੰਨੇ**—ਪ੍ਰੇਮ ਰਸ ਨਾਲ ਨੁੱਚੜਦੇ। (Drenched With Love)

**ਰਵਤ ਰਵੰਨੇ**—ਹਰ ਥਾਂ ਵਿਆਪਕ। (All Pervasive)

**ਬਲਿਹਾਰੀ**—ਸਦਕੇ ਜਾਣਾ। ਗੁਣ ਗਾਂਦਿਆਂ ਨਾ ਥੱਕਣਾ।
(Be Sacrificed, Fully Devoted)

**ਹਉ ਕਿਸ ਕੇਰਾ**—ਮੈਂ ਕਿਸੇ ਜੋਗ ਨਹੀਂ। ਮੇਰਾ ਵੀ ਕਿਸੇ ਦਾ ਸਾਥ ਨਹੀਂ।

**ਗਹੀ**—ਪਕੜੀ। ਅਪਣਾਈ। (Seize-Grasp)

**ਦ੍ਰਿਸਟਿ ਦੀਰਘ**—ਲੰਮੀ ਨਦਰ। (Deep Vision) ।੩।

---

(੪)

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥
ਸਾਜਨ ਮਿਲੇ ਸਹਜਿ ਸੁਭਾਇ, ਹਰਿ ਸਿਉ ਪ੍ਰੀਤ ਬਣੀ।
ਹਰਿਮੰਦਰਿ ਆਵੈ ਜਾ ਪ੍ਰਭ ਭਾਵੈ, ਧਨ ਊਭੀ ਗੁਣ ਸਾਰੀ ॥
ਘਰਿ ਘਰਿ ਕੰਤੁ ਰਵੈ ਸੋਹਾਗਣਿ, ਹਉ ਕਿਉ ਕੰਤ ਵਿਸਾਰੀ ॥
ਉਨਵ ਘਨ ਛਾਏ ਬਰਸੁ ਸੁਭਾਏ, ਮਨਿ ਤਨਿ ਪ੍ਰੇਮੁ ਸੁਖਾਵੈ ॥
ਨਾਨਕ ਵਰਸੈ ਅੰਮ੍ਰਿਤ ਬਾਣੀ, ਕਰਿ ਕਿਰਪਾ ਘਰਿ ਆਵੈ ॥੪॥

**ਸਾਰ**—ਟਿਕਿਆ ਹੋਇਆ ਮਨ ਜਦ ਮਿੱਠੀ ਬਾਣੀ ਗਾਂਦਾ ਸੁਣਦਾ ਹੈ ਤਾਂ ਪ੍ਰਭੂ ਆਪ-ਮੁਹਾਰੇ ਆ ਦੀਦਾਰ ਦੇਂਦਾ ਹੈ। ਦੀਦਾਰ ਹੋਇਆਂ ਦੀ ਪ੍ਰੀਤ ਉੱਪਜ ਪੈਂਦੀ ਹੈ। ਉਸ ਅਵਸਥਾ ਵਿਚ ਨਿਮ੍ਰਤਾ ਸਹਿਤ ਖੜੇ ਹੋ ਕੇ ਪੁਕਾਰ ਕਰਦਾ ਹੈ ਕਿ ਮੈਨੂੰ ਦੀਦਾਰ ਦਿੱਤਾ ਜੇ, ਹੁਣ ਮਿਲਾਪ ਦਾ ਅਨੰਦ ਬਖ਼ਸ਼ੋ; ਜੋ ਹੋਰਨਾਂ ਪਿਆਰ ਕਰਨ ਵਾਲਿਆਂ ਨੂੰ ਦਿੱਤਾ ਜੇ।

ਇਸ ਤਰ੍ਹਾਂ ਪੁਕਾਰਦੇ, ਗੁਣ ਗਾਂਦੇ, ਪ੍ਰਭੂ ਦੀ ਰਹਿਮਤ ਦੇ ਬੱਦਲ ਛਾ ਜਾਂਦੇ ਹਨ ਤੇ ਫਿਰ ਇਤਨਾ ਛਹਿਬਰ ਲਗਾ ਕੇ ਵਰ੍ਹਦੇ ਹਨ ਕਿ ਅੰਗ-ਅੰਗ ਹੀ ਪ੍ਰੇਮ ਵਿਚ ਰਚ

ਜਾਂਦਾ ਹੈ। ਇਸ ਬਾਣੀ ਦੀ ਕ੍ਰਿਪਾ ਨਾਲ ਪ੍ਰਭੂ ਘਰ ਆ ਟਿਕਿਆ। ਗੁਰੂ ਜੀ ਨੇ ਆਪ ਫ਼ਰਮਾਇਆ ਹੈ :

ਅੰਤਰੁ ਪ੍ਰੀਤਿ ਪ੍ਰਾਪਤ ਦਰਸਨ।
ਗੁਰਬਾਣੀ ਸਪ੍ਰੀਤਿ, ਸਪ੍ਰਸੰਨ।

**ਵਿਸਥਾਰ**—ਟਿਕਵੇਂ ਹਿਰਦੇ ਤੇ ਜਦ ਮਿੱਠੀ ਬਾਣੀ ਦੀਆਂ ਬੂੰਦਾਂ ਝੜੀ ਲਗਾ ਪੈਂਦੀਆਂ ਹਨ ਤਾਂ ਹਿਰਦਾ ਖਿੜ ਉੱਠਦਾ ਹੈ ਅਤੇ ਆਪ-ਮੁਹਾਰੇ ਹੀ ਮਾਲਕ ਪ੍ਰਭੂ ਆ ਮਿਲਦਾ ਹੈ। ਦੇਖਦੇ ਹੀ ਪ੍ਰੀਤ ਉੱਪਜ ਪੈਂਦੀ ਹੈ। ਪ੍ਰਭੂ ਪਿਆਰਾ ਲੱਗਦਾ ਹੈ। ਇਹ ਪ੍ਰੀਤ ਨਾ ਘਟੇ ਇਸ ਲਈ ਨਿਮ੍ਰਤਾ ਸਹਿਤ, ਖੜੇ ਹੋ ਕੇ, ਸੁਚੇਤ, ਆਦਰ ਨਾਲ ਜੀਵ-ਇਸਤ੍ਰੀ ਹੋਰ ਗੁਣਾਂ ਨੂੰ ਸੰਭਾਲਦੀ ਹੈ। '**ਧਨ ਊਭੀ ਗੁਣ ਸਾਰੀ।**' ਗੁਰਬਾਣੀ ਵਿਚ ਦੱਸੇ ਗੁਣਾਂ ਨੂੰ ਗ੍ਰਹਿਣ ਕਰੀ ਜਾਂਦੀ ਹੈ।

ਬਾਣੀ ਰਾਹੀਂ ਇਹ ਵੀ ਪਤਾ ਲੱਗ ਗਿਆ ਕਿ ਜਦ ਪ੍ਰਭੂ ਨੂੰ ਭਾਂਵਦਾ ਹੈ ਤਾਂ ਹੀ ਹਿਰਦੇ ਰੂਪੀ ਮੰਦਰ ਵਿਚ ਆਉਂਦਾ ਹੈ। ਸੋ ਬੇਨਤੀ ਹੈ ਕਿ ਜਿਵੇਂ ਹੋਰ ਕਿਤਨਿਆਂ ਨੂੰ ਆਪਣੇ ਹਿਰਦੇ ਵਿਚ ਕੰਤ ਦੇ ਮਿਲਾਪ ਦਾ ਸੁੱਖ ਮਾਨਣ ਦਾ ਅਵਸਰ ਦਿੱਤਾ ਜੇ, ਮੈਨੂੰ ਵੀ ਬਖ਼ਸ਼ੋ। ਮੈਨੂੰ ਵਾਂਝਿਆਂ ਨਾ ਰੱਖਣਾ।

ਵਿਸਾਰਨਾ ਨਹੀਂ। ਜੇ ਤਰੁਠ ਕੇ ਪ੍ਰਭੂ, ਬਾਣੀ ਵਰਗਾ ਮੇਘ ਸੰਸਾਰ ਤੇ ਭੇਜਿਆ ਜੇ ਤਾਂ ਕ੍ਰਿਪਾ ਕਰ ਕੇ ਇਸ ਦੀ ਝੜੀ ਲਗਾ ਦਿਓ ਤਾਂ ਕਿ ਮਨ ਤਨ ਵਿਚ ਵਾਹਿਗੁਰੂ ਦਾ ਪ੍ਰੇਮ ਵੱਸ ਕੇ ਸੁੱਖ ਹੋਵੇ।

ਗੁਰੂ ਨਾਨਕ ਜੀ ਫ਼ਰਮਾ ਰਹੇ ਹਨ ਕਿ ਜਿਸ ਭਾਗਾਂ ਵਾਲੇ ਹਿਰਦੇ ਬਾਣੀ ਦਾ ਮੀਂਹ ਪੈਂਦਾ ਹੈ, ਜੋ ਹਰ ਵੇਲੇ ਰਤੇ ਹੋਏ ਬਾਣੀ ਰਾਹੀਂ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਦੇ ਰਹਿੰਦੇ ਹਨ ਪ੍ਰਭੂ ਮੇਹਰ ਕਰ ਕੇ ਉਸ ਹਿਰਦੇ ਨੂੰ ਆਪਣਾ ਟਿਕਾਣਾ ਹੀ ਬਣਾ ਲੈਂਦਾ ਹੈ। ਬਾਣੀ ਦਾ ਅੰਮ੍ਰਿਤ ਜਿੱਥੇ ਵਰਸੇਗਾ ਉਥੇ ਹੀ ਵਾਹਿਗੁਰੂ ਕ੍ਰਿਪਾ ਕਰ ਕੇ ਆ ਵੱਸੇਗਾ। ਇਹ ਅਟੱਲ ਨੇਮ ਹੈ :

ਨਾਨਕ ਵਰਸੈ ਅੰਮ੍ਰਿਤ ਬਾਣੀ,
ਕਰਿ ਕਿਰਪਾ ਘਰਿ ਆਵੈ।

**ਸ਼ਬਦ ਭਾਵ :**

**ਅੰਮ੍ਰਿਤ**—ਮਿੱਠੀ। ਰਸ ਭਰੀ।

**ਧਾਰ**—ਲਗਾਤਾਰ। ਝੜੀ। (Continuous Flow)

**ਸਹਜਿ ਸੁਭਾਇ**—ਆਪ-ਮੁਹਾਰੇ। ਨਿਰਜਤਨ। ਟਿਕੇ ਹੋਏ ਤੇ।

**ਊਭੀ**—ਖੜੇ ਹੋ ਕੇ। ਨਿਮ੍ਰਤਾ ਸਹਿਤ।
"ਊਭੀ ਸੇਵਿ ਕਰੇ", ਗੁਰੂ ਨਾਨਕ ਦੇਵ ਜੀ ਦਾ ਹੀ ਫ਼ਰਮਾਨ ਹੈ!

**ਗੁਣ ਸਾਰੀ**—ਗੁਣਾਂ ਨੂੰ ਸੰਭਾਲੇ। ਗੁਣਾਂ ਨੂੰ ਹਿਰਦੇ ਵਿਚ ਗ੍ਰਹਣ ਕਰੇ।

**ਰਵੈ**—ਅਨੰਦ ਮਾਨਣਾ। (Take Delight In)

**ਉਨਵ ਘਨ ਛਾਏ**—ਉਮਡ ਕੇ ਆਏ ਬੱਦਲ। ਤਰੁਠ ਰਹੇ ਸਤਿਗੁਰੂ। ਬਾਣੀ ਵਰਤੀ ਜੱਗ ਅੰਦਰ।

**ਬਰਸ ਸੁਭਾਏ**—ਵਰ੍ਹ ਪਵੇ। ਮੇਹਰ ਹੋਵੇ।

**ਪ੍ਰੇਮ ਸੁਖਾਵੈ**—ਹਿਰਦੇ ਵਿਚ ਪ੍ਰੇਮ ਸੁਖ ਦੇਂਦਾ ਹੈ।੪।

—

ਚੇਤ

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ, ਬਿਰਹਿ ਬਿਰੋਧ ਤਨ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ ॥
ਭਵਰ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ ॥੫॥

**ਸਾਰ**—ਚੇਤ ਵਿਚ ਫੁੱਲ ਖਿੜ, ਅੰਬੀਆਂ ਨੂੰ ਬੂਰ ਪੈਣ ਨਾਲ ਆਪ-ਮੁਹਾਰੇ ਭੌਰ ਤੇ ਕੋਇਲ ਆ ਬੈਠਦੇ ਹਨ ਤਿਵੇਂ ਕ੍ਰਿਪਾ ਕਰ ਕੇ ਹਿਰਦੇ ਦਾ ਕੰਵਲ ਖਿੜਾ ਕੇ ਵਿਛੋੜੇ ਦੀ ਦਰਦ ਹਟਾਓ ਤੇ ਹਿਰਦੇ ਘਰ ਵਿਚ ਆ ਟਿਕੋ।

ਉਂਞ ਤਰੁੱਠ ਕੇ ਜੋ ਸ਼ਬਦ-ਰੂਪੀ ਮੀਂਹ ਵਰ੍ਹਾਇਆ ਹੈ ਇਸ ਨਾਲ ਸਭ ਕੁਝ ਭਲਾ-ਭਲਾ ਲੱਗਦਾ ਹੈ। ਸ਼ਕਾਇਤਾਂ ਗਿਲੇ ਗੁਜ਼ਾਰੀਆਂ ਮੁੱਕ ਗਈਆਂ ਹਨ।

**ਵਿਸਥਾਰ**—ਚੇਤ ਦੇ ਮਹੀਨੇ ਹਰ ਸ਼ੈ ਹੀ ਸੁਹਾਵਣੀ ਲੱਗਣ ਲੱਗ ਪੈਂਦੀ ਹੈ। ਸਭ ਕੁਝ ਚੰਗਾ-ਚੰਗਾ ਲੱਗਦਾ ਹੈ। ਬਸੰਤ ਵੀ ਸੋਹਣੀ, ਬਾਗ਼ਾਂ ਵਿਚ ਖਿੜੇ ਫੁਲ ਵੀ ਸੋਹਣੇ ਅਤੇ ਉਨ੍ਹਾਂ ਤੇ ਘੁੰਮਦੇ ਭਉਰ ਵੀ ਸੋਹਣੇ।

ਕੈਸਾ ਅਨੰਦ ਆਵੇ ਜੇ ਪਤੀ ਪ੍ਰਮਾਤਮਾ, ਬਾਣੀ ਦ ਮੀਂਹ ਦੁਆਰਾ ਹਿਰਦੇ ਨੂੰ ਖਿੜਾ ਦੇਵੇ ਤੇ ਅੰਦਰ ਆ ਬੈਠੇ। 'ਪਿਰੁ ਘਰਿ ਬਾਹੁੜੈ।'

ਉਹ ਇਸਤ੍ਰੀ ਕਿਵੇਂ ਸੁੱਖ ਪਾ ਸਕਦੀ ਹੈ ਜਿਸ ਦਾ ਪਤੀ ਪਾਸ ਨਾ ਹੋਵੇ ਸਗੋਂ ਵਿਛੋੜੇ ਦੀ ਪੀੜਾ ਨਾਲ ਤਾਂ ਉਸ ਦਾ ਸਰੀਰ ਵੀ ਖੀਣ ਹੋਣਾ ਆਰੰਭ ਹੋ ਜਾਂਦਾ ਹੈ। ਬ੍ਰਿਹ ਕੁੱਠੀ ਨੂੰ ਅੰਬਾਂ ਦੇ ਬਾਗ਼ ਵਿਚ ਕੋਇਲ ਦੇ ਮਿੱਠੇ ਬੋਲ ਸੁਹਾਵਣੇ ਲੱਗਣ ਦੀ ਥਾਂ ਚੋਭਵੇਂ ਲੱਗਦੇ ਹਨ ਅਤੇ ਬ੍ਰਿਹ ਪੀੜਾ ਵਧਾਉਣ ਦਾ ਕਾਰਨ ਬਣਦੇ ਹਨ। ਭੰਵਰ ਖਿੜੇ ਫੁੱਲ ਤੇ ਆ ਜੋ ਗੁੰਜਾਰ ਪਾਂਦੇ ਹਨ ਉਹ ਇੰਞ ਲੱਗਦੀ ਹੈ ਜਿਵੇਂ ਮੌਤ ਦਾ ਸੁਨੇਹਾ ਲੈ

ਆ ਰਹੇ ਹਨ । ਮੇਰੇ ਲਈ ਤਾਂ ਵਿਛੋੜੇ ਵਾਲਾ ਜੀਵਨ ਮੌਤ ਸਮਾਨ ਹੈ ।

ਆਤਮਕ ਜੀਵਨ ਦੇਣ ਵਾਲੀ ਗੁਰੂ-ਮਾਂ ਤੁਸੀਂ ਹੀ ਦੱਸੋ ਕਿ ਜੀਵ-ਇਸਤ੍ਰੀ ਵਾਹਿਗੁਰੂ ਬਗੈਰ ਕਿਵੇਂ ਜੀ ਸਕਦੀ ਹੈ ? ਗੁਰੂ ਨਾਨਕ ਜੀ ਫ਼ਰਮਾਂਦੇ ਹਨ ਕਿ ਵਿਛੋੜੇ ਦੀ ਪੀੜਾ ਦਾ ਦੁੱਖ ਮਿਟੇ ਤਾਂ ਹੀ ਟਿਕਾ ਦਾ ਪੂਰਨ ਸੁੱਖ ਮਿਲਦਾ ਹੈ ਅਤੇ ਟਿਕਾ ਤਦ ਹੈ ਜੇ ਹਰੀ ਵਰਗਾ ਪਤੀ ਪ੍ਰਮਾਤਮਾ ਜੀਵ-ਇਸਤ੍ਰੀ ਦੀ ਹਿਰਦੇ ਸੇਜਾ ਤੇ ਆ ਬੈਠੇ ।੫।

**ਸ਼ਬਦ ਭਾਵ :**

**ਭਲਾ**—ਸੋਹਣਾ । ਚੰਗਾ । Excellent)

**ਬਾਰਿ**—ਖੁੱਲ੍ਹੇ ਮੈਦਾਨ । ਉਜਾੜਾਂ । ਦਰਿਆਵਾਂ ਵਿਚਕਾਰ ਜੂਹਾਂ ।
(Open Country Between two Rivers of Panjab)

**ਬਾਹੁੜੈ**—ਆ ਢੁੱਕੇ । ਦੀਦਾਰ ਦੇਵੇ ।

**ਦੁਖ ਅੰਕਿ ਸਹੀਜੈ**—ਹਿਰਦੇ ਨੂੰ ਚੋਭ ਪੈਂਦੀ ਹੈ ।

**ਫੂਲੀ ਡਾਲੀ**—ਡਾਲੀ ਨਾਲ ਲੱਗੇ ਖਿੜੇ ਫੁੱਲ ਤੇ ।

**ਸਹਜਿ ਸੁਖੁ**—ਪੂਰਨ ਅਡੋਲਤਾ ਦਾ ਸੁੱਖ ।

**ਹਰਿ ਵਰੁ ਘਰਿ**—ਹਰੀ ਜੇਹੇ ਪਤੀ ਦੇ ਹਿਰਦਾ-ਘਰ ਵਿਚ ਟਿਕਾਣਾ ਬਣਾਉਣਾ ।੫।

—

## ਵੈਸਾਖ

ਵੈਸਾਖੁ ਭਲਾ, ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ, ਦੁਤਰ ਤਾਰੇ, ਤੁਧੁ ਬਿਨੁ ਅਢੁ ਨਾ ਮੋਲੋ ॥
ਕੀਮਤ ਕਉਣ ਕਰੇ, ਤੁਧੁ ਭਾਵਾਂ, ਦੇਖ ਦਿਖਾਵੈ ਢੋਲੋ ॥
ਦੂਰਿ ਨ ਜਾਨਾ, ਅੰਤਰਿ ਮਾਨਾ, ਹਰਿ ਕਾ ਮਹਲ ਪਛਾਨਾ ॥
ਨਾਨਕ ਵੈਸਾਖੀ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ ॥੬॥

ਸਾਰ—ਚੇਤ ਦੇ ਮਹੀਨੇ ਉਡੀਕ ਹੁੰਦੀ ਹੈ, ਫ਼ਸਲ ਘਰ ਆਵੇ । ਵੈਸਾਖ ਮਹੀਨੇ ਸਿੱਟਿਆਂ ਨੂੰ ਦਾਣਿਆਂ ਨਾਲ ਭਰਿਆ ਤੱਕ ਖ਼ਿਆਲ ਉੱਪਜਦਾ ਹੈ ਕਿ ਇਹ ਆਪਣਾ ਮੁੱਲ ਪਵਾ ਜਾਣਗੇ । ਵੈਸਾਖੀ ਦਾ ਹੀ ਦ੍ਰਿਸ਼ਟਾਂਤ ਲੈ ਕੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਆਸ ਪੂਰੋ । ਜਦ ਸੁਰਤਿ ਵਿਚ ਸ਼ਬਦ ਟਿਕ ਜਾਂਦਾ ਹੈ ਤਾਂ ਮਨ ਕਿਧਰੇ ਨਹੀਂ ਜਾਂਦਾ ।

੧੬੯੯ ਦੀ ਵੈਸਾਖੀ ਨੂੰ ਜਦ ਸਿੱਖ ਵਾਹਿਗੁਰੂ ਜੀ ਕਾ ਖ਼ਾਲਸਾ ਬਣਿਆ ਸੀ ਤਾਂ ਉਸ ਵੇਲੇ ਵੀ ਸੁਰਤਿ ਵਿਚ ਸ਼ਬਦ ਸਮਾਇਆ ਸੀ । ਵਿਅਕਤੀ ਵਿੱਚੋਂ ਮੂਲੋਂ ਕੱਢ

ਦਿੱਤੀ ਗਈ ਸੀ। ਜੇ ਅਸਾ ਨਾ ਹੁੰਦਾ ਤਾਂ ਗੁਰੂ ਗੋਬਿੰਦ ਸਿੰਘ ਜੀ ਆਪ ਪੰਜਾਂ ਪਾਸੋਂ ਗੋਡੇ ਭਾਰ ਹੋ ਅੰਮ੍ਰਿਤ ਦੀ ਦਾਤ ਨਾ ਮੰਗਦੇ। ਸਾਡੇ ਲਈ ਪੂਰਨੇ ਪਾ ਗਏ ਕਿ ਕਦੇ ਮਨੁੱਖ ਦਾ ਸਹਾਰਾ ਨਹੀਂ ਤੱਕਣਾ। '**ਦੇਖ ਦਿਖਾਵੈ ਢੋਲੋ।**'

**ਵਿਸਥਾਰ**—ਵੈਸਾਖ ਦਾ ਮਹੀਨਾ ਕਿਤਨਾ ਸੋਹਣਾ ਲੱਗਦਾ ਹੈ ਜਦ ਸਿੱਟੇ ਵਿਚ ਦਾਣੇ ਭਰ ਜਾਂਦੇ ਹਨ (ਸਾਖਾ ਵੇਸ ਕਰੇ)। ਕਿਸਾਨ ਨੂੰ ਜਦ ਆਪਣੀ ਫ਼ਸਲ ਦਾ ਮੁੱਲ ਮਿਲਦਾ ਹੈ ਤਾਂ ਉਹ ਖ਼ੁਸ਼ੀ ਵਿਚ ਨਹੀਂ ਮਿਉਂਦਾ।

ਵੈਸਾਖ ਦੇ ਮਹੀਨੇ ਫ਼ਸਲ ਪੱਕੀ ਅਤੇ ਫਿਰ ਕਦਰ ਪੈਂਦੀ ਦੇਖ ਕੇ ਜੀਵ-ਇਸਤ੍ਰੀ ਜੋ ਵਾਹਿਗੁਰੂ ਪਾਸੋਂ ਵਿਛੋੜਾ ਖਾ ਚੁੱਕੀ ਹੈ, ਤਰਲਾ ਪਾਉਂਦੀ ਹੈ ਤੇ ਬੇਨਤੀ ਕਰਦੀ ਹੈ ਕਿ ਹੁਣ ਮੇਹਰ ਕਰ ਕੇ ਹਿਰਦੇ ਸੇਜ ਤੇ ਆ ਬੈਠੋ।

ਇਹ ਪ੍ਰਤੀਤ ਹੋ ਗਈ ਹੈ ਕਿ ਤੁਹਾਡੇ ਬਗ਼ੈਰ ਇਸ ਸੰਸਾਰ ਵਿਚ ਅੱਧੀ ਕਉਡੀ ਵੀ ਮੁੱਲ ਨਹੀਂ ਅਤੇ ਇਹ ਨਾ ਤਰਿਆ ਜਾਣ ਵਾਲਾ ਜਗਤ, ਤੁਹਾਡੇ ਮਿਲੇ ਪਿਆਰ ਨਾਲ ਹੀ ਤਰਿਆ ਜਾਣਾ ਹੈ।

ਇਸ ਦੇ ਉਲਟ ਜੇ ਆਪ ਜੀ ਨੂੰ ਚੰਗੀ ਲੱਗ ਗਈ ਤਾਂ ਕੋਈ ਮੁੱਲ ਨਹੀਂ ਪਾ ਸਕੇਗਾ। ਅਮੁੱਲ ਹੋ ਜਾਵਾਂਗੀ। ਅੱਗੇ ਅੱਧੀ ਕਉਡੀ ਮੁੱਲ ਨਹੀਂ ਸੀ ਪੈਂਦਾ। ਹੁਣ ਮੁੱਲ ਹੀ ਕੋਈ ਨਹੀਂ ਪਾ ਸਕਦਾ। ਇਹ ਦਾਤ, ਜੋ ਮੈਨੂੰ ਅਮੁੱਲ ਕੀਤਾ ਹੈ, ਉਸ ਗੁਰੂ ਨੇ ਦਿੱਤੀ ਹੈ ਜਿਸ ਨੇ ਪਹਿਲਾਂ ਆਪ ਵਾਹਿਗੁਰੂ ਨੂੰ ਦੇਖ ਲਿਆ ਹੈ ਅਤੇ ਹੁਣ ਸਾਨੂੰ ਵਲ ਦੱਸ ਕੇ ਅਮੁੱਲ ਪ੍ਰਭੂ ਦਰਸ਼ਨ ਦੀ ਦਾਤ ਬਖ਼ਸ਼ ਰਹੇ ਹਨ। '**ਦੇਖ ਦਿਖਾਵੈ ਢੋਲੋ।**'

ਗੁਰੂ ਦੀ ਬਾਣੀ ਦਰਸਾ ਦੇਂਦੀ ਹੈ ਕਿ ਕਿਧਰੇ ਬਾਹਰ ਭਟਕਣ ਦੀ ਲੋੜ ਨਹੀਂ, ਵਾਹਿਗੁਰੂ ਅੰਦਰ ਹੈ ਅਤੇ ਸ਼ਬਦ ਰਾਹੀਂ ਉਸ ਦੇ ਟਿਕਾਣੇ ਦਾ ਜੋ ਹਿਰਦੇ ਅੰਦਰ ਹੈ ਪਤਾ ਲੱਗ ਜਾਂਦਾ ਹੈ।

ਇਸ ਤਰ੍ਹਾਂ ਵੈਸਾਖੀ ਨੂੰ ਚਾਰੇ ਪਾਸੇ ਛਾਈ ਖ਼ੁਸ਼ੀ ਗੁਰੂ ਨਾਨਕ ਦੇਵ ਜੀ ਕਹਿੰਦ ਹਨ, ਜੀਵ-ਇਸਤ੍ਰੀ ਦੇ ਪ੍ਰਭੂ ਪਤੀ ਨਾਲ ਮਿਲਾਪ ਵਿਚ ਸਹਾਇਤਾ ਕਰਦੀ ਹੈ। ਸੁਰਤਿ ਨੂੰ ਸ਼ਬਦ ਇਵੇਂ ਵਿੰਨ੍ਹਦਾ ਹੈ ਕਿ ਮਨ ਭੱਜ ਹੁਣ ਕਿਧਰੇ ਨਹੀਂ ਜਾਂਦਾ।

ਵੈਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸੁਰਤਿ ਸ਼ਬਦ ਦਾ ਮੇਲ ਖੰਡੇ ਦਾ ਅੰਮ੍ਰਿਤ ਦੇ ਕੇ ਕੀਤਾ ਸੀ ਤਾਂ ਕਿ ਵਿਚੋਲਾ ਕੋਈ ਨਾਹ ਰਵ੍ਹੇ।

**ਸ਼ਬਦ ਭਾਵ :**

**ਸਾਖਾ ਵੇਸ ਕਰੇ**– ਟਹਿਣੀਆ ਫੁੱਲਾਂ ਨਾਲ ਭਰੀਆਂ ਨਜ਼ਾਰਾ ਬਣਾਂਦੀਆਂ ਹਨ। ਸਿੱਟਿਆਂ ਵਿਚ ਭਰੇ ਦਾਣੇ ਸੋਹਣੇ ਲੱਗ ਰਹੇ ਹਨ।

**ਦੇਖੈ**– ਟਿਕਟਿਕੀ ਲਗਾ ਦੇਖਣਾ।

**ਦੂਤਰ**—ਨ ਤਰੇ ਜਾਣ ਵਾਲਾ ਸੰਸਾਰ। (Hard to Cross)

**ਅਢ ਨ ਮੋਲੋ**—ਅੱਧੀ ਕੌਡੀ ਜਿਤਨਾ ਮੁੱਲ ਵੀ ਨਾਂਹ।

**ਦੇਖ ਦਿਖਾਵੈ**—ਜਿਸ ਨੇ ਤੱਕਿਆਂ ਹੈ, ਉਹ ਹੀ ਤਕਾ ਸਕਦਾ ਹੈ।

**ਢੋਲੋ**—ਪਿਆਰਾ। ਵਾਹਿਗੁਰੂ। (Beloved)

**ਸੁਰਤਿ ਸਬਦਿ**—ਸ਼ਬਦ ਦਾ ਸੁਰਤਿ ਨੂੰ ਵਿੰਨ੍ਹ ਦੇਣਾ।

**ਮਨ ਮਾਨਾ**—ਮਨ ਦੀ ਭਟਕਣਾ ਦਾ ਮੂਲੋਂ ਮੁੱਕ ਜਾਣਾ।੬।
(Complete Poise)

---

## ਜੇਠ

ਮਾਹੁ ਜੇਠੁ ਭਲਾ, ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ, ਸਾਧਨ ਬਿਨਉ ਕਰੈ॥
ਧਨ ਬਿਨਉ ਕਰੇਦੀ, ਗੁਣ ਸਾਰੇਦੀ, ਗੁਣ ਸਾਰੀ, ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ, ਆਵਣ ਦੇਹਿ ਤਾ ਆਵਾ॥
ਨਿਮਾਣੀ ਨਿਤਾਣੀ, ਹਰਿ ਬਿਨੁ ਪਾਵੈ ਸੁਖ ਮਹਲੀ॥
ਨਾਨਕ ਜੇਠਿ ਜਾਣੈ, ਤਿਸੁ ਜੈਸੀ, ਕਰਮਿ ਮਿਲੈ ਗੁਣ ਗਹਿਲੀ॥੭॥

**ਸਾਰ**—ਜਦ ਸੁਰਤਿ ਵਿਚ ਸ਼ਬਦ ਸਮਾ ਗਿਆ ਤੇ ਮਨ ਟਿਕ ਗਿਆ ਤਾਂ ਵਾਹਿਗੁਰੂ ਦਾ ਹਰ ਕੀਤਾ ਕੰਮ ਚੰਗਾ ਲੱਗਦਾ ਹੈ।

ਹੁਣ ਭਾਵੇਂ ਜੇਠ ਦੀ ਗਰਮੀ ਹੋਵੇ, ਪਰ ਉਹ ਵੀ ਚੰਗੀ ਹੀ ਲੱਗਦੀ ਹੈ। ਦੁੱਖ ਵਿਚ ਵੀ ਵਾਹਿਗੁਰੂ ਨਹੀਂ ਵਿੱਸਰਦਾ। ਵਾਹਿਗੁਰੂ ਦੇ ਗੁਣ ਗਾਉਣ ਤੇ ਗ੍ਰਹਣ ਕਰਨ ਵਾਲੀ ਜੀਵ-ਇਸਤ੍ਰੀ ਪ੍ਰਭੂ ਨੂੰ ਭਾਅ ਜਾਂਦੀ ਹੈ ਅਤੇ ਵਾਹਿਗੁਰੂ ਉਸੇ ਦਾ ਟਿਕਾਣਾ ਉਸ ਉੱਚੀ ਪੱਕੀ ਥਾਂ ਕਰਾ ਦੇਂਦਾ ਹੈ ਜਿੱਥੇ ਤਪਸ਼ ਪੋਹ ਨਹੀਂ ਸਕਦੀ।

ਜਿਸ ਨੇ ਦੁੱਖ ਵਿਚ ਉਸ ਨੂੰ ਚੇਤੇ ਰੱਖਿਆ, ਜੇਠਿ ਜਾਣੇ, ਭਲਾ-ਭਲਾ ਕਹਿਆ, ਉਹ ਵਾਹਿਗੁਰੂ ਜੇਹਾ ਹੀ ਹੋ ਗਿਆ। ਹੁੰਦਾ ਸਭ ਰਹਿਮਤ ਨਾਲ ਹੈ। **ਕਰਮਿ ਮਿਲੈ।**

**ਵਿਸਥਾਰ**—ਮਨ ਟਿਕਾਣੇ ਸਿਰ ਹੋਣ ਨਾਲ ਹੁਣ ਜੇਠ ਦੀ ਤੱਪਸ਼ ਵੀ ਭਲੀ ਲੱਗਦੀ ਹੈ। ਦੁੱਖਾਂ ਵਿਚ ਵੀ ਉਸ ਦੀ ਯਾਦ ਨਹੀਂ ਟੁੱਟਦੀ। 'ਪ੍ਰੀਤਮੁ ਕਿਉ ਬਿਸਰੈ।'

ਜੇਠ ਵਿਚ ਬੇਸ਼ੱਕ ਧਰਤੀ ਭੱਠ ਵਾਂਗ ਤਪ ਲਾਲ ਹੋ ਜਾਂਦੀ ਹੈ। ਚਾਰੇਂ ਪਾਸੇ ਵਿਸ਼ਿਆਂ ਵਿਕਾਰਾਂ ਦਾ ਜ਼ੋਰ ਹੁੰਦਾ ਹੈ, ਪਰ ਮਨ ਮਾਨੀ ਅਤੇ ਸੁਰਤਿ ਵਿਚ ਸ਼ਬਦ ਟਿਕਾਈ ਜੀਵ-ਇਸਤ੍ਰੀ ਬੇਨਤੀ ਕਰਦੀ ਹੈ ਨਾ ਕਿ ਗਿਲਾ ਗੁਜ਼ਾਰੀ ਕਿ ਇਸ ਤ੍ਰਿਸ਼ਨਾ ਦੀ ਅਗਨੀ ਤੋਂ ਬਚਾਓ। ਦੁਨਿਆਵੀ ਆਤਸ਼ ਤੋਂ ਬਚਣ ਦਾ ਰਾਹ, ਬੇਨਤੀ ਕਰਨੀ, ਉਸ ਦੇ ਗੁਣ ਗਾਉਣੇ ਤੇ ਫਿਰ ਗ੍ਰਹਣ ਕਰਨਾ ਹੀ ਹੈ।

ਇਸ ਤਰ੍ਹਾਂ, ਉਸ ਪ੍ਰਭੂ ਦਾ ਪ੍ਰੇਮ, ਜੋ ਤਪਸ਼ ਤੋਂ ਵਿਰਵਾ, ਪੱਕੇ ਮਹੱਲ ਵਿਚ ਬੈਠਾ ਹੈ

ਗੁਣਾਂ ਵਾਲੀ ਜੀਵ-ਇਸਤ੍ਰੀ ਪਾ ਲਵੇਗੀ, ਪਰ ਫਿਰ ਵੀ ਮਰਜ਼ੀ ਉਸੇ ਦੀ ਹੈ ਕਿ ਮਹਲ ਵਿਚ ਥਾਂ ਦੇਵੇ ਜਾਂ ਨਾਂਹ। **'ਆਵਣ ਦੇਹਿ ਤ ਆਵਾ।'** ਪਿਆਰ ਪਾ ਕੇ ਵੀ ਕੋਈ ਹੱਕ ਨਹੀਂ ਜਤਲਾਉਣਾ ਜਿਵੇਂ ਕਰਮ ਕਾਂਡੀ ਕਰਦੇ ਹਨ। ਆਪਣੇ ਮਹੱਲ ਟਿਕਣ ਦੀ ਦਾਤ ਉਸੇ ਨੇ ਦੇਣੀ ਹੈ।

ਕਿਰਤ ਕਰੰਮਾ ਕਰ ਨਿਢਾਲ ਤੇ ਲਿਸੀ ਹੋਈ ਜੀਵ-ਇਸਤ੍ਰੀ ਉਸ ਉੱਚ ਸੁੱਖਾਂ ਦੇ ਟਿਕਾਣੇ ਨੂੰ ਆਪਣੇ ਆਪ ਨਹੀਂ ਪਾ ਸਕਦੀ।

ਜੇਠ ਦੇ ਮਹੀਨੇ ਤੱਪਦੇ ਭੱਖਦੇ ਮਹੀਨੇ ਵਾਂਗ ਜਗਤ ਵਿਚ ਵਿਚਰਦੇ ਦੁੱਖ ਆਉਣ ਤੇ ਵੀ ਜੋ ਜੀਵ-ਇਸਤ੍ਰੀ ਸਿਵਾਇ ਉਸ ਤੋਂ ਹੋਰ ਕਿਸੇ ਨੂੰ ਨਹੀਂ ਜਾਣਦੀ, ਉਹ ਵਾਹਿਗੁਰੂ ਵਰਗੀ ਹੀ ਹੋ ਜਾਂਦੀ ਹੈ। **'ਜੇਠਿ ਜਾਣੈ ਤਿਸੁ ਜੈਸੀ'**। ਪ੍ਰਭੂ ਦੀ ਰਹਿਮਤ ਦੁਆਰਾ ਗੁਣਾਂ ਦਾ ਰੂਪ ਹੀ ਹੋ ਜਾਂਦੀ ਹੈ। ਫਿਰ ਗੁਣਾਂ ਦਾ ਰਾਹ ਨਹੀਂ ਛੱਡਦੀ ਭਾਵੇਂ ਕਿਤਨੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਵੇ।੭।

**ਸ਼ਬਦ ਭਾਵ :**

**ਜੇਠੁ ਭਲਾ**—ਗਰਮੀ ਤਪਸ਼, ਦੁੱਖ ਵੀ ਚੰਗੇ ਲੱਗਣ।

**ਪ੍ਰੀਤਮੁ ਕਿਉ ਬਿਸਰੈ**—ਪਿਆਰਾ ਕਦੇ ਨਾ ਵਿਸਰੇ।

**ਸਰ ਭਾਰ**—ਭੱਠ ਵਾਂਗ।

**ਸਾਰੇ ਦੀ**—ਸੰਭਾਲਦੀ ਹੈ। ਜੀਵਨ ਵਿਚ ਢੁਕਾਂਦੀ ਹੈ। (Recollect)

**ਬੈਰਾਗੀ**—ਸੰਸਾਰ ਦੀ ਤਪਸ਼ ਤੋਂ ਉੱਚਾ ਵਿਰਕਤ। (Ascetic) ਪਦਾਰਥਾਂ ਤੋਂ ਉੱਪਰ ਤੱਕਣ ਵਾਲਾ। ਜਿਸ ਤਕ ਸੰਸਾਰਕ ਇੱਛਾਵਾਂ ਅਤੇ ਵਿਸ਼ੇ ਵਿਕਾਰਾਂ ਦੀ ਪਹੁੰਚ ਨਾ ਹੋ ਸਕੇ।

**ਆਵਣ ਦੇਹਿ ਤ ਆਵਾ**—ਸਭ ਅਗਲੇ ਦੀ ਮਰਜ਼ੀ ਤੇ ਹੈ। ਰਜ਼ਾ ਦਾ ਮਾਲਕ ਉਹ ਹੈ।

**ਨਿਮਾਣੀ**—ਮਾਨ ਤੋਂ ਸੱਖਣੀ। ਢੱਠੀ ਹੋਈ ਨਿਢਾਲ। (Helpless)

**ਨਿਤਾਣੀ**—ਤਾਣ ਤੋਂ ਰਹਿਤ। ਲਿੱਸੀ। ਕਮਜ਼ੋਰ। (Powerless)

**ਜੇਠਿ ਜਾਣੈ ਤਿਸ ਜੈਸੀ**—ਜਿਸ ਦੁੱਖਾਂ ਵਿਚ ਉਸ ਨੂੰ ਨਾ ਭੁਲਾਇਆ, ਉਹ ਉਸ ਜਿਹਾ ਹੀ ਹੋ ਜਾਂਦਾ ਹੈ।

**ਗੁਣ ਗਹਿਲੀ**—ਗੁਣ ਪਕੜੇ ਰੱਖਣਾ। ਗੁਣ ਨਾ ਗਵਾਣਾ।੭।
(Possessed by Divine Qualities)

—

ਆਸਾੜੁ ਭਲਾ, ਸੂਰਜ ਗਗਨਿ ਤਪੈ ॥
ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ, ਮਰੀਐ ਧੋਖੈ, ਭੀ ਸੋ ਕਿਰਤੁ ਨਾ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖ ਆਗੈ, ਸੁਖ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ, ਮਰਣੁ ਜੀਵਣੁ ਪ੍ਰਭ ਨਾਲੇ ॥੮॥

**ਸਾਰ**—ਜੋ ਪ੍ਰਭੂ ਦੇ ਗੁਣਾਂ ਦਾ ਧਾਰਨੀ, ਗੁਣ ਗਹਿਲੀ, ਹੋ ਗਿਆ ਹੈ ਉਸ ਨੂੰ ਕਿਤਨੇ ਹੀ ਦੁਖਾਂ ਦਾ ਸਾਹਮਣਾ ਕਰਨਾ ਪਵੇ, ਭਲਾ ਹੀ ਆਖੇਗਾ।

ਹਾੜ ਦੇ ਮਹੀਨੇ ਤੋਂ ਵਧ ਕੌਣ ਹੈ, ਤਪੰਦਾ। ਸੂਰਜ ਅਸਮਾਨੋਂ ਅੱਗ ਸੁੱਟਦਾ ਹੈ ਅਤੇ ਧਰਤੀ ਤਪ ਖਲੋਂਦੀ ਹੈ। ਟੀਂਡੇ ਵਰਗੇ, ਪੈਂਦੀ ਗਰਮੀ ਕਾਰਨ ਟੀਂ ਟੀਂ ਕਰਦੇ ਫਿਰਦੇ ਹਨ। ਸਰੋਵਰ ਤੇ ਟੋਭੇ ਸੁੱਕ ਜਾਂਦੇ ਹਨ। ਜੇ ਸੂਰਜ ਆਪਣੀ ਬਾਣ ਨਹੀਂ ਛੱਡਦਾ ਤਾਂ ਜੀਵ-ਇਸਤਰੀ ਨੂੰ ਵੀ ਜੋ ਮਨ ਗੁਣਾਂ ਵਾਲਾ ਹੋ ਗਿਆ ਹੈ ਕਦੇ ਦੁੱਖ ਸੁੱਖ (ਮਰਣੁ ਜੀਵਣੁ) ਵਿਚ ਡੋਲਣ ਨਹੀਂ ਦੇਣਾ ਚਾਹੀਦਾ।

**ਵਿਸਥਾਰ**—ਹਾੜ ਦੇ ਮਹੀਨੇ ਦੀ ਕੜਕਦੀ ਧੁਪ (ਮਹਾਨ ਦੁੱਖ ਵੀ) ਕਦੇ ਉਸ ਜੀਵ-ਇਸਤ੍ਰੀ ਤੇ ਹਾਵੀ ਨਹੀਂ ਹੋ ਸਕੇਗੀ ਜੇ ਉਹ ਸ਼ੁਕਰ ਵਿਚ ਹੈ।

ਹਾੜ ਕਿਤਨਾ ਗਰਮ ਹੈ। ਇਸ ਦਾ ਅੰਦਾਜ਼ਾ ਇਥੋਂ ਕਰੋ ਕਿ ਸੂਰਜ ਅਸਮਾਨੋਂ ਅੱਗ ਸੁਟ ਰਹਿਆ ਹੁੰਦਾ ਹੈ, ਧਰਤੀ ਇਸ ਗਰਮੀ ਕਾਰਨ ਦੁੱਖਾਂ ਨੂੰ ਪਕੜੀ ਜਾਂਦੀ ਹੈ। ਸੂਰਜ ਜੋ ਅੱਗ ਧਰਤੀ ਤੇ ਸੁਟ ਰਿਹਾ ਹੁੰਦਾ ਹੈ ਉਸ ਨਾਲ ਜਲ ਜਾਂ ਤਾਂ ਉੱਡ ਪੁੱਡ ਜਾਂਦਾ ਹੈ ਜਾਂ ਉਬਾਲੇ ਖਾਣ ਲੱਗ ਪੈਂਦਾ ਹੈ। ਇੰਝ ਜਾਣੋਂ ਜਿਵੇਂ ਅਗਨੀ ਜਲ ਖਾ (ਭਖ) ਰਹੀ ਹੈ। ਇਹ ਪੈਂਦੀ ਗਰਮੀ ਵਣਸਪਤੀ ਵਿਚੋਂ ਸਾਰਾ ਰਸ ਚੂਸ ਲੈਂਦੀ ਹੈ ਅਤੇ ਜੀਵ ਹਾਹਾ-ਕਾਰ ਮਚਾਣ ਲਗ ਪੈਂਦੇ ਹਨ ਪਰ ਸੂਰਜ ਵੀ ਵਾਹਿਗੁਰੂ ਵਲੋਂ ਬਖ਼ਸ਼ੀ ਕਿਰਤ ਨਹੀਂ ਛੱਡਦਾ। ਸੇਕ ਦਈ ਜਾਂਦਾ ਹੈ। ਇਹ ਢੋ ਵਾਹਿਗੁਰੂ ਨੇ ਹੀ ਢੁਕਾਇਆ ਹੈ ਕਿ ਜਿਤਨਾ ਜਲ ਸੂਰਜ ਧਰਤੀ ਤੋਂ ਸੋਖ ਕੇ ਲੈ ਜਾਂਦਾ ਹੈ, ਉਤੋਂ ਕਿਧਰੇ ਵੱਧ ਦਰਿਆਵਾਂ ਤੇ ਬੱਦਲ ਦੇ ਰੂਪ ਵਿਚ ਵਾਪਸ ਮੋੜਦਾ ਹੈ।

ਸੋ ਇਸ ਵੇਲੇ ਜਦ ਸੂਰਜ ਗਗਨ ਤਪ ਰਿਹਾ ਹੋਵੇ ਤਾਂ ਹਾਹਾਕਾਰ ਪਾਉਣ ਦੀ ਥਾਂ ਸ਼ੁਕਰ ਸ਼ੁਕਰ ਹੀ ਕਰਨਾ ਚਾਹੀਦਾ ਹੈ।

ਸੂਰਜ ਦੀ ਤਪਸ਼ ਜਦ ਚਾਰੇ ਪਾਸੇ ਖਿੱਲਰਦੀ ਹੈ ਤਾਂ ਵਿਚਾਰਾ ਮਨੁੱਖ ਛਾਵਾਂ ਭਾਲਦਾ ਹੈ। 'ਛਾਇਆ ਧਨ ਤਾਕੈ' ਅਤੇ ਨਿੱਕਾ ਜਿਹਾ ਟੀਂਡਾ ਸਾਹ ਲੈਣ ਲਈ ਉਜਾੜਾਂ ਵਿਚ ਟੀਂ ਟੀਂ ਕਰਦਾ ਘੁੰਮੀ ਜਾਂਦਾ ਹੈ।

ਜ਼ਰਾ ਸੋਚੋ ਉਸ ਵਿਚਾਰੀ ਜੀਵ ਇਸਤ੍ਰੀ ਦਾ ਕੀ ਹਾਲ ਹੋਵੇਗਾ ਜੋ ਸੰਸਾਰ ਦੀ ਕਾਮਾਦਿਕ ਤੱਪਸ਼ ਵਿਚ, ਵਿਸ਼ਿਆਂ ਦੀ ਅਗਨ ਵਿਖੇ, ਕੋਈ ਉਪਰਾਲਾ ਕਰਨ ਦੀ ਥਾਂ ਸਾਧ ਸੰਗ ਦੀ ਛਾਂ ਭਾਲਣ ਦੀ ਥਾਵੇਂ, ਨਾਮ ਜਲ ਦੇ ਸਰੋਵਰ ਟੁਭੀ ਲਗਾਉਣ ਦੀ ਜਗ੍ਹਾ ਵਿਸ਼ੇ ਵਿਕਾਰ ਹੀ ਪੱਲੇ ਬੰਨ੍ਹ ਅੱਗੇ ਲੈ ਗਿਆ। ਸੰਸਾਰ ਤੇ ਆਇਆ ਹਰ ਜੀਵ ਚੰਗੀ ਤਰ੍ਹਾਂ ਜਾਣ ਲਵੇ ਕਿ ਇਸ ਤੱਪਦੇ ਸੰਸਾਰ ਵਿਚ ਜਿਸ ਨੇ ਉਸ ਸਦਾ ਕਾਇਮ ਰਹਿਣ ਵਾਲੇ ਦੀ ਯਾਦ ਸੰਭਾਲ ਲਈ, ਸੁਖ ਉਸੇ ਨੂੰ ਹੀ ਹੈ, ਤਪਸ਼ ਉਸ ਨੂੰ ਨਹੀਂ ਲੂਹੇਗੀ। **'ਸੁਖੁ ਤਿਸੁ, ਸਾਚੁ ਸਮਾਲੇ।'**

ਗੁਰੂ ਨਾਨਕ ਜੀ ਸਾਡੇ ਜੀਵਾਂ ਨੂੰ ਸਮਝਾਂਦੇ ਹੋਏ ਕਹਿੰਦੇ ਹਨ ਕਿ ਜਿਸ ਵਾਹਿਗੁਰੂ ਨੇ ਸੰਸਾਰ ਵਿਚ ਵਿਸ਼ੇ ਵਿਕਾਰਾਂ ਦੀ ਇਤਨੀ ਤੱਪਸ਼ ਪਾਈ ਹੈ ਉਸੇ ਨੇ ਹੀ ਇਹ ਸ਼ਕਤੀ-ਸ਼ਾਲੀ, ਸੱਚ ਨੂੰ ਸੰਭਾਲਣ ਵਾਲਾ ਮਨ ਵੀ ਦਿੱਤਾ ਹੈ। ਜਿਸ ਨੇ ਮਨ ਨੂੰ ਦੁਖ ਸੁਖ ਵਿਚ, ਜੀਵਨ ਮਰਨ ਹਰ ਵੇਲੇ, ਪ੍ਰਭੂ ਦੀ ਯਾਦ ਵਿਚ ਲਗਾਇਆ, ਹਾੜ ਦੀ ਤਪਸ਼ ਕੀ, ਕੋਈ ਵੀ ਗਰਮੀ ਲੂਹ ਨਹੀਂ ਸਕੇਗੀ।

ਮਰਣੁ ਜੀਵਣੁ ਪ੍ਰਭ ਨਾਲੇ ।੮।

**ਸ਼ਬਦ ਭਾਵ :**

**ਸੂਰਜ ਗਗਨਿ ਤਪੈ**—ਸੂਰਜ ਆਕਾਸ਼ ਵਿਚ ਤਪ, ਤਪਸ਼ ਪਿਆ ਸੁੱਟਦਾ ਹ।

**ਸੋਖੈ ਅਗਨਿ**—ਅਗਨੀ (ਗਰਮੀ) ਜਲ ਸੁਖਾ ਰਹੀ ਹੈ।

**ਰਸੁ ਸੋਖੈ**—ਸਭ ਤ੍ਰਾਵਟ, ਹਰਿਆਵਲੀ ਸੁਕ ਰਹੀ ਹੈ।

**ਧੋਖੈ**—ਹਾਹਾਕਾਰ ਮਚੀ ਹੋਈ ਹੈ। (Causing Distress)

**ਕਿਰਤੁ ਨਾ ਹਾਰੇ**—ਜ਼ਿਮੇ ਲਗੀ ਕਾਰ ਨਹੀਂ ਛੱਡਦਾ।

**ਰਥੁ ਫਿਰੈ**—ਰਥ ਦੇ ਪਈਏ ਵਾਂਗ ਟੁਰੀ ਹੀ ਜਾਂਦਾ ਹੈ।

**ਟੀਂਡੁ**—ਟੀਂਡੇ, ਬੀਂਡੇ।

**ਲਵੈ**—ਲੂੰ ਲੂੰ ਕਰਦਾ ਹੈ। ਟੀਂ, ਟੀਂ, ਲਗਾਈ ਰੱਖਦਾ ਹੈ। ਸਾਹ ਲੈਣ ਦੇ ਜਤਨ ਕਰਦਾ ਹੈ।

**ਇਹ ਮਨੁ ਦੀਆ**—ਤਗੜਾ ਮਨ, 'ਸਾਚ ਸਮਾਲਣ' ਵਾਲਾ ਪ੍ਰਭੂ ਨੇ ਦਿੱਤਾ ਹੈ।

**ਮਰਣੁ ਜੀਵਣੁ ਪ੍ਰਭੁ ਨਾਲੇ**—ਮੌਤ ਤੇ ਜਨਮ, ਹਰ ਹਾਲ ਪ੍ਰਭੂ ਦੀ ਯਾਦ ਨਾਲ ਰੱਖਣੀ ਹੈ।੮।

---

# ਸਾਵਣ

ਸਾਵਣਿ ਸਰਸ ਮਨਾ, ਘਣ ਵਰਸਹਿ, ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ ॥
ਪਿਰ ਘਰਿ ਨਹੀਂ ਆਵੈ, ਮਰੀਐ ਹਾਵੈ, ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖ ਮਾਏ ॥
ਹਰਿ ਬਿਨ ਨੀਂਦ ਭੂਖ ਕਹੁ ਕੈਸੀ, ਕਾਪੜ ਤਨਿ ਨ ਸੁਖਾਵਏ ॥
ਨਾਨਕ ਸਾ ਸੁਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ ॥੯॥

**ਸਾਰ**—ਬੱਦਲਾਂ ਦੀ ਰੁੱਤ ਆ ਗਈ ਹੈ, ਸੋ ਮਨਾ ਤੂੰ ਵੀ ਖਿੜ ਪਉ, ਪਰ ਕਮਾਲ ਦੀ ਗਲ ਗੁਰੂ ਨਾਨਕ ਦੇਵ ਜੀ ਕਹਿ ਰਹੇ ਹਨ ਕਿ ਜਿਵੇਂ ਜੇਠ ਹਾੜ ਦੀ ਗਰਮੀ ਵਿਚ ਜੇ ਮਨ ਜੁੜਿਆ ਹੋਇਆ ਹੈ, 'ਮਰਣੁ ਜੀਵਣੁ ਪ੍ਰਭ ਨਾਲੇ' ਤਾਂ ਤਪਸ਼ ਲੂਹ ਨਹੀਂ ਸਕਦੀ ਤਿਵੇਂ ਜੇ ਅੰਦਰਲਾ ਜੁੜਿਆ ਨਹੀਂ, ਸੇਜ ਇਕੇਲੀ ਤੇ ਪਿਰ ਘਰਿ ਨਹੀਂ ਆਵੈ, ਆਪ ਹੁਦਰਾ ਪਣ ਹੈ ਤਾਂ ਸਾਵਣ ਵਿਚ ਹਾਵੈ, ਹਉਕੇ ਹੀ ਹਨ।

ਬਾਹਰ ਭਾਵੇਂ ਹਰ ਸ਼ੈ ਖਿੜ ਜਾਏ ਅੰਦਰ ਖੇੜਾ ਉਤਨੀ ਦੇਰ ਤਕ ਨਹੀਂ ਜਦ ਤਕ ਪਿਰ ਕੈ ਅੰਕ ਸਮਾਈ ਨਹੀਂ।

**ਵਿਸਥਾਰ**—ਸਾਵਣ ਦੇ ਮਹੀਨੇ, ਖਿੜ ਪਉ ਮਨਾ ਕਿਉਂਕਿ ਬੱਦਲਾਂ ਦੀ ਰੁਤ ਆ ਗਈ ਹੈ, ਬਦਲ ਛਹਿਬਰ ਲਗਾ ਕੇ ਵਰ੍ਹ ਰਹੇ ਹਨ। ਬਾਹਰੋਂ ਵਾਤਾਵਰਨ ਨੇ ਸੁਹਾਵਣਾ ਸਮਾਂ ਬਣਾਇਆ ਹੋਇਆ ਹੈ ਤੇ ਮਨ ਚਿਤ ਵੀ ਚਾਅ ਜਾਗਿਆ ਹੈ, ਪ੍ਰਭੂ ਨੂੰ ਮਿਲਣ ਦਾ। ਪਰ ਜੀਵ ਇਸਤ੍ਰੀ ਵਿਚਾਰੀ ਕੀ ਕਰੇ ਜਦ ਪਤੀ ਪ੍ਰਮਾਤਮਾ 'ਕਿਰਤ ਕਰੰਮਾਂ', ਕਾਰਨ ਦੂਰ ਹੀ ਜਾ ਬੈਠਾ ਹੈ। ਜੇ ਪ੍ਰਮਾਤਮਾ ਹਿਰਦੇ ਵਿਚ ਹੈ ਨਹੀਂ ਤਾਂ ਹਉਕਿਆਂ ਦੇ ਸਿਵਾ ਕੁਝ ਪਲੇ ਨਹੀਂ ਪੈਣਾ। ਜਿਨ੍ਹਾਂ ਬਦਲਾਂ ਮਿਲਾਪ ਦਾ ਸਾਧਨ ਬਨਣਾ ਸੀ ਉਨ੍ਹਾਂ ਵਿਚ ਹੀ ਚਮਕਦੀ ਗਰਜਦੀ ਬਿਜਲੀ ਸਗੋਂ ਭੈ ਭੀਤ ਦਾ ਕਾਰਨ ਬਣ ਰਹੀ ਹੈ। ਇਕੇਲਾ ਪਣ ਬੜਾ ਦੁਖਦਾਈ ਲੱਗ ਰਿਹਾ ਹੈ। ਇਸ ਦੁਖ ਕਾਰਨ ਇੰਞ ਲੱਗਦਾ ਹੈ ਜਿਵੇਂ ਮੌਤ ਹੋ ਗਈ ਹੈ। ਨਾ ਭੁੱਖ ਲਗਦੀ ਹੈ ਤੇ ਨਾ ਕੋਈ ਪਕਵਾਨ ਚੰਗਾ ਲੱਗਦਾ ਹੈ ਤੇ ਨਾ ਹੀ ਨੀਂਦ ਆਂਵਦੀ ਹੈ। ਪਹਿਨਣ ਦਾ ਸ਼ੌਕ ਵੀ ਖ਼ਤਮ ਹੋ ਗਿਆ ਹੈ। ਸਰੀਰ ਨੂੰ ਇਤਨੀ ਵਿਛੋੜੇ ਦੀ ਪੀੜ ਹੈ ਕਿ ਕਪੜਾ ਤਕ ਛੂਹ ਜਾਏ ਤਾਂ ਹੂਕ ਨਿਕਲ ਜਾਂਦੀ ਹੈ। ਲੱਗੀ ਚੋਟ ਨੂੰ ਕਪੜਾ ਛੂਹ ਜਾਏ ਤਾਂ ਪੀੜ ਦੂਣੀ ਹੋ ਜਾਂਦੀ ਹੈ। ਇਹ ਹਾਲ ਹੁੰਦਾ ਹੈ ਜੇ ਹਿਰਦਾ ਸੇਜ ਇਕੇਲੀ ਹੋਵੇ, ਪਤੀ ਪ੍ਰਮਾਤਮਾ ਪਾਸ ਨਾ ਹੋਵੇ। ਗੁਰੂ ਨਾਨਕ ਦੇਵ ਜੀ ਫ਼ਰਮਾਂਦੇ ਹਨ ਕਿ ਉਹ ਹੀ ਜੀਵ-ਇਸਤ੍ਰੀ ਮਿਲਾਪ ਦਾ ਆਨੰਦ ਮਾਣ ਸਕਦੀ ਹੈ ਜਿਸ ਦੇ ਹਿਰਦੇ ਪਤੀ ਪ੍ਰਮਾਤਮਾ ਦੀ ਯਾਦ ਪਰਪੱਕ ਹੋ ਗਈ ਹੈ।

ਅੰਦਰ ਜੇ ਉਸ ਨਾਲ ਜੁੜਿਆ ਹੋਇਆ ਹੈ ਤਾਂ ਬਾਹਰਲੇ ਸਭ ਖੇੜੇ ਪੂਰਕ ਹੋਣਗੇ। ਹੋਰ ਆਨੰਦ ਦੇਣ ਵਿਚ ਸਹਾਈ ਹੋਣਗੇ ਪਰ ਜੇ ਪਿਰ ਪਰਦੇਸ ਹੈ, ਹਿਰਦੇ ਵਿਚ ਉਸ ਦਾ

ਵਾਸਾ ਹੀ ਨਹੀਂ ਤਾਂ ਸਾਵਣ ਜਿਹਾ ਖੇੜਾ ਦੇਣ ਵਾਲਾ ਮਹੀਨਾ ਵੀ ਹਉਕੇ ਕੱਢਣ ਤੇ ਡਰਾਉਣ ਦਾ ਕਾਰਨ ਹੀ ਬਣ ਜਾਵੇਗਾ।੯।

**ਸ਼ਬਦ ਭਾਵ :**

**ਸਰਸ ਮਨਾ**—ਮਨਾ ਤੂੰ ਵੀ ਖਿੜ ਪਉ।

**ਘਣ ਵਰਸਹਿ ਰੁਤਿ ਆਏ**—ਬੱਦਲ ਪੈਣ ਦੀ ਰੁਤਿ ਆ ਗਈ ਹੈ। ਹਰ ਦਿੱਸਦੀ ਸ਼ੈ ਨੂੰ ਹਰਿਆਵਲ ਬਖ਼ਸ਼ਣ ਵਾਲੀ ਰੁੱਤ ਆ ਗਈ ਹੈ।

**ਪਿਰ ਪਰਦੇਸਿ ਸਿਧਾਏ**—ਹਿਰਦੇ ਪਤੀ ਪ੍ਰਮਾਤਮਾ ਨਹੀਂ। ਹਿਰਦਾ ਉਸ ਦੇ ਪਿਆਰ ਤੋਂ ਖ਼ਾਲੀ ਹੈ।

**ਦਾਮਨਿ**—ਬਿਜਲੀ ਬੱਦਲਾਂ। (Cloud Thunder)

**ਸੇਜ ਇਕੇਲੀ**—ਹਿਰਦਾ ਉਸ ਦੀ ਯਾਦ ਤੋਂ ਖ਼ਾਲੀ। ਆਪ ਹੁਦਰਾ-ਪਣ।

**ਖਰੀ ਦੁਹੇਲੀ**—ਡਾਹਢਾ ਦੁਖ। ਸੱਖ਼ਤ ਪੀੜਾ।

**ਨੀਦ ਭੂਖ ਕਹੁ ਕੈਸੀ**—ਨੀਂਦ ਕਿੱਥੋਂ ਆਉਣੀ ਹੈ ਅਤੇ ਭੁੱਖ ਕਿਵੇਂ ਲੱਗਣੀ ਹੈ।

**ਕਾਪੜ ਤਨਿ ਨ ਸੁਖਾਵਹਿ**—ਲੱਗੀ ਚੋਟ ਨੂੰ ਕੱਪੜਾ ਛੂ ਜਾਏ ਤਾਂ ਪੀੜਾ ਹੋਰ ਵਧ ਜਾਂਦੀ ਹੈ। (Cannot Suffer Even Clothes)

**ਸੋਹਾਗਣਿ**—ਪਤੀ ਮਿਲਾਪ ਦਾ ਸੁੱਖ ਮਾਣਨ ਵਾਲੀ। (Wedding Bliss)

**ਅੰਕਿ ਸਮਾਵਏ**—ਪ੍ਰਭੂ ਦੀ ਯਾਦ ਦਾ ਹਿਰਦੇ ਵਿਚ ਟਿਕ ਜਾਣਾ॥

---

## ਭਾਦੋਂ

ਭਾਦਉ ਭਰਮਿ ਭੁਲੀ, ਭਰਿ ਜੋਬਨਿ, ਪਛੁਤਾਣੀ॥
ਜਲ ਥਲ ਨੀਰਿ ਭਰੇ, ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ, ਕਿਉ ਸੁਖੁ ਬਾਲੀ, ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ, ਬਬੀਹਾ ਬੋਲੈ, ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ, ਸਾਇਰ ਭਰ ਸੁਭਰ, ਬਿਨ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ॥੧੦॥

**ਸਾਰ**—ਭਾਦਉ ਦੇ ਮਹੀਨੇ ਭਰਮ ਹੀ ਭਰਮ ਹੈ। ਇਥੇ ਬੱਦਲ, ਉਥੇ ਸੁੱਕਾ। ਇਥੇ ਧੁੱਪ, ਉਥੇ ਛਾਂ। ਹੁਣੇ ਹਵਾ ਤੇ ਪਲ ਭਰ ਨੂੰ ਹੁੱਸੜ।

ਭਰਮ ਵਿਚ ਪੈਣ ਕਾਰਨ ਪੱਲੇ ਪਛਤਾਵਾ ਹੈ। ਤਿਵੇਂ ਜਿਸ ਨੇ ਭਰਮ ਵਿਚ ਪੈ ਭਰ ਜੋਬਨ ਨੂੰ ਸਦੀਵੀ ਸਮਝ ਲਿਆ ਉਹ ਪਛਤਾਵੇਗਾ।

ਜਦ ਬੱਦਲ ਪੈਂਦਾ ਹੈ ਤਾਂ ਰੰਗ ਮਾਨਣ ਨੂੰ ਜੀ ਕਰਦਾ ਹੈ, ਪਰ ਜਦ ਰੁੱਕਦਾ ਹੈ ਤਾਂ ਰਾਤ ਕਾਲੀ ਖਾਣ ਨੂੰ ਪੈਂਦੀ ਹੈ। ਮੱਛਰ ਡੰਗ ਮਾਰਦੇ ਹਨ। ਸੱਪ ਸ਼ੂਕਦੇ ਡੰਗਣ ਨੂੰ ਫਿਰਦੇ ਹਨ।

ਪਰ ਜਿਨ੍ਹਾਂ ਨੂੰ ਸੋਝੀ ਮਿਲ ਗਈ ਉਹ ਜੀਵਨ ਦਾ ਮਿਲਿਆ ਸਮਾਂ ਜ਼ਾਇਆ ਨਹੀਂ ਕਰਦੇ ਤੇ ਨ ਨਜ਼ਾਰਿਆਂ ਤੇ ਵਿੱਛਦੇ ਹਨ ਅਤੇ ਨਾ ਉਹਨਾਂ ਦੇ ਪੱਲੇ ਪਛਤਾਵਾ ਪੈਂਦਾ ਹੈ। ਉਹ ਗੁਰੂ ਦੀ ਸਿੱਖਿਆ ਤੇ ਦੁਨੀਆਂ ਦੇ ਖ਼ਿਆਲ ਨੂੰ ਲਾਂਭੇ ਰੱਖ ਟੁਰੀ ਹੀ ਜਾਂਦੇ ਹਨ।

**ਵਿਸਥਾਰ**—ਭਾਦਉ ਦਾ ਮਹੀਨਾ, ਭਰਮ ਦਾ ਮਹੀਨਾ ਹੈ ਕਿਉਂ ਜੋ ਮੌਸਮ ਟਿਕਵਾਂ ਨਹੀਂ ਹੁੰਦਾ। ਜੇ ਕੋਈ ਵਰ੍ਹਦੇ ਬੱਦਲ ਨੂੰ ਇਹ ਜਾਣ ਲਵੇ ਕਿ ਪੈਂਦੇ ਹੀ ਰਹਿਣਾ ਹੈ ਤਾਂ ਉਸ ਦਾ ਭਰਮ ਹੈ। ਬੱਦਲ ਦੇ ਥੰਮ੍ਹ ਜਾਣ ਤੇ ਐਸਾ ਹੁੱਸੜ ਪਵੇਗਾ ਕਿ ਬੜੀ ਔਖਿਆਈ ਮਹਿਸੂਸ ਹੋਵੇਗੀ।

ਇਵੇਂ ਜਿਸ ਇਸਤ੍ਰੀ ਨੂੰ ਇਹ ਭਰਮ ਹੋ ਜਾਵੇ ਕਿ ਭਰ ਜਵਾਨੀ ਨੇ ਢਲਣਾ ਹੀ ਨਹੀਂ ਤਾਂ ਉਸ ਹੱਥ ਪਛਤਾਵਾ ਅਵੱਸ਼ ਹੈ ਕਿਉਂਕਿ ਜਵਾਨੀ ਨੇ ਹਰ ਸੂਰਤ ਢਲਣਾ ਹੈ। ਤਿਵੇਂ ਜਦ ਬਾਰਸ਼ ਦੀ ਰੁੱਤੇ ਸਭ ਪਾਸੇ ਜਲ ਨਜ਼ਾਰਾ ਬਣਾ ਦੇਵੇ ਤਾਂ ਕੌਣ ਹੈ ਜਿਸ ਨੂੰ ਚਾਅ ਨਹੀਂ ਚੜ੍ਹਦਾ ਅਤੇ ਰੰਗ ਮਾਨਣ ਨੂੰ ਜੀਅ ਨਹੀਂ ਕਰਦਾ ਪਰ ਜਿਸ ਹੰਕਾਰ ਮਤੀ ਪਾਸ ਪਤੀ ਪਰਮਾਤਮਾ ਦਾ ਪਿਆਰ ਹੀ ਨਹੀਂ, ਪਤੀ ਪਾਸ ਹੀ ਨਹੀਂ, ਜੁਆਨੀ ਦੇ ਨਸ਼ੇ ਵਿਚ ਪ੍ਰਵਾਹ ਤਕ ਨਹੀਂ ਕੀਤੀ, ਬਚਪਣਾ ਨਾ ਛੱਡਿਆ, ਬਾਲੀ ਰਹੀ, ਉਸ ਨੂੰ ਤਾਂ ਸਗੋਂ ਜਦ ਕਾਲੇ ਬੱਦਲ ਰਾਤ ਨੂੰ ਝੜੀ ਲਗਾ ਵਰ੍ਹੇ, ਮੋਰਾਂ ਪੈਲਾਂ ਪਾਈਆਂ, ਡੱਡੂ ਬੋਲੇ, ਪਪੀਹਾ ਨੇ ਪੀ-ਪੀ ਕੀਤੀ ਉਸ ਨੂੰ ਇਕੱਲਿਆਂ ਹੋਣ ਕਾਰਨ ਰੈਣ ਵਿਹਾਣੀ ਮੁਸ਼ਕਿਲ ਹੋ ਜਾਵੇਗੀ। ਮੱਛਰ ਡੰਗ ਮਾਰਨ ਲਈ ਦੌੜਨਗੇ ਅਤੇ ਸੱਪ ਸ਼ੂਕਦੇ ਡੱਸਣ ਨੂੰ ਆਂਦੇ ਦਿੱਸਣਗੇ। ਜਲ ਦਾ ਭਰਿਆ ਨਜ਼ਾਰਾ, ਸਮੁੰਦਰ ਵਿਚ ਉਛਾਲੇ ਮਾਰਦਾ ਜਲ **'ਸਾਇਰ ਭਰ ਸੁਭਰ'** ਬਗੈਰ ਪਤੀ ਦੇ ਸੁੱਖ ਦਾ ਨਹੀਂ, ਦੁੱਖ ਦਾ ਪੈਗਾਮ ਲਿਆਂਦਾ ਦਿੱਸੇਗਾ।

ਜਿਵੇਂ ਸੰਸਾਰ ਵਿਚ ਸੁੱਖ ਦੇ ਭਰੇ ਸਾਮਾਨ ਵਾਹਿਗੁਰੂ ਤੋਂ ਬਗੈਰ ਖਾਣ ਨੂੰ ਦੌੜਨਗੇ। ਸੋ ਸਮਾਂ ਸੰਭਾਲ। ਜੁਆਨੀ ਦੇ ਨਸ਼ੇ ਜੀਵਨ ਜ਼ਾਇਆ ਨਾ ਕਰ। ਗੁਰੂ ਨਾਨਕ ਦੇਵ ਜੀ ਸਾਨੂੰ ਜੀਵਾਂ ਨੂੰ ਸਮਝਾਂਦੇ ਕਹਿੰਦੇ ਹਨ ਕਿ ਭਲੇ ਲੋਕੋ, ਇਸ ਸੰਸਾਰ ਵਿਚ ਸ਼ਬਦ ਦੀ ਅਗਵਾਈ ਲਵੋ ਅਤੇ ਜੋ ਸ਼ਬਦ ਸੰਕੇਤ ਕਰਦਾ ਹੈ ਉਸ ਅਨੁਸਾਰ ਤੁਰੀ ਜਾਓ। ਸ਼ਬਦ ਉਥੇ ਹੀ ਲੈ ਜਾਵੇਗਾ ਜਿੱਥੇ ਪ੍ਰਭੂ ਪਤੀ ਦਾ ਟਿਕਾਣਾ ਹੈ :

ਨਾਨਕ ਪੂਛਿ ਚਲਉ ਗੁਰ ਅਪਨੇ
ਜਹ ਪ੍ਰਭੁ ਤਹ ਹੀ ਜਾਈਐ।

ਇਸ ਤਰ੍ਹਾਂ ਸਭ ਨਜ਼ਾਰੇ ਸੁਹਾਵਣੇ ਹੋ ਜਾਣਗੇ ਤੇ ਪਛਤਾਵਾ ਵੀ ਪੱਲੇ ਨਹੀਂ ਪੈਣ ਲੱਗਾ।੧੦।

**ਸ਼ਬਦ ਭਾਵ :**

**ਭਰਮਿ ਭੁਲੀ**—ਭੁਲੇਖੇ ਵਿਚ ਪੈ ਰਾਹੋਂ ਖੁੰਝ ਗਈ।

**ਭਰਿ ਜੋਬਨਿ**—ਡੁੱਲ੍ਹੀ ਜਵਾਨੀ। ਜਵਾਨੀ ਦਾ ਮੱਦ।

(In Funess of Youth

**ਬਰਸ ਰੁਤੇ**—ਬਰਸਾਤ ਦੀ ਰੁੱਤ।

**ਨਿਸਿ ਕਾਲੀ**—ਰਾਤ ਨੂੰ ਕਾਲੇ ਸ਼ਾਹ ਬੱਦਲ।

'ਨਿਸਿ ਕਾਲੀ', ਘੁੱਪ ਹਨੇਰੀ ਰਾਤ ਤੇ ਬੱਦਲਾਂ ਦੋਵਾਂ ਲਈ ਵਰਤਿਆ ਹੈ।

**ਦਾਦਰ**— ਡੱਡੂ। (Frog)

**ਲਵੰਤੇ**—ਬੋਲਦੇ। ਟਰ-ਟਰ ਕਰਦੇ। (Twitter)

**ਚਵੈ**—ਕਹਿੰਦਾ ਹੈ।

**ਭੁਇਅੰਗਮ**—ਸੱਪ।

**ਸਾਇਰ ਭਰ ਸੁਭਰ**—ਸਾਗਰ ਜਲ ਨਾਲ ਛਲਕ ਪਏ।

**ਕਿਉ ਸੁਖੁ ਪਾਈਐ**—ਸੁੱਖ ਕਿੱਥੇ ਹੈ ?

**ਪੂਛਿ ਚਲਉ ਗੁਰ ਅਪੁਨੇ**—ਸ਼ਬਦ ਦੀ ਅਗਵਾਈ ਲੈ ਟੁਰਾਂ।

**ਜਹ ਪ੍ਰਭੁ**—ਜਿੱਥੇ ਪ੍ਰਭੂ ਹੈ ।੧੦।

---

## ਅਸੂ

ਅਸੁਨਿ ਆਉ ਪਿਰਾ, ਸਾਧਨ ਝੂਰ ਮੁਈ ॥
ਤਾ ਮਿਲੀਐ ਪ੍ਰਭ ਮੇਲੇ, ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ, ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੇ ॥
ਦਹ ਦਿਸਿ ਸਾਖ ਹਰੀ ਹਰੀਆਵਲ, ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ, ਸਤਿਗੁਰ ਭਏ ਬਸੀਠਾ ॥੧੧॥

**ਸਾਰ**—ਅੱਸੂ ਦਾ ਸੁਖਾਵਾਂ ਮਹੀਨਾ ਆਉਣ ਤੇ ਚਾਅ ਚੜ੍ਹਨਾ ਸੁਭਾਵਕ ਹੈ। ਉਹ ਜੀਵ-ਇਸਤ੍ਰੀ ਜਿਸ ਜੇਠ ਹਾੜ ਦੀ ਗਰਮੀ, ਸਾਵਣ ਦਾ ਮੀਂਹ, ਭਾਦਉ ਦਾ ਹੁੱਸੜ ਸਹਿ ਲਿਆ ਹੈ ਤੇ ਸਾਰੇ ਪਾਸਿਉਂ ਨਿਮਾਣੀ, ਨਿਤਾਣੀ ਜਿੰਦ (ਬਾਲੀ) ਤੇ ਹੱਲੇ ਹੁੰਦੇ ਤੱਕ ਲਏ ਹਨ, ਉਹ ਹੁਣ ਹੋਰ ਕਰਮ ਦੇ ਸਾਧਨ ਅਤੇ ਆਪਣੇ ਜੋਬਨ ਦਾ ਹੰਕਾਰ ਛੱਡ ਤਰਲੇ ਪਾਉਂਦੀ ਹੈ ਕਿ ਮੇਰਾ ਆਪਣਾ ਕੋਈ ਜਤਨ ਕਾਮਯਾਬ ਨਹੀਂ ਹੋਇਆ, ਤੁਸੀਂ ਹੀ ਮੇਹਰ ਕਰੋ ਤਾਂ ਕਿ ਇਹ ਕੀਮਤੀ ਜਨਮ ਜ਼ਾਇਆ ਨਾ ਜਾਏ। ਇਹ ਅਸੁਨਿ (ਜਨਮ) ਹੀ ਥੋੜ੍ਹਾ ਜਿਹਾ ਸੁਹਾਵਣਾ ਸਮਾਂ ਹੈ। ਜਿਵੇਂ ਅੱਸੂ ਦੇ ਮਹੀਨੇ, ਨਾ ਸਰਦੀ ਦਾ ਜ਼ੋਰ ਹੁੰਦਾ ਹੈ ਅਤੇ ਨਾਂਹ ਗਰਮੀ ਅਤੇ ਕੁਦਰਤ ਦੀ ਹਰ ਡਾਲੀ ਝੂਮ-

ਝੂਮ ਕੇ ਕਹਿ ਰਹੀ ਹੁੰਦੀ ਹੈ ਕਿ ਜਿਸ ਖਿੜੇ ਮੱਥੇ ਆਪਣੇ ਪਿੰਡੇ ਗਰਮੀ ਬੱਦਲ ਝੱਲਿਆ, ਉਸ ਦੀ ਸਾਖ ਨੂੰ ਮਿੱਠਾ ਫਲ ਲੱਗਦਾ ਹੈ। ਸੋ ਪ੍ਰਭੂ ਮੇਹਰ ਕਰੋ ਤੇ ਬਾਣੀ ਦੇ ਰਾਹ ਟੋਰੋ ਤਾਂ ਕਿ ਤੁਹਾਡੇ ਨਾਲ ਮਿਲਾਪ ਹੋ ਜਾਵੇ। 'ਸਤਿਗੁਰ ਭਏ ਬਸੀਠਾ।'

**ਵਿਸਥਾਰ**—ਇਸ ਅੱਸੂ ਦੇ ਸੁੱਖ ਵਰਤਾਣ ਵਾਲੇ ਮਹੀਨੇ, ਹੇ ਪਤੀ ਪ੍ਰਭੂ, ਕਿਰਪਾ ਕਰ ਕੇ ਆਓ ਤਾਂ ਜੋ ਗਰਮੀ, ਹੁੱਸੜ, ਬੱਦਲ, ਝੱਖੜ ਕਾਰਨ ਦੁੱਖ ਝੱਲ-ਝੱਲ ਜਿੰਦ ਨਿਮਾਣੀ ਹੋਈ ਹੈ, ਉਸ ਦੇ ਦੁੱਖਾਂ ਦਾ ਅੰਤ ਹੋਵੇ।

ਮੈਨੂੰ ਇਹ ਪ੍ਰਤੀਤ ਆ ਗਈ ਹੈ ਕਿ ਆਪਣੇ ਜਤਨਾਂ ਤੇ ਦੂਜੇ ਦੇ ਦੱਸੇ ਕਰਮਾਂ ਨੂੰ ਅਪਣਾ ਕੇ ਮਾੜਾ ਹਸ਼ਰ ਹੁੰਦਾ ਹੈ। ਖ਼ੁਆਰੀ ਪੱਲੇ ਪੈਂਦੀ ਹੈ। ਤੁਸੀਂ ਹੀ ਮੇਲੋ ਤਾਂ ਹੀ ਮੇਲ ਹੁੰਦਾ ਹੈ।

ਝੂਠੀ ਦੁਨੀਆਂ ਪਿੱਛੇ ਲੱਗ, ਬੜੀ ਖ਼ੁਆਰੀ ਹੋਈ ਹੈ ਅਤੇ ਪ੍ਰਮਾਤਮਾ ਵਰਗੇ ਸਾਥੀ ਦਾ ਸਾਥ ਗਵਾ ਲਿਆ ਹੈ। ਜਿਵੇਂ ਕਾਹੀ ਤੇ ਪਿਲਛੀ ਦੀਆਂ ਛੜੀਆਂ ਵਿੱਚੋਂ ਰੂੰ ਦੇ ਫਲੂਹੇ ਹਵਾ ਦੇ ਝਕੋਲਿਆਂ ਨਾਲ ਬਾਹਰ ਨਿਕਲ ਜਾਂਦੇ ਹਨ ਤੇ ਉਡਿ-ਉਡਿ ਧੂੜ ਵਿਚ ਹੀ ਪੈਂਦੇ ਹਨ ਅਤੇ ਜੋ ਸ਼ਾਖਾਂ ਨਾਲ ਝੂਮਦੇ ਤੇ ਰਸ ਚੂਸਦੇ ਰਹਿੰਦੇ ਹਨ ਉਹਨਾਂ ਦੀ ਮਿਠਾਸ ਨਹੀਂ ਜਾਂਦੀ। ਐਸੇ ਨਾਲ ਲੱਗਿਆਂ ਦੀ ਕਦਰ ਵੀ ਹੁੰਦੀ ਹੈ ਤੇ ਮੁੱਲ ਵੀ ਪੈਂਦਾ ਹੈ।

ਇਹ ਹੀ ਜਨਮ ਤੇ ਜੁਆਨੀ ਦਾ ਸਮਾਂ ਹੈ ਵਾਹਿਗੁਰੂ ਨੂੰ ਮਿਲਣ ਦਾ ਜਦ ਸਰੀਰ ਵਿਚ ਸੱਤਾ ਵੀ ਹੈ ਅਤੇ ਬੁਢਾਪੇ ਨੇ ਵੀ ਜ਼ੋਰ ਨਹੀਂ ਪਾਇਆ ਅਤੇ ਹੁਣ ਸੂਝ ਮਿਲਣ ਕਾਰਨ ਮੂੰਹ ਜ਼ੋਰ ਜਵਾਨੀ ਔਝੜੇ ਵੀ ਨਹੀਂ ਪਾਂਦੀ ਕਿਉਂਕਿ ਠਰੰਮਾ ਆ ਗਿਆ ਹੈ। ਮਨ ਵੀ ਗੁਰ ਸ਼ਬਦ ਦੀ ਅਗਵਾਈ ਵਿਚ ਟੁਰਨ ਲੱਗ ਪਿਆ ਹੈ।

ਅੱਸੂ ਦੇ ਮਹੀਨੇ ਗਰਮੀ ਦਾ ਜ਼ੋਰ ਘੱਟ ਹੋ ਜਾਂਦਾ ਹੈ ਅਤੇ ਸਰਦੀ ਅਜੇ ਪੈਣੀ ਆਰੰਭ ਨਹੀਂ ਹੁੰਦੀ। (ਆਗੈ ਘਾਮ, ਪਿਛੈ ਰੁਤਿ ਜਾਡਾ) ਅੰਦਰ ਕਾਹਲ ਹੁੰਦੀ ਹੈ ਕਿ ਹੁਣੇ ਹੀ ਜੋ ਕਰਨਾ ਹੈ ਕਰ ਲਈਏ ਪਰ ਕਾਹਲੀ ਨਾਲ ਟਹਿਣੀ ਹਰੀ ਨਹੀਂ ਰਹਿਣੀ। ਹਰੀ ਰਹਿਣੀ ਹੈ ਪੂਰਾ ਧਿਆਨ ਦਿੱਤਿਆਂ, ਜਲ ਨਾ ਥੁੜਨ ਦਿੱਤਿਆਂ ਤੇ ਹਵਾ ਦੇ ਝਕੋਲਿਆਂ ਤੋਂ ਬਚਾਈ ਰੱਖਿਆਂ। ਇਸ ਤਰ੍ਹਾਂ ਜਿਸ ਗਹੁ ਕੀਤਾ, ਉਸ ਦੇ ਬੂਟੇ ਨੂੰ ਬੜਾ ਰਸ ਭਰਿਆ ਫਲ ਲੱਗੇਗਾ। ਹਰ ਪਾਸੇ ਹਰੀਆਂ ਭਰੀਆਂ ਸ਼ਾਖ਼ਾਂ ਵੇਖ ਤੇ ਇਹ ਵੀ ਤੱਕ ਕਿ ਜਿਹੜਾ ਫਲ ਸਹਿਜ ਨਾਲ ਪੱਕਦਾ ਹੈ ਉਹ ਰਸ ਨਾਲ ਭਰਿਆ ਮਿਠਾਸ ਵਾਲਾ ਹੁੰਦਾ ਹੈ। ਮੇਰੇ ਮਨ ਨੇ ਧੀਰਜ ਪਕੜ ਲਿਆ ਕਿ ਪ੍ਰਭੂ ਮਿਲਾਪ ਅਵੱਸ਼ ਹੋ ਜਾਵੇਗਾ ਭਾਵੇਂ ਹੋਏ ਸਹਿਜੇ-ਸਹਿਜੇ।

ਸੋ ਜਿਸ ਨੇ ਕਾਹਲ ਪਾਈ, ਅੰਦਰ ਦੁਚਿੱਤਾਪਣ ਕਾਇਮ ਰੱਖਿਆ, ਮਾਇਆ ਦੇ ਚਲਤ ਦੇਖ ਡੋਲਦੇ ਰਹੇ, ਉਸ ਦੀ ਆਤਮਾ ਨੂੰ ਨਾਮ ਦਾ ਮਿੱਠਾ ਫਲ ਨਹੀਂ ਲੱਗਣਾ। ਸੋ ਪੂਰਨ ਟਿਕਾ ਰੱਖਿਆ, ਮਾਇਆ ਦੇ ਹੱਲਿਆਂ ਤੋਂ ਆਪਣੇ ਆਪ ਨੂੰ ਬਚਾਈ ਰੱਖਿਆ

ਅਤੇ ਬੇਨਤੀ ਕਰਦੇ ਰਹਿਆਂ ਕਿ ਬਾਣੀ ਦੇ ਰਾਹ ਤੇ ਟੋਰੀ ਰੱਖਣਾ, ਨਾਮ ਦਾ ਫਲ ਲੱਗ ਜਾਵੇਗਾ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਗੁਰਬਾਣੀ ਦੇ ਵਸੀਲੇ ਨਾਲ (ਸਤਿਗੁਰ ਭਏ ਬਸੀਠਾ) ਦੀਦਾਰ ਹੋ ਜਾਣਗੇ।੧੧।

**ਸ਼ਬਦ ਭਾਵ :**

**ਪਿਰਾ**—ਪਿਆਰਾ ਪਤੀ-ਪ੍ਰਮਾਤਮਾ।

**ਸਾਧਨ**—ਜੀਵ-ਇਸਤ੍ਰੀ। ਇਸਤ੍ਰੀ ਰੂਪ ਜਿੰਦ। 'ਸਾਧਨ ਪਕੜੀ ਟੇਕ ਜਨਾ।'

**ਝੂਰਿ ਮੁਈ**—ਦੁੱਖ ਵਿਚ ਰੋ-ਰੋ ਮਰਨਾ। ਸਮਾਂ ਗੁਜ਼ਰ ਜਾਣ ਤੇ ਪਛਤਾਵਾ।

**ਖੁਈ**—ਔਝੜੇ ਪੈ ਗਈ।

**ਵਿਗੁਤੀ**—ਖੁਆਰ ਹੋਣਾ। ਖ਼ਰਾਬ ਹੋਣਾ।

**ਮੁਤੀ**—ਤਿਆਗੀ ਹੋਈ। ਛੱਡੀ ਹੋਈ। ਛੁੱਟੜ। (Abandoned)

**ਕੁਕਹ**—ਪਿਲਛੀ।

**ਕਾਰ**—ਕਾਹੀ। ਸਰਕੜਾ। (Reed)

**ਆਗੈ ਘਾਮਿ**—ਗਰਮੀ ਪਿੱਛੇ ਰਹਿ ਗਈ ਹੈ।

**ਪਿਛੈ ਰੁਤਿ ਜਾਡਾ**—ਸਰਦੀ ਆਉਣ ਵਾਲੀ ਹੈ।

**ਸਹਜਿ ਪਕੈ ਸੋ ਮੀਠਾ**—ਜੋ ਵੀ ਸ਼ੈ ਟਿਕਵੀਂ ਬਝਵੀਂ ਪਲਦੀ ਹੈ ਉਸ ਵਿਚ ਮਿਠਾਸ ਹੁੰਦੀ ਹੈ। ਜਿਸ ਵਿਚ ਨਾ ਜੋਸ਼ ਨਾ ਕੋਰਾ-ਪਣ ਹੈ, ਉਹ ਮਿਲਾਪ ਦਾ ਅਨੰਦ ਲੈਂਦਾ ਹੈ।

**ਬਸੀਠਾ**—ਰਾਹੀਂ। ਦੁਆਰਾ। (Go-Between)

**ਸਤਿਗੁਰ ਭਏ ਬਸੀਠਾ**—ਗੁਰੂ ਸ਼ਬਦ ਨੂੰ ਜਿਸ ਵਿਚੋਲਾ ਬਣਾ ਲਿਆ ਉਸ ਨੂੰ ਪ੍ਰਭੂ ਦਾ ਦੀਦਾਰ ਹੋਇਆ। ਸ਼ਬਦ ਰਾਹੀਂ ਜੀਵਨ ਟੋਰਨਾ।੧੧।

---

## ਕਤਕਿ

ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ, ਤਤਿ ਜਲਾਇਆ ॥
ਦੀਪਕ ਰਸ ਤੇਲੋ, ਧਨ ਪਿਰ ਮੇਲੋ, ਧਨ ਓਮਾਹੈ ਸਰਸੀ ॥
ਅਵਗੁਣ ਮਾਰੀ ਮਰੈ ਨ ਸੀਝੈ, ਗੁਣ ਮਾਰੀ ਤਾ ਮਰਸੀ ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟ ਦਰ ਖੋਲਹੁ, ਏਕ ਘੜੀ ਖਟੁ ਮਾਸਾ ॥੧੨॥

**ਸਾਰ**—ਕਤਕਿ ਦਾ ਮਹੀਨਾ ਕਰਮ ਕਰਨ ਦਾ ਵੀ ਹੈ ਤੇ ਖੱਟੀ ਕਮਾਈ ਘਰ ਆਉਣ ਦਾ ਵੀ। ਕਮਾਈ ਉਸੇ ਦੀ ਘਰ ਆਉਂਦੀ ਹੈ ਜਿਸ ਤੇ ਪ੍ਰਭੂ ਦੀ ਨਜ਼ਰ

ਸਵੱਲੀ ਹੋਵੇ। ਇਸ ਤਰ੍ਹਾਂ ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਦੁੱਖ ਸੁੱਖ ਵਿਚ ਪੂਰਨ ਟਿਕਾ ਰੱਖਿਆ ਉਹਨਾਂ ਅੰਦਰ ਲਗਾਤਾਰ ਆਤਮਕ ਚਾਨਣਾ ਰਹਿੰਦਾ ਹੈ। **'ਦੀਪਕੁ ਸਹਜਿ ਬਲੈ।'** ਉਹ ਫਿਰ ਇਸ ਆਤਮਕ ਚਾਨਣ ਨੂੰ ਗਵਾਚਣ ਨਹੀਂ ਦੇਂਦੇ ਤੇ ਬਾਣੀ ਦੇ ਰਸ ਦਾ ਤੇਲ ਪਾਈ ਜਾਂਦੇ ਹਨ ਤਾਂ ਕਿ ਚਾਅ ਚੜ੍ਹਿਆ ਰਵ੍ਹੇ। ਜੇ ਫਿਰ ਬਖਸ਼ਸ਼ ਦਾ ਦਰ ਛੱਡ ਕਰਮਾਂ ਪਿੱਛੇ ਪੈ ਗਏ ਤਾਂ ਕੁਝ ਸੁਝਾਈ ਨਹੀਂ ਦੇਣਾ। ਅੰਧੇਰਾ ਛਾ ਜਾਵੇਗਾ। ਕਿਰਤ ਕਮਾਈ ਇਹ ਹੀ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਦਾ ਪ੍ਰਕਾਸ਼ ਅੰਦਰ ਕਰ ਕੇ, ਆਪਾ ਪਛਾਣ ਕੇ (ਨਾਮ ਭਗਤਿ ਦੇ ਨਿਜ ਘਰਿ ਬੈਠੇ) ਉਸ ਨੂੰ ਪੁਕਾਰੀ ਜਾਣਾ ਕਿ ਦਰਵਾਜ਼ਾ ਖੋਲ੍ਹੋ। ਕਿਉਂਕਿ ਤੁਹਾਡੇ ਬਗੈਰ ਹੋਰ ਕਿਸੇ ਦਾ ਸਹਾਰਾ ਨਹੀਂ। ਅਜਹੁ ਤਿਨਾੜੀ ਆਸਾ', ਰਤਾ ਕੁ ਵਿਛੋੜਾ, ਚਿਰਾਂ ਦਾ ਲੱਗਦਾ ਹੈ।

ਇਸ ਤਰ੍ਹਾਂ ਪੁਕਾਰਦੇ ਰਹਿਆਂ ਤੇ ਯਕੀਨ ਰੱਖਿਆਂ, 'ਕਰਣੀ ਕੀਰਤ', ਨੂੰ ਫਲ ਲਗਾਏਗਾ।

**ਵਿਸਥਾਰ**—ਉਹ ਹੀ ਕਿਰਤ, ਬੀਜੀ ਹੋਈ ਫ਼ਸਲ, ਜੀਰੀ ਮੱਕੀ, ਗਰਮੀ ਝੱਖੜ ਬੱਦਲ ਸਹਾਰ ਘਰ ਆਉਂਦੀ ਹੈ ਜਿਸ ਤੇ ਪ੍ਰਭੂ ਦੀ ਨਜ਼ਰ ਸਵੱਲੀ ਪੈਂਦੀ ਰਹੀ। ਨਿਰੀ ਆਪਣੀ ਘਾਲ ਕਾਰਨ ਕਿਸੇ ਨਹੀਂ ਪਾਇਆ। ਮੇਲ ਦੇ ਯੋਗ ਹੋਇਆਂ ਹੀ ਮੇਲ ਹੋਣਾ ਹੈ।

ਜਿਸ ਨੇ ਘਾਲ ਕਮਾਈ ਕੀਤੀ ਅਤੇ ਨਜ਼ਰ ਵਾਹਿਗੁਰੂ ਦੀ ਮੇਹਰ ਤੇ ਰੱਖੀ ਉਸ ਦੇ ਅੰਦਰ ਪੂਰਨ ਟਿਕਾ ਦੇ ਦੀਵੇ ਦੀ ਲੋਅ ਬਲ ਉੱਠੇਗੀ। ਜੀਵਨ-ਦੀਵਾ ਸਹਿਜ ਨਾਲ ਹੀ ਬਲਣਾ ਹੈ ਤੇ ਲੋਅ, ਗਿਆਨ ਦੀ ਤੀਲ੍ਹੀ ਨਾਲ ਹੋਣੀ ਹੈ। ਬਾਣੀ ਦੀ ਵਿਚਾਰ ਲਗਾਤਾਰ ਕਰਦੇ ਰਹਿਆਂ, ਲੋਅ ਮੱਧਮ ਨਹੀਂ ਪੈਣ ਲੱਗੀ। ਜੋ ਵਿਚਾਰ (ਤਤਿ) ਤੋਂ ਰਸ ਮਿਲਦਾ ਹੈ, ਇਹ ਹੀ ਦੀਪਕ ਦਾ ਤੇਲ ਹੈ। ਤਰਲਾ ਪਾਉਂਦੇ ਰਹਿਆਂ ਕਿ ਮੇਲ ਬਖ਼ਸ਼ੋ, ਚਾਅ ਮੱਠਾ ਨਹੀਂ ਪੈਂਦਾ ਅਤੇ ਹਿਰਦੇ ਦਾ ਖੇੜਾ ਬਣਿਆ ਰਹਿੰਦਾ ਹੈ।

ਜੇ ਕਿਸੇ ਕਰਮਾਂ ਦੇ ਜ਼ੋਰ ਨਾਲ ਵਿਸ਼ੈ ਵਿਕਾਰ ਨੂੰ ਕਾਬੂ ਪਾਣਾ ਚਾਹਿਆ ਤਾਂ ਇਹ ਨਹੀਂ ਹੋਣਾ ਅਤੇ ਨਾ ਹੀ ਕਰਮਾਂ ਆਸਰੇ ਰਹਿਆਂ ਅੰਦਰਲੀ ਸੂਝ ਮਿਲਣੀ ਹੈ, ਜਿਸ ਨਾਲ ਅੰਦਰ ਲੋਅ ਹੁੰਦੀ ਹੈ ਕਿ ਵਾਹਿਗੁਰੂ ਦੇ ਪਾਸੇ ਚਿੱਤ ਲੱਗੇ। ਕਰਮਾਂ ਦੇ ਗੇੜ ਵਿਚ ਪਏ ਰਹੇ ਨੂੰ ਆਤਮ ਗਿਆਨ ਨਹੀਂ ਹੈ।

ਪਰ ਜਿਸ ਨੇ ਵਾਹਿਗੁਰੂ ਦੇ ਗੁਣ ਗੁਰਬਾਣੀ ਰਾਹੀਂ ਗ੍ਰਹਿਣ ਕਰ ਲਏ, ਉਸ ਦੇ ਵਿਸ਼ੈ ਵਿਕਾਰ ਵੀ ਮੁੱਕਣਗੇ ਤੇ ਵਾਹਿਗੁਰੂ ਦੀ ਹਜ਼ੂਰੀ ਵਿਚ ਸ਼ਬਦ ਵਿਚਾਰ ਦੀ ਨਿਰਾਲੀ ਭਗਤ ਕਰਨ ਕਾਰਨ ਅਤੇ ਲੋਅ ਲਗਾਤਾਰ ਹੋ ਜਾਣ ਕਰ ਕੇ ਅਸਲੇ ਦੀ ਪਛਾਣ ਹੋ ਜਾਵੇਗੀ ਤੇ ਆਪਣੇ ਸਰੂਪ ਵਿਚ ਟਿਕ ਕੇ ਬੈਠ ਜਾਣਗੇ ਤੇ ਕਿਸੇ ਹੋਰ ਵੱਲ ਝਾਕਣੀ ਕਦੇ ਨਾ ਪਾਏ ਜਾਣ ਕਾਰਨ ਪੂਰਨ ਆਸ ਬੱਝ ਜਾਂਦੀ ਹੈ ਕਿ ਮਿਲਾਪ ਹੋ ਜਾਣਾ ਹੈ। 'ਅਜਹੁ ਤਿਨਾੜੀ ਆਸਾ।'

ਗੁਰੂ ਨਾਨਕ ਦੇਵ ਜੀ ਇਹ ਬੇਨਤੀ ਕਰਦੇ ਹਨ ਕਿ ਆਪ ਹੀ ਕ੍ਰਿਪਾ ਕਰ ਕੇ ਆਪਣੀ ਮੇਹਰ ਦੇ ਦਰਵਾਜ਼ੇ ਖੋਲ੍ਹੋ ਕਿਉਂਕਿ ਤੁਹਾਡੇ ਤੋਂ ਘੜੀ ਕੁ ਵਿਛੋੜਾ ਹੋ ਜਾਵੇ ਤਾਂ ਕਈ ਰੁੱਤਾਂ ਗਵਾਚੀਆਂ ਲੱਗਦੀਆਂ ਹਨ। **'ਏਕ ਘੜੀ ਖਟੁ ਮਾਸਾ।'** ਰਤਾ ਕੁ ਦਿਲੋਂ ਦੂਰ ਹੋ ਜਾਓ ਤਾਂ ਇੰਝ ਲੱਗਦਾ ਹੈ ਕਿ ਸਮੇਂ ਹੋ ਗਏ ਹਨ।੧੨।

**ਸ਼ਬਦ ਭਾਵ :**

**ਕਤਕਿ ਕਿਰਤੁ ਪਇਆ**—ਕੀਤੀ ਕਿਰਤ ਕਮਾਈ ਘਰ ਆਉਣ ਦਾ ਮਹੀਨਾ। ਕਤਕਿ ਦੇ ਮਹੀਨੇ ਘਰ ਮੁੰਜੀ ਆਉਂਦੀ ਹੈ ਅਤੇ ਅੱਗੋਂ ਕਣਕ ਬੀਜਣ ਦੀ ਤਿਆਰੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਕਤਕਿ ਨੂੰ ਕਰਮ ਦਾ ਮਹੀਨਾ ਕਿਹਾ ਹੈ।

**ਦੀਪਕੁ ਸਹਜਿ ਬਲੈ**—ਆਤਮਕ ਟਿਕਾ ਕਾਰਨ ਮਿਲੀ ਰੋਸ਼ਨੀ ਦਾ ਅੰਦਰ ਹੋਣਾ।

**ਤਤੁ ਜਲਾਇਆ**—ਠੀਕ ਵਿਚਾਰ ਦੀ ਬੱਤੀ ਦਾ ਬਲ ਪੈਣਾ।

**ਦੀਪਕ ਰਸ ਤੇਲੋ**—ਜੋ ਆਤਮ ਵਿਚਾਰ ਵਿੱਚੋਂ ਰਸ ਮਿਲਦਾ ਹੈ ਉਸ ਦਾ ਤੇਲ ਪਾਈ ਰੱਖਿਆ।

**ਧਨ ਪਿਰ ਮੇਲੋ**—ਬੇਨਤੀ ਕਰਦੇ ਰਿਹਾਂ ਕਿ ਆਤਮਾ ਅਤੇ ਪ੍ਰਮਾਤਮਾ ਦਾ ਮੇਲ ਕਰਾ ਦਿਓ।

**ਊਮਾਹੇ**—ਚਾਅ, ਉਤਸ਼ਾਹ।

**ਅਵਗਣ ਮਾਰੀ ਮਰੈ ਨ ਸੀਝੈ**—ਜੇ ਕਿਸੇ ਬਾਹਰਲੇ ਕਰਮਾਂ ਸਹਾਰੇ ਔਗੁਣ ਹਟਾਉਣ ਦੀ ਕੋਸ਼ਿਸ਼ ਕਰ ਕੇ ਆਤਮਿਕ ਗਿਆਨ ਲੈਣਾ ਚਾਹਿਆ ਤਾਂ ਅਜਿਹਾ ਨਹੀਂ ਹੋਣ ਲੱਗਾ।

**ਗੁਣ ਮਾਰੀ**—ਗੁਣਾਂ ਨੇ ਹੀ ਵਿਸ਼ੈ ਵਿਕਾਰ ਮਾਰ ਔਗੁਣ ਰਹਿਤ ਕਰਨਾ ਹੈ।

**ਨਾਮੁ ਭਗਤਿ ਦੇ ਨਿਜ ਘਰਿ ਬੈਠੇ**—ਨਾਮ ਵਾਲੀ ਭਗਤੀ ਦੁਆਰਾ ਜੋ ਅਸਲਾ ਪਛਾਣ ਲੈਂਦਾ ਹੈ।

**ਅਜਹੁ ਤਿਨਾੜੀ ਆਸਾ**—ਸਿਰਫ਼ ਤੇਰੀ ਆਸ। ਕੇਵਲ ਵਾਹਿਗੁਰੂ ਦਾ ਆਸਰਾ।

**ਕਪਟ ਦਰ**—ਭੀੜੇ ਹੋਏ ਕੁਆੜ। ਬੰਦ ਦਰਵਾਜ਼ੇ।

**ਏਕ ਘੜੀ ਖਟੁ ਮਾਸਾ**—ਏਕ ਘੜੀ ਛੇ ਮਹੀਨੇ ਲੱਗਦੀ ਹੈ। ਰਤਾ ਕੁ ਵਿਛੋੜਾ ਰੁੱਤਾਂ ਜਿਤਨਾ ਲੰਮਾ ਹੋ ਜਾਂਦਾ ਹੈ।੧੨।

---

## ਮੱਘਰ

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ, ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ, ਚੰਚਲੁ ਜਗਤੁ ਸਬਾਇਆ ॥

ਗਿਆਨੁ ਧਿਆਨੁ ਗੁਣ ਅੰਕਿ ਸਮਾਣੇ, ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮ ਦੁਖੁ ਭਾਗੈ ॥
ਨਾਨਕ ਸਾਧਨ ਨਾਹ ਪਿਆਰੀ, ਅਭ ਭਗਤੀ ਪਿਰ ਆਗੈ ॥੧੩॥

**ਸਾਰ**—ਮੱਘਰ ਦਾ ਮਹੀਨਾ ਹੈ ਵੀ ਸੁਹਾਵਣਾ ਅਤੇ ਜੀਵ-ਇਸਤ੍ਰੀ ਲਈ ਹੋਰ ਵੀ ਸਹੀ ਅਰਥਾਂ ਵਿਚ ਸੁਹਾਵਣਾ ਹੋ ਜਾਏ ਜੇ ਉਹ ਆਲਸ ਤਜ, ਪ੍ਰਭੂ ਦੇ ਗੁਣ ਗ੍ਰਹਿਣ ਕਰਦੀ ਪ੍ਰਭੂ ਦਾ ਹੀ ਰੂਪ ਹੋ ਜਾਵੇ।

ਪ੍ਰਭੂ ਦਾ ਰੂਪ ਹੋਇਆਂ, ਸੰਸਾਰ ਦੀ ਅਸਥਿਰਤਾ ਦਾ ਗਿਆਨ ਹੋ ਜਾਵੇਗਾ। 'ਇਕ ਭਾਵ' ਵਿਚ ਮਨ ਰਵ੍ਹੇਗਾ। ਰਜ਼ਾ ਮਿੱਠੀ ਲੱਗੇਗੀ। ਲਗਾਤਾਰ ਵਾਹਿਗੁਰੂ ਦੀ ਸਿਫ਼ਤ ਸਲਾਹ ਦੇ ਗੀਤ ਸੁਣਦਿਆਂ ਦੁੱਖਾਂ ਦਾ ਅਭਾਵ ਹੋ ਜਾਵੇਗਾ। ਦਿਲੋਂ ਪਿਆਰ ਵਾਲੀ ਭਗਤੀ, 'ਅਭ ਭਗਤੀ', ਸਨਮੁਖ ਹੋ ਕੀਤਿਆਂ, ਪੂਰਨ ਪਿਆਰ ਮਿਲ ਜਾਵੇਗਾ। ਹੋਰ ਕਿਸੇ ਕਰਮ ਨੇ ਕਾਜ ਨਹੀਂ ਸੰਵਾਰਨਾ। ਇਸ ਦੇ ਉਲਟ ਤੱਕੋ: **ਮਨਮੁਖ ਤੇ ਅਭਿ ਭਗਤਿ ਨ ਹੋਵਸ।**

**ਵਿਸਥਾਰ**—ਮੱਘਰ ਦਾ ਮਹੀਨਾ, ਮੌਸਮ ਦੇ ਹਿਸਾਬੋਂ ਬੜਾ ਸੁਹਾਵਣਾ ਹੈ ਅਤੇ ਸਹੀ ਅਰਥਾਂ ਵਿਚ ਸੁਹਾਵਣਾ ਹੋ ਗਿਆ ਜਦ ਸਿਫ਼ਤ ਸਲਾਹ ਸਦਕਾ ਪ੍ਰਭੂ ਹਿਰਦੇ ਆ ਵੱਸਿਆ।

ਪ੍ਰਭੂ ਦੇ ਗੁਣ ਗ੍ਰਹਿਣ ਕੀਤੀ ਜੀਵ-ਇਸਤ੍ਰੀ ਹੁਣ ਸਿਰਫ਼ ਵਾਹਿਗੁਰੂ ਦੇ ਹੀ ਗੁਣ ਬੋਲਦੀ ਹੈ। ਹੋਰ ਕੋਈ ਸਹਾਰਾ ਨਹੀਂ ਤੱਕਦੀ। ਗੁਣ ਗਾਵਣ ਨਾਲ, ਸੰਸਾਰ ਦੀ ਨਾਸ਼ਵੰਤਤਾ ਵੱਲੋਂ ਮੋਹ ਟੁੱਟਦਾ ਹੈ ਤੇ ਸਦਾ ਸਾਥ ਨਿਭਣ ਵਾਲਾ ਪ੍ਰਮਾਤਮਾ ਪਿਆਰਾ ਲੱਗਦਾ ਹੈ।

ਇਹ ਯਕੀਨ ਵੀ ਬੱਝ ਜਾਂਦਾ ਹੈ ਕਿ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਮਾਲਕ ਹੀ ਸਭ ਚਤੁਰਾਈਆਂ ਤੇ ਅਕਲਾਂ ਦਾ ਮਾਲਕ ਹੈ ਤੇ ਜਗਤ ਦੀ ਪਾਯਾਂ ਖਿਨ ਭਰ ਵੀ ਨਹੀਂ। ਹਿਰਦੇ ਵਿਚ ਪ੍ਰਭੂ ਗੁਣਾਂ ਨੂੰ ਵਿਚਾਰਿਆਂ ਤੇ ਇਕ ਭਾਵ ਇਰਾਦੇ ਵਿਚ ਰਹਿਆਂ, ਦੂਜਾ ਭਾਵ ਵਿਸਾਰਿਆਂ ਹੀ ਵੱਸਿਆ ਹੈ। ਹਿਰਦੇ ਵਿਚ ਉਸ ਦਾ ਆਉਣਾ, ਦੂਜਾ ਭਾਵ ਨਾ ਮਿਟਣਾ, ਉਸ ਦੀ ਰਜ਼ਾ ਵਿਚ ਟਿਕਿਆਂ ਹੀ ਹੋਇਆ ਹੈ:

'ਗਿਆਨੁ ਧਿਆਨੁ ਗੁਣ ਅੰਕ ਸਮਾਣੇ
ਪ੍ਰਭ ਭਾਣੇ ਤਾ ਭਾਇਆ।'

ਗੁਰੂ ਨਾਨਕ ਦੇਵ ਜੀ ਦਾ ਹੀ ਆਸਾ ਰਾਗ ਵਿਚ ਫ਼ਰਮਾਨ ਹੈ ਕਿ ਜੋ ਪ੍ਰਭੂ ਦੀ ਰਜ਼ਾ ਵਿਚ ਟੁਰਦੇ ਹਨ ਉਹ ਪ੍ਰਭੂ ਦੇ ਰੂਪ ਹੀ ਹੋ ਜਾਂਦੇ ਹਨ:

ਚਲੈ ਸਦਾ ਰਜਾਇ, ਅੰਕਿ ਸਮਾਵੀ ॥ (ਆਸਾ ਅੱਸ਼ਟਪਦੀਆਂ ਮ: ੧)

ਪ੍ਰਭੂ ਪਿਆਰ ਦੇ ਗੀਤਾਂ, ਮਹਾਂਪੁਰਸ਼ਾਂ ਦੀ ਬਾਣੀ (ਕਵਿਤ ਕਵੇ) ਇਕਾਗ੍ਰ ਚਿੱਤ ਸੁਣਿਆਂ ਵਾਹਿਗੁਰੂ ਦਾ ਸਰਵ-ਵਿਆਪਕ ਨਾਮ ਪ੍ਰਗਟ ਹੁੰਦਾ ਹੈ ਅਤੇ ਦੁੱਖ ਨੱਸ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਫ਼ਰਮਾਂਦੇ ਹਨ ਕਿ ਉਹ ਹੀ ਜੀਵ-ਇਸਤ੍ਰੀ ਪ੍ਰਭੂ ਨੂੰ ਪਿਆਰੀ

ਹੁੰਦੀ ਹੈ ਜੋ ਦਿਲੋਂ ਸਨਮੁਖ ਹੋ ਪ੍ਰਭੂ ਦੀ ਯਾਦ ਪਕਾਂਦੀ, ਭਗਤੀ ਭਾਵ ਨਾਲ ਭਰਪੂਰ ਹੋ ਜਾਂਦੀ ਹੈ। ਇਸੇ 'ਅਭਿ ਭਗਤੀ' ਦੇ ਭਾਵ ਨੂੰ ਸਮਝਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਫ਼ਰਮਾਇਆ ਹੈ ਕਿ ਉਹ ਜੀਵ-ਇਸਤ੍ਰੀ ਹੀ ਸੁਹਾਗ ਦਾ ਸੁਖ ਮਾਣਦੀ ਹੈ ਜਿਸ ਦਾ ਹਿਰਦਾ ਸ਼ਬਦ ਦਾ ਸਹਾਰਾ ਪਾ ਲੈਂਦਾ ਹੈ :

ਧਨ ਸੋਹਾਗਣਿ
ਸਬਦ ਸਾਧਾਰਏ।

ਦਿਲੋਂ ਭਗਤੀ ਨਿਰੋਲ ਸ਼ਬਦ ਰਾਹੀਂ ਹੀ ਹੋ ਸਕਦੀ ਹੈ ਹੋਰ ਕਿਸੇ ਕਰਮ ਪੂਜਾ ਰਾਹੀਂ ਨਹੀਂ।

**ਸ਼ਬਦ ਭਾਵ :**

**ਮੰਘਰ ਮਾਹ ਭਲਾ**—ਮੱਘਰ ਦਾ ਮਹੀਨਾ ਜੋ ਸੁਹਾਵਣੀ ਰੁੱਤ ਵਾਲਾ ਹੈ।
**ਅੰਕਿ**—ਤਦ ਰੂਪ। ਹਿਰਦੇ ਵਿਚ। ਸਰੂਪ ਵਿਚ। ਮੁਕੰਮਲ ਮਿਲਾਪ।
**ਰਵੈ**—ਪਿਆਰ ਨਾਲ ਯਾਦ ਕਰਨਾ। (Take Delight in Recitation)
**ਨਿਹਚਲੁ**—ਸਦਾ ਕਾਇਮ। ਅਟੱਲ।
**ਬਿਧਾਤਾ**—ਮਾਲਕ।
**ਚੰਚਲ ਜਗਤ ਸਬਾਇਆ**—ਸਾਰਾ ਸੰਸਾਰ ਨਾਸ਼ਵੰਤ ਹੈ।
**ਗਿਆਨੁ**—ਆਤਮਿਕ ਸੂਝ। ਉੱਚੀ ਸਮਝ। (Spiritual Knowledge)
**ਧਿਆਨੁ**—ਇਕ ਭਾਵ ਦਾ ਅੰਦਰ ਟਿਕ ਜਾਣਾ। ਇਕੋ ਤੇ ਚਿੱਤ ਟਿਕਾਣ ਨੂੰ ਵੀ ਕਹਿੰਦੇ ਹਨ। ਇਕਾਗ੍ਰਤਾ। (Direct Attention to, Fix One's Thought's on)
**ਪ੍ਰਭ ਭਾਣੇ ਤਾ ਭਾਇਆ**—ਉਸ ਦੀ ਰਜ਼ਾ ਵਿਚ ਰਹੇ ਤਾਂ ਪਿਆਰ ਮਿਲਿਆ।
**ਨਾਦ**—ਇਕਾਗ੍ਰ ਚਿੱਤ ਅਵਿਸਥਾ ਵਿੱਚੋਂ ਜੋ ਸ਼ਬਦ ਨਿਕਲਦੇ ਹਨ। ਬਾਣੀ।
**ਕਵਿਤ ਕਵੇ**—ਕਵੀਆਂ ਦੀ ਰਚਨਾ। ਮਹਾਂਪੁਰਸ਼ਾਂ ਦੇ ਬੋਲ।
**ਅਭ**—ਦਿਲੋਂ। (Heart Felt)
**ਆਗੈ**—ਸਨਮੁਖ। ਹਾਜ਼ਰ ਦੇਖਦਿਆਂ।੧੩।

—

## ਪੋਹ

ਪੋਖਿ ਤੁਖਾਰੁ ਪੜੈ, ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗ ਜੀਵਨ, ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ, ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆ ਪਤਿ ਦਾਤੇ, ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਥਿ ਰਸੀਆ, ਹਰਿ ਸਿਉ ਪ੍ਰੀਤ ਸਨੇਹੋ ॥੧੪॥

**ਸਾਰ**—ਇਹ ਸੱਚ ਹੈ ਕਿ ਪੋਹ ਦੀ ਸਰਦੀ ਵਿਚ ਸਾਰੀ ਨਬਾਤਾਤ ਸੁੱਕ ਜਾਂਦੀ ਹੈ। ਮਰੁੰਡੀ ਜਾਂਦੀ ਹੈ।

ਇਸੇ ਤਰ੍ਹਾਂ ਜਿਸ ਜੀਵ-ਇਸਤ੍ਰੀ ਨੇ ਸ਼ਬਦ ਦਾ ਰਸ ਪ੍ਰਾਪਤ ਨਹੀਂ ਕੀਤਾ ਉਸ ਦਾ ਸਾਰਾ ਜੀਵਨ ਹੀ ਜ਼ਾਇਆ ਹੋ ਗਿਆ ਜਾਣੋ, ਪਰ ਜੋ ਸ਼ਬਦ ਦੇ ਪਿਆਰ ਵਿਚ ਰੰਗੀਆਂ ਹੁੰਦੀਆਂ ਹਨ ਉਹਨਾਂ ਦਾ ਰਸ ਕਦੇ ਮੁੱਕਦਾ ਨਹੀਂ ਕਿਉਂਕਿ ਉਹ ਪ੍ਰਭੂ ਦੀ ਸਮੁੱਚੀ ਰਚਨਾ ਵਿਚ ਉਸ ਦਾ ਪ੍ਰਕਾਸ਼ ਦੇਖ ਲੈਂਦੀਆਂ ਹਨ। ਰਸ ਨੂੰ ਨਾ ਫਿੱਕਾ ਹੋਣ ਦੇਂਦੀਆਂ ਹਨ ਤੇ ਨਾ ਹੀ ਮੁੱਕਣ। ਉਹ ਕਦੇ ਪ੍ਰਭੂ ਨੂੰ ਦੂਰ ਨਹੀਂ ਜਾਣਦੀਆਂ ਤੇ ਅਰਦਾਸ ਕਰਦੀਆਂ ਰਹਿੰਦੀਆਂ ਹਨ ਕਿ ਐਸੀ ਮੱਤ ਬਖ਼ਸ਼ੋ ਕਿ ਆਤਮਿਕ ਉਚਾਈਆਂ ਛੋਹਾਂ। 'ਗਤਿ ਪਾਵਉ ਮਤਿ ਦੇਹੋ।'

**ਵਿਸਥਾਰ**—ਜਦ ਪੋਹ ਦੀਆਂ ਠੰਡੀਆਂ ਹਵਾਵਾਂ ਚਲਦੀਆਂ ਹਨ ਤੇ ਕੱਕਰ ਪੈਂਦਾ ਹੈ ਤਾਂ ਜੰਗਲ ਦੇ ਬੂਟੇ ਕੀ, ਘਾਹ ਤਕ ਸੁੱਕ ਜਾਂਦਾ ਹੈ।

ਜਦ ਜੀਵ-ਇਸਤ੍ਰੀ ਨੂੰ ਲੱਗੇ ਕਿ ਕੋਰਾ-ਪਣ ਪੈਦਾ ਹੋ ਰਿਹਾ ਹੈ, ਰਸ ਨਹੀਂ ਆ ਰਹਿਆ ਤਾਂ ਤਰਲਾ ਪਾਏ ਕਿ ਹੇ ਪ੍ਰਭੂ ਦੂਰ ਨਾ ਹੋਵੋ, ਮਨ ਤਨ ਤੇ ਮੁੱਖ ਵਿਚ ਵੱਸਦੇ ਰਹੋ। ਜਿਸ ਵੇਲੇ ਯਾਦ ਪਕਾ ਲਵੇਂਗਾ ਤਾਂ ਦੇਖੇਂਗਾ ਕਿ ਜਗਤ ਦਾ ਮਾਲਕ ਅੰਦਰ ਹੀ ਹੈ। ਸਭ ਰਸਾਂ ਦਾ ਸੋਮਾ ਅੰਦਰ ਹੈ। ਗੁਰ ਸ਼ਬਦ ਰਾਹੀਂ ਪ੍ਰਭੂ ਦੀ ਸਿਫ਼ਤ ਸਲਾਹ ਕੀਤਿਆਂ ਰਸ ਵੀ ਆਉਂਦਾ ਹੈ ਤੇ ਪਿਆਰ ਵੀ ਨਹੀਂ ਘੱਟਦਾ। ਫਿਰ ਆਪਣੇ ਅੰਦਰ ਹੀ ਨਹੀਂ ਸਮੁੱਚੀ ਲੁਕਾਈ ਜੋ ਅੰਡੇ, ਜੇਰ, ਹੁੱਸੜ ਤੇ ਧਰਤੀ ਤੋਂ ਪੈਦਾ ਹੁੰਦੀ ਹੈ, ਵਿਚ ਉਸ ਦਾ ਪ੍ਰਕਾਸ਼ ਹੈ। ਐਸੀ ਚੋੜੀ ਦ੍ਰਿਸ਼ਟੀ ਰੱਖਣ ਵਾਲੇ ਦੀ ਜ਼ਿੰਦਗੀ ਕਦੀ ਕੋਰੀ ਨਹੀਂ ਹੋਣ ਲੱਗੀ।

ਹੇ ਦਇਆ ਦੇ ਮਾਲਕ ਪ੍ਰਭੂ ! ਐਸੀ ਦ੍ਰਿਸ਼ਟੀ ਦਿਓ ਕਿ ਕਣ-ਕਣ ਵਿਚ ਤੁਹਾਡਾ ਦੀਦਾਰ ਕਰਾਂ। ਐਸੀ ਅਕਲ ਬਖ਼ਸ਼ੋ ਕਿ ਆਤਮਿਕ ਉਚਾਈਆਂ ਛੋਹ ਲਵਾਂ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਚੋੜੀ ਦ੍ਰਿਸ਼ਟੀ, ਉੱਚੀ ਮੱਤ ਤੇ ਉੱਚੀ ਆਤਮਕ ਅਵੱਸਥਾ ਸਦਕਾ ਜਿਸ ਦਾ ਪਿਆਰ ਉਸ ਨਾਲ ਗੂੜ੍ਹਾ ਹੋ ਜਾਂਦਾ ਹੈ, ਉਹ ਐਸੇ ਪਿਆਰ ਵਿਚ ਰੰਗੇ ਹੋਏ ਕਾਰਨ ਹਰ ਵੇਲੇ ਰਸ ਵਿਚ ਰਹਿੰਦਾ ਹੈ। ਗੁਣ ਗਾਈ ਜਾਂਦਾ ਹੈ। ਉਸ ਦਾ ਪੋਹ ਦੀਆਂ ਖ਼ੁਸ਼ਕ ਠੰਡੀਆਂ ਹਵਾਵਾਂ ਕੁਝ ਨਹੀਂ ਵਿਗਾੜ ਸਕਦੀਆਂ। ਉਸ ਦਾ ਰਸ ਕਦੇ ਮੁੱਕਦਾ ਹੀ ਨਹੀਂ ।੧੪।

**ਸ਼ਬਦ ਭਾਵ :**

**ਤੁਖਾਰੁ**—ਬਰਫ਼ਾਂ। (Hoardy Frost)

**ਰਸ ਸੋਖੈ**—ਜਲ ਖ਼ੁੱਸ਼ਕ ਹੋ ਜਾਂਦਾ ਹੈ। ਰਸ ਮਰ ਜਾਂਦਾ ਹੈ।

**ਆਵਤ ਕੀ ਨਾਹੀ**—ਤਰਲਾ ਹੈ ਕਿ ਤੁਸੀਂ ਦੂਰ ਨਾ ਹੋਈਓ ਕਦੇ, ਮਤਾਂ ਜੀਵਨ ਦਾ ਸਵਾਦ ਹੀ ਨਾ ਚਲਾ ਜਾਏ।

**ਰੰਗੁ ਮਾਣੀ**—ਚਾਅ ਵਿਚ ਰਹਿਣਾ।

**ਅੰਡਜ**—ਅੰਡੇ ਤੋਂ ਪੈਦਾ ਹੋਏ ਜੀਵ (ਪੰਛੀ, ਮੱਛੀ, ਸੱਪ ਆਦਿ)।

**ਜੇਰਜ**—ਕੁੱਖ ਤੋਂ ਜੰਮੇ ਜੀਵ (ਪਸ਼ੂ, ਮਨੁੱਖ ਆਦਿ)।

**ਉਤਭੁਜ**—ਧਰਤੀ ਪਾੜ ਕੇ ਨਿਕਲੇ ਜੀਵ ਜੰਤ। (Sprout from Earth)

**ਸੇਤਜ**—ਹੁੱਸੜ ਤੋਂ। (Creature Created from Vermin)

**ਦਇਆ ਪਤਿ**—ਦਇਆ ਦੇ ਮਾਲਕ।

**ਗਤਿ ਪਾਵਉ**—ਅਸਲੀਅਤ ਨੂੰ ਪਾਵਾਂ। ਉਚਾਈ ਨੂੰ ਛੋਹਾਂ। (Get a true Idia of)

ਜਗਤ ਦੇ ਨਾਸਵੰਤ ਦੀ ਅਸਲੀਅਤ ਜਾਣ ਲਵਾਂ, ਪ੍ਰਭੂ ਦੇ ਟਾਕਰੇ ਤੇ।

---

ਮਾਘ

ਮਾਘ ਪੁਨੀਤ ਭਈ ਤੀਰਥ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ, ਗੁਣ ਗਹਿ ਅੰਕ ਸਮਾਨਿਆ ॥
ਪ੍ਰੀਤਮ ਗੁਣ ਅੰਕੇ, ਸੁਣਿ ਪ੍ਰਭ ਬੰਕੇ, ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ, ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸਰੁ ਜੁਗਿ ਜੁਗਿ ਇਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ, ਅਠ ਸਠਿ ਤੀਰਥ ਨਾਤਾ ॥੧੫॥

**ਸਾਰ**—ਮਾਘ ਦੇ ਮਹੀਨੇ ਨੂੰ ਪਵਿੱਤ੍ਰ ਜਾਣ ਜੋ ਤੀਰਥਾਂ ਤੇ ਇਸ਼ਨਾਨ ਕਰਨ ਲਈ ਦੌੜੀ ਫਿਰਦੇ ਹਨ ਕਿ ਨ੍ਹਾਤਿਆਂ ਜੀਵਨ ਪਵਿੱਤ੍ਰ ਹੋ ਜਾਏਗਾ, ਉਹ ਭੁਲੇਖੇ ਵਿਚ ਹਨ। ਜੀਵਨ ਤਾਂ ਪਵਿੱਤ੍ਰ ਹੋਣਾ ਹੈ ਉਸ ਦਾ ਜਿਸ ਅੰਦਰਲੇ ਨੂੰ ਤੀਰਥ ਜਿਹਾ ਬਣਾ ਲਿਆ ਤੇ ਟਿਕਵੇਂ ਮਨ ਨਾਲ ਗੁਣ ਗਾ-ਗਾ, ਪ੍ਰਭੂ ਮਿੱਤ੍ਰ ਨੂੰ ਹਿਰਦੇ ਹੀ ਦੇਖ ਲਿਆ। ਅਸਲ ਵਿਚ ਪ੍ਰਭੂ ਨੂੰ ਚੰਗਾ ਲੱਗਣ ਲੱਗ ਪੈਣਾ ਹੀ ਇਸ਼ਨਾਨ ਹੈ ਅਤੇ ਪੁੰਨ ਦਾਨ ਪੂਜਾ ਇਹ ਹੈ ਕਿ ਪ੍ਰਭੂ ਨਾਲ ਸਾਂਝ ਹੋ ਜਾਵੇ। ਇਕ ਤੀਰਥ ਕੀ, ਫਿਰ ਤਾਂ ਗੰਗਾ ਜਮਨਾ ਸੰਗਮ ਅਤੇ ਸੱਤਾਂ ਸਮੁੰਦਰਾਂ ਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ ਜਿਸ ਜੱਪ ਕੇ ਮਹਾਂ ਰਸ ਪੀ ਲਿਆ।

ਪੋਹ ਵਿਚ ਕਉੜਾ-ਪਣ ਦਾ ਜ਼ਿਕਰ ਸੀ ਤੇ ਉਸ ਦਾ ਇਲਾਜ ਲੋਕਾਂ ਤੀਰਥਾਂ ਦਾ ਇਸ਼ਨਾਨ ਲੱਭ ਲਿਆ।

ਚੇਤਾਵਨੀ ਹੈ :

ਲਉਕੀ ਅਠਸਠਿ ਤੀਰਥ ਨਾਈ।
ਕਉਰਾ ਪਨ ਤਉ ਨ ਜਾਈ।

ਇਹ ਕਉਰਾ-ਪਨ ਜਾਏਗਾ ਹਰੀ ਦੇ ਜਪ ਨਾਲ ਰਸ ਲਿਆਂ।

**ਵਿਸਥਾਰ**—ਲੋਕੀਂ ਮਾਘ ਮਹੀਨੇ ਨੂੰ ਤਾਂ ਪਵਿੱਤ੍ਰ ਹੋਇਆ ਗਿਣਦੇ ਹਨ ਜੇ ਤੀਰਥਾਂ ਤੇ ਖ਼ਾਸ ਕਰ ਸੰਗਮ (ਅਲਾਹਬਾਦ) ਜਾ ਕੇ ਇਸ਼ਨਾਨ ਕੀਤਾ ਜਾਵੇ, ਪਰ ਐਸੇ

ਇਹ ਨਹੀਂ ਜਾਣਦੇ ਕਿ ਇਸ ਤਰ੍ਹਾਂ ਤਾਂ ਹੋਰ ਸਗਵੀ ਮੱਲ ਚੜ੍ਹ ਜਾਣੀ ਹੈ। ਇਸ਼ਨਾਨ ਤਾਂ ਅੰਦਰਲੇ ਨੂੰ ਕਰਾਉਣਾ ਹੈ।

ਅੰਦਰਲਾ ਉਹ ਹੀ ਧੋ ਸਕਦਾ ਹੈ ਜਿਸ ਅੰਦਰ ਨੂੰ ਤੀਰਥ ਜਾਣਿਆ ਹੈ ਅਤੇ ਪ੍ਰਭੂ ਦੇ ਗੁਣ ਗ੍ਰਹਿਣ ਕਰ ਕੇ ਹਿਰਦੇ ਨੂੰ ਪ੍ਰਭੂ ਵਰਗਾ ਬਣਾ ਲਿਆ ਹੈ।

ਗੁਣ ਗ੍ਰਹਿਣ ਕਰਨ ਨਾਲ ਅੰਦਰਲਾ ਟਿਕ ਜਾਂਦਾ ਹੈ ਤੇ ਟਿਕੇ ਮਨ ਵਿਚ ਪ੍ਰਭੂ ਮਿੱਤ੍ਰ ਆ ਬੈਠਦਾ ਹੈ।

ਸੋ ਸੋਹਣੇ ਪਿਆਰੇ ਪ੍ਰਭੂ ਦੇ ਗੁਣ ਜਿਸ ਅੰਦਰ ਵਸਾ ਲਏ ਤੇ ਪਿਆਰੇ ਪ੍ਰਭੂ ਨੂੰ ਚੰਗਾ ਲੱਗ ਪਿਆ ਉਸ ਦਾ ਮਾਨੋ ਤੀਰਥਾਂ ਦਾ ਇਸ਼ਨਾਨ ਹੋ ਗਿਆ।

'ਤੁਧੁ ਭਾਵਾ ਸਰਿ ਨਾਵਾ।'

ਇਕ ਤੀਰਥ ਕੀ, ਗੰਗਾ ਜਮਨਾ ਤ੍ਰਿਬੇਣੀ ਤੇ ਸੱਤਾਂ ਸਮੁੰਦਰਾਂ ਦੇ ਰੱਜ-ਰੱਜ ਇਸ਼ਨਾਨ ਉਸ ਨੇ ਕਰ ਲਏ ਜਿਸ ਨੇ ਸਿਵਾਇ ਪ੍ਰਭੂ ਤੋਂ ਹੋਰ ਕਿਸੇ ਨੂੰ ਕਿਸੇ ਜੁੱਗ ਨਹੀਂ ਪਛਾਣਿਆ। ਐਸੇ ਦਾ ਜਾਣੋ, ਪੁੰਨ, ਦਾਨ ਪੂਜਾ ਪੂਰਾ ਹੋ ਗਈ।

ਲੋਕੀ ਹਰ ਜੁਗ ਵਿਚ ਕਿਸੇ ਨਾ ਕਿਸੇ ਅਵਤਾਰ ਦਾ ਪਹਿਰਾ ਮਿਥ ਲੈਂਦੇ ਹਨ ਪਰ ਜਿਨ੍ਹਾਂ ਹਰ ਜੁਗ ਵਿਚ ਉਸੇ ਨੂੰ ਪਛਾਣਿਆ, ਉਨ੍ਹਾਂ ਨੂੰ ਹੋਰ ਕਿਸੇ ਪੂਜਾ ਦਾਨ ਪੁੰਨ ਦੀ ਲੋੜ ਹੀ ਨਹੀਂ ਰਹੀ। ਇਹ ਤੁਕ ਉਸ ਸ਼ਾਸਤਰੀ ਖਿਆਲ ਦਾ ਵੀ ਖੰਡਨ ਹੈ ਜਿਸ ਅਨੁਸਾਰ ਲੋਕਾਂ ਜੁਗਹਿ ਜੁਗਹਿ ਕੇ ਰਾਜਿਆਂ ਨੂੰ ਅਵਤਾਰ ਬਣਾ ਪੂਜਣਾ ਆਰੰਭ ਕਰ ਦਿੱਤਾ ਸੀ। ਦੁਆਪਰ ਵਿਚ ਕੋਈ ਕ੍ਰਿਸ਼ਨ ਨਹੀਂ ਤੇ ਤਰੇਤੇ ਵਿਚ ਕੋਈ ਰਾਮ ਨਹੀਂ।

ਮਾਘ ਦੇ ਮਹੀਨੇ ਤੀਰਥਾਂ ਆਦਿ ਜਾਣ ਦੀ ਥਾਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਨੇ ਵਾਹਿਗੁਰੂ ਦਾ ਸਿਮਰਨ ਕਰ, ਉਸ ਵਿਚ ਰਸ ਲੈ ਲਿਆ, ਉਸ ਦਾ ਪ੍ਰਮਾਣਿਤ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ।੧੫।

**ਸ਼ਬਦ ਭਾਵ :**

**ਪੁਨੀਤ**—ਪਾਵਨ

**ਤੀਰਥੁ**—ਉਹ ਮੰਨੇ ਹੋਏ ਅਸਥਾਨ ਜਿਥੇ ਲੋਕ ਧਰਮ ਭਾਵ ਕਾਰਨ ਇਸ਼ਨਾਨ ਪੂਜਾ ਲਈ ਜਾਂਦੇ ਹਨ।

**ਸਾਜਨ**—ਮਿੱਤਰ।

**ਗੁਣ ਗਹਿ ਅੰਕ ਸਮਾਨਿਆ**—ਗੁਣ ਗ੍ਰਹਿਣ ਕਰ ਕੇ ਪ੍ਰਭੂ ਦਾ ਰੂਪ ਹੋ ਜਾਣਾ।

**ਬੰਕੇ**—ਸੋਹਣਾ। ਮਨਮੋਹਣਾ। (Lovely, Handsome, Fine)

**ਬੇਣੀ ਸੰਗਮ**—ਪ੍ਰਯਾਗ/ਅਲਾਹਾਬਾਦ।

**ਜੁਗ ਜੁਗ ਏਕੋ ਜਾਤਾ**—ਸਾਰੇ ਜੁਗਾਂ ਵਿਚ ਸਿਰਫ਼ ਇਕ ਨੂੰ ਜਾਤਾ। ਹੋਰ ਕਿਸੇ ਅਵਤਾਰ ਪੂਜਾ ਵਿਚ ਨਹੀਂ ਪਿਆ।

**ਮਹਾ ਰਸ ਹਰਿ ਜਪਿ**—ਵਾਹਿਗੁਰੂ ਦੇ ਸਿਮਰਨ ਵਿਚੋਂ ਹੀ ਮਹਾ ਰਸ ਪ੍ਰਾਪਤ ਕੀਤਾ, ਦੁਨਿਆਵੀ ਰਸਾਂ ਦੇ ਟਾਕਰੇ।

**ਅਠ ਸਠਿ ਤੀਰਥਿ**—ਅੰਠਾਹਠ ਤੀਰਥ।

ਹਿੰਦੁਸਤਾਨ ਵਿਚ ਅਠਾਹਠ ਤੀਰਥ ਪਾਵਨ ਮੰਨੇ ਜਾਂਦੇ ਹਨ। ਭਾਈ ਕਾਹਨ ਸਿੰਘ ਜੀ ਨੇ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੰਨਾ ੪੯ (ਸੰਸਕਰਨ ਚੌਥਾ ਭਾਸ਼ਾ ਵਿਭਾਗ ਪਟਿਆਲਾ) ਤੇ ਅਠਸਠਿ ਦੇ ਸਿਰਲੇਖ ਹੇਠ ਕਪਲਤੰਤ੍ਰ ਦੇ ਅਧਾਰ ਤੇ ਅਠਾਹਠ ਗਿਣਾਏ ਹਨ ਪਰ ਪੰਡਤ ਤਾਰਾ ਸਿੰਘ ਨਿਰੋਤਮ ਨੇ ਸ੍ਰੀ ਗੁਰਮਤਿ ਨਿਰਨਯ ਸਾਗਰ ਵਿਚ ਜੋ ਅਠਾਹਠ ਦੀ ਗਿਣਤੀ ਦਿੱਤੀ ਹੈ ਉਹ ਵੱਖ ਹੈ। ਪੰਡਤ ਤਾਰਾ ਸਿੰਘ ਜੀ ਦਾ ਖ਼ਿਆਲ ਹੈ ਕਿ ਇਕ ਇਕ ਤੀਰਥ ਵਿਚ ਅਗੋਂ ਵੀ ਅਨੇਕਾਂ ਹੋਰ ਤੀਰਥ ਹਨ।

ਜਿਵੇਂ ਕੁਰੁਕਸ਼ੇਤ੍ਰ ਵਿਚ ਹੋਰ ੨੭੫ ਤੀਰਥ ਹਨ, ਕਾਸ਼ੀ ਵਿਚ ੧੪੧, ਚਿਤ੍ਰਕੂਟ ਵਿਚ ੧੬੪, ਪੁਸ਼ਕਰ ਵਿਚ ੧੨੪, ਬ੍ਰਜ (ਮਥਰਾ) ਵਿਚ ੧੫੧ ਤੇ ਗਯਾ ਵਿਖੇ ੧੮੪, ਅਯੁਧਿਆ ਵਿਚ ੧੧੫ ਆਦਿ। ਅਠਾਹਠ ਤੀਰਥ ਜੋ ਨਰੋਤਮ ਜੀ ਨੇ ਗਿਣਾਏ ਹਨ, ਉਹ ਇਸ ਪ੍ਰਕਾਰ ਹਨ :

੧. ਉਜੈਨ
੨. ਓਂਕਾਰ
੩. ਅਯੁਧਿਆ
੪. ਆਦਿ ਬਦਰੀ।
੫. ਆਦਿ ਕੂਰਮ।
੬. ਸਪਤ ਸਾਗਰ।
੭. ਸੰਭਲ।
੮. ਨਰਸਿੰਘ ਸਿੰਘਾਚਲ।
੯. ਸੁਦਾਮਾਪੁਰੀ।
੧੦. ਸੇਤ ਬੰਧ।
੧੧. ਸੋਨ-ਭਦ੍ਰਾ ਸੰਗਮ।
੧੨. ਹਿੰਗਲਾਜ।
੧੩. ਕਟਾਖ।
੧੪. ਕਸ਼ਮੀਰ।
੧੫. ਕਨਵ ਪ੍ਰਯਾਗ।
੧੬. ਕਾਸ਼ੀ।
੧੭. ਕੇਦਾਰ ਨਾਥ।
੧੮. ਕਮਖਯਾ।
੧੯. ਕ੍ਰਿਸ਼ਨਾ ਸਾਗਰ।

२०. किश्किंधा ।
२१. कुरुकश्रेत्र ।
२२. गया ।
२३. गंगा सागर ।
२४. गंगोतरी ।
२५. गंडकी संगम ।
२६. गोमती संगम ।
२७. गोमती नदी ।
२८. चित्र कुट ।
२९. चोल देस ।
३०. जगंनाथ ।
३१. जलंधर पीठ ।
३२. जनक पुरी ।
३३. तापती संगम ।
३४. त्र्यंबक ।
३५. तुंडीर मंडल ।
३६. दामोदर कुंड ।
३७. देव प्रयाग ।
३८. नंद प्रयाग ।
३९. नरमदा संगम ।
४०. नारायण सरोवर ।
४१. नेपाल ।
४२. नैम खारणय ।
४३. प्रयाग ।
४४. प्रभास ।
४५. पदम नाभ ।
४६. पंचबटी ।
४७. पंडरपुर ।
४८. पंना नरसिंघ ।
४९. पाद गया ।
५०. पांडय देस ।
५१. पुश़कर ।
५२. पुलाहाश्रम ।

੫੩. ਬਦਰੀ ਨਾਰਾਇਣ ।
੫੪. ਬਸ਼ਿਸ਼ਟ ਸਾਗਰ ।
੫੫. ਬ੍ਰਜ ।
੫੬. ਬਿਸ੍ਵਮਿਤ੍ਰ ਯਗਥਾਨ ।
੫੭. ਬਿੰਦੂਸਰ ।
੫੮. ਬਿਠੂਰ ।
੫੯. ਬੇਟ ਦਵਾਰਕਾ ।
੬੦. ਬੇਤਰਣੀ ।
੬੧. ਭ੍ਰਿਗੂਕਾ ਆਸ਼੍ਰਮ ।
੬੨. ਮਲਯ ਦੇਸ਼ ।
੬੩. ਮਾਯਾ ਪੁਰੀ ।
੬੪. ਮਾਧਵ ਪੁਰ ।
੬੫. ਮੁਕਤੀ ਨਾਥ ।
੬੬. ਰਾਵਤ ਗਿਰੀ ।
੬੭. ਰਾਮ ਤੀਰਥ ।
੬੮. ਲੋਹਾਗਰ । ੧੫ ।

—

## ਫੱਗਣ

ਫਲਗੁਨਿ ਮਨਿ ਰਹਸੀ, ਪ੍ਰੇਮ ਸੁਭਾਇਆ ॥
ਅਨਦਿਨੁ ਰਹਸੁ ਭਇਆ, ਆਪੁ ਗਵਾਇਆ ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ, ਕਰਿ ਕਿਰਪਾ ਘਰ ਆਓ ॥
ਬਹੁਤੇ ਵੇਸ ਕਰੀ ਪਿਰ ਬਾਝਹੁ, ਮਹਲੀ ਲਹਾ ਨ ਥਾਓ ॥
ਹਾਰ ਡੋਰ ਰਸ ਪਾਟ ਪਟੰਬਰ, ਪਿਰਿ ਲੋੜੀ ਸੀਗਾਰੀ ॥
ਨਾਨਕ ਮੇਲ ਲਈ ਗੁਰਿ ਆਪਣੈ, ਘਰਿ ਵਰੁ ਪਾਇਆ ਨਾਰੀ ॥੧੬॥

ਸਾਰ—ਮੋਹ, ਮਮਤਾ, ਅਹੰ ਵਿਚ ਕੀਤੇ ਬਾਹਰਲੇ ਕਰਮ ਮਨ ਨੂੰ ਟਿਕਣ ਨਹੀਂ ਸਨ ਦੇਂਦੇ ਅਤੇ ਨਾ ਹੀ ਮਨ ਉਮਾਹ ਵਿਚ ਆਉਂਦਾ ਸੀ ।

ਇਹ ਸੋਝੀ ਆ ਗਈ ਕਿ ਕੋਈ ਲਾਭ ਨਹੀਂ ਭੇਖ ਧਾਰਨ ਦਾ ਤੇ ਫ਼ਜ਼ੂਲ ਰਸਮਾਂ ਕਰਨ ਦਾ ਜੇ ਪਤੀ ਦਾ ਪਿਆਰ ਹੀ ਪਾਸ ਨਹੀਂ ਹੈ ।

ਸੋ ਫਲਗੁਨਿ ਦੇ ਮਹੀਨੇ ਜਦ ਚਾਰੇ ਪਾਸੇ ਬਨਸਪਤੀ ਖਿੜ ਖੜੋਤੀ ਹੈ ਤਾਂ ਮੇਰੇ ਮਨ ਚਾਅ ਉੱਠਿਆ ਹੈ । ਕਿਸੇ ਕਰਮ ਜਤਨ ਨਾਲ ਨਹੀਂ, ਸਿਰਫ਼ ਮੋਹ ਤਜ ਪ੍ਰੇਮ ਪਾਇਆ ਹੈ । ਅਹੰ ਗਵਾਇਆ ਹੈ ਤੇ ਉਹ ਪਿਆਰਾ ਮੇਹਰ ਕਰ ਕੇ ਹਿਰਦੇ ਵਿਚ

ਆਇਆ ਹੈ। ਇਹ ਸਭ ਗੁਰੂ ਸ਼ਬਦ ਦੀ ਮੇਹਰ ਕਰ ਕੇ ਹੋਇਆ ਹੈ ਕਿ ਮਹੱਲੀਂ ਟਿਕਾਣਾ ਵੀ ਮਿਲਿਆ ਅਤੇ ਪਿਆਰੇ ਦਾ ਸਦੀਵੀ ਪਿਆਰ ਵੀ।

**'ਘਰਿ ਵਰੁ ਪਾਇਆ ਨਾਰੀ'** : ਮਨ ਹੁਣ ਕਿਧਰੇ ਜਾਂਦਾ ਹੀ ਨਹੀਂ। ਮੰਜ਼ਲ ਜੁ ਮਿਲ ਗਈ। ਜੀਵਨ (ਬਾਰਹ ਮਾਹ) ਦਾ ਫਲ ਜੋ ਪਾ ਲਿਆ।

**ਵਿਸਥਾਰ**—ਫਲਗੁਨਿ ਦੇ ਮਹੀਨੇ ਵਾਤਾਵਰਨ ਖ਼ੁਸ਼ੀਆਂ ਭਰਿਆ ਹੋ ਜਾਂਦਾ ਹੈ ਅਤੇ ਚਾਅ ਵੀ ਆਪ-ਮੁਹਾਰੇ ਉੱਮਡ-ਉੱਮਡ ਪੈਂਦਾ ਹੈ। ਹਰ ਕੋਈ ਦੂਜੇ ਤੇ ਰੰਗ ਪਾਂਦਾ ਤੇ ਰੰਗ ਬਿਖੇਰਦਾ ਹੈ।

ਇਹ ਛਿੰਨ ਭਰ ਦੀ ਖ਼ੁਸ਼ੀ ਕਿਸੇ ਕਾਜ ਨਹੀਂ। ਚਾਹੀਦਾ ਹੈ ਕਿ ਮਨ ਸਦਾ ਉਮੰਗ ਵਿਚ ਰਵ੍ਹੇ। ਸਦਾ ਅਨੰਦ ਵਿਚ ਰਹਿਣ ਦਾ ਰਾਹ ਹੈ, ਪ੍ਰਭੂ ਦਾ ਪਿਆਰ ਜਾਗੇ ਤੇ ਮਿੱਠਾ ਵੀ ਲੱਗੇ। ਇਹ ਤਾਂ ਹੀ ਹੋ ਸਕੇਗਾ ਜੇ ਅੰਦਰ ਦਾ ਅਹੰਕਾਰ ਮਿਟਾ ਦੇਵੇ। ਹੰਕਾਰ ਪੀੜ ਤਾਂ ਆਪਣੀ ਹਉਂ ਦੇਂਦੀ ਹੈ ਅਤੇ ਜਿਸ ਵਿਚ ਹਉਂ ਹੀ ਮੁੱਕ ਗਈ ਤਾਂ ਚਾਅ ਸਦਾ ਬਣਿਆ ਰਵ੍ਹੇਗਾ। ਹਰ ਵੇਲੇ ਹੋਲੀ ਹੋਵੇਗੀ। ਕੋਈ ਰੰਗ ਸੁੱਟਦਾ ਜਾਪੇਗਾ।

ਅੰਦਰ ਦਾ ਹੰਕਾਰ ਮੁਕਾਉਣ ਲਈ ਪਹਿਲਾਂ ਪਕੜ ਛੱਡਣੀ ਜ਼ਰੂਰੀ ਹੈ ਤੇ ਫਿਰ ਉਹ ਮੇਹਰ ਕਰ ਕੇ ਹਿਰਦੇ ਰੂਪੀ ਘਰ ਵਿਚ ਆ ਵੱਸਦਾ ਹੈ। ਮਮਤਾ (ਪਕੜ) ਮੁੱਕਿਆਂ, ਉਸ ਦਾ ਪਿਆਰ ਮਿਲਣ ਲੱਗ ਪੈਂਦਾ ਹੈ ਤੇ ਮੇਹਰ ਕਰ ਅੰਦਰ ਹੀ ਆ ਵੱਸਦਾ ਹੈ। ਪਿਆਰ ਹਰ ਵੇਲੇ ਮਿਲਦਾ ਮਹਿਸੂਸ ਕਰਦਾ ਹੈ।

ਸ਼ਾਸਤ੍ਰੀ ਕਰਮ ਕਰੀ ਜਾਣੇ ਵਿਅਰਥ ਹਨ। ਅਸਲ ਵਸਤੂ ਤਾਂ ਪਿਆਰੇ ਦਾ ਪਿਆਰ ਹੈ। ਕਰਮਾਂ ਦੇ ਸਹਾਰੇ ਰਹਿਆਂ ਕਦੀ ਪ੍ਰਭੂ ਦੇ ਘਰ ਥਾਂ ਨਹੀਂ ਮਿਲਣੀ।

ਜੇ ਪ੍ਰਭੂ ਨੂੰ ਚੰਗੀ ਲੱਗ ਪਈ (ਪਿਰ ਲੋੜੀ) ਤਾਂ ਜਾਣੋਂ ਗਹਿਣੇ, ਰੇਸ਼ਮੀ ਕੱਪੜਿਆਂ ਤੇ ਗਹਿਣਿਆਂ ਨਾਲ ਸ਼ਿੰਗਾਰੀ ਗਈ। ਪਿਆਰ ਪ੍ਰਾਪਤ ਜੀਉੜੇ ਨੂੰ ਬਾਹਰਲਿਆਂ ਵਸੀਲਿਆਂ ਦੀ ਲੋੜ ਹੀ ਨਹੀਂ ਭਾਸਦੀ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰੂ ਦੇ ਸ਼ਬਦ ਨੇ ਐਸਾ ਮਿਲਾਪ ਬਖ਼ਸ਼ ਦਿੱਤਾ ਹੈ ਕਿ ਹਿਰਦੇ ਘਰ ਵਿਚ ਹੀ ਪ੍ਰਭੂ ਵਰ ਪਾ ਲਇਆ। **ਹੁਣ ਘਰ ਤੇ ਵਰ ਵਾਲੀ ਹੋ ਗਈ ਹਾਂ। ਹੁਣ ਮਾਣ ਵੀ ਪ੍ਰਾਪਤ ਹੈ ਤੇ ਮਿਲਾਪ ਦੀ ਖ਼ੁਸ਼ੀ ਵੀ।**

**ਸ਼ਬਦ ਭਾਵ :**

ਰਹਸੀ—ਚਾਅ ਖ਼ੁਸ਼ੀ। (Delighted)

ਸੁਭਾਇਆ—ਅੱਛਾ ਲੱਗਣਾ।

ਆਪੁ ਗਵਾਇਆ—ਅੰਦਰਲੀ ਹਉ ਮੁਕਾਉਣੀ।

ਮੋਹ—ਪਕੜ। (Sense of Possession)

ਘਰਿ— ਹਿਰਦੇ ਰੂਪੀ ਘਰ ਵਿਚ। (Inner Self)

**ਵੇਸ**—ਦਿਖਾਵੇ ਦੇ ਕਰਮ।

**ਹਾਰ ਡੋਰ**—ਮੋਤੀਆਂ ਦੀ ਪ੍ਰੋਈ, ਗਲੇ ਦੀ ਮਾਲਾ। (Neck Lace)

**ਪਾਟ ਪਟੰਬਰ**—ਰੇਸ਼ਮੀ ਕੱਪੜੇ।

**ਪਿਰਿ ਲੋੜੀ**—ਪਿਰ ਨੂੰ ਜੇ ਚੰਗੀ ਲੱਗ ਪਈ।

**ਘਰਿ ਵਰੁ**—ਪ੍ਰਭੂ ਦਾ ਹਿਰਦੇ ਵਿਚ ਪੱਕੀ ਤਰ੍ਹਾਂ ਆ ਬੈਠਣ ਨੂੰ ਵੀ ਕਹਿੰਦੇ ਹਨ ਅਤੇ ਘਰ ਤੇ ਵਰ ਦੋਵੇਂ ਮਿਲ ਜਾਣ ਨਾਲ ਮਾਣ ਵੀ ਮਿਲਦਾ ਹੈ ਤੇ ਪਿਆਰ ਵੀ।

ਭਟਕਣਾ ਦੇ ਮੂਲੋਂ ਮੁੱਕ ਜਾਣ ਨੂੰ ਵੀ 'ਘਰਿ ਵਰੁ' ਪਾਇਆ ਕਹਿੰਦੇ ਹਨ।

---

## ਅੰਤਿਕਾ

**ਬੇ ਦਸ ਮਾਹ, ਰੁਤੀ, ਥਿਤੀ ਵਾਰ ਭਲੇ॥**
ਘੜੀ, ਮੂਰਤ, ਪਲ, ਸਾਚੇ ਆਏ ਸਹਜ ਮਿਲੈ॥
ਪ੍ਰਭ ਮਿਲੇ ਪਿਆਰੇ, ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥
ਘਰਿ ਸੇਜ ਸੁਹਾਵੀ, ਜਾ ਪਿਰਿ ਰਾਵੀ, ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿ ਨਿਸਿ ਰਾਵੈ ਪ੍ਰੀਤਮੁ, ਹਰਿ ਵਰੁ ਥਿਰ ਸੋਹਾਗੋ॥੧੭॥੧॥

**ਸਾਰ**—੧੭ ਤੋਂ ਬਾਅਦ ਅਖ਼ੀਰਲਾ '੧' ਪਿਆ ਦੱਸਦਾ ਹੈ ਕਿ 'ਬਾਰਹ ਮਾਹਾ ਤੁਖਾਰੀ' ਦਾ ਮਜ਼ਮੂਨ ਇਕ ਹੀ ਹੈ। ਜੋ ਗੱਲ ਅਰੰਭ ਵਿਚ ਕਹੀ ਸੀ ਕਿ 'ਸੁਖ ਸਹੰਮਾਂ' 'ਦੱਖ-ਸੁੱਖ' ਹਰ ਵੇਲੇ ਸਿਰ ਤੇ ਬਣਿਆ ਲੱਗਦਾ ਹੈ ਉਸੇ ਨੂੰ ਤੋੜ ਨਿਭਾਉਂਦੇ ਕਹਿੰਦੇ ਹਨ ਕਿ ਹੁਣ 'ਘਰਿ ਵਰੁ' ਵਾਲਾ ਹੋ ਗਿਆ ਹਾਂ ਸੋ ਦੁੱਖ ਦਾ ਸਹਿਮ ਨਹੀਂ ਰਹਿਆ, ਥਿਰ ਸੋਹਾਗ ਹੋ ਗਿਆ ਹੈ। ਟਾਕਰੇ ਦੀ ਤਬਦੀਲੀ ਸਾਫ਼ ਪ੍ਰਗਟ ਹੋ ਰਹੀ ਹੈ।

ਅੰਤਿਕਾ ਵਿਚ ਗੁਰੂ ਨਾਨਕ ਦੇਵ ਜੀ ਕਹਿ ਰਹੇ ਹਨ ਕਿ ਹਰ ਵੇਲੇ ਇਕੋ ਇਹ ਕਰਮ ਕਰਨ ਦੀ ਲੋੜ ਹੈ ਕਿ ਹਿਰਦਾ ਟਿਕਾ ਵਿਚ ਆਵੇ। ਟਿਕਾ ਵਾਲਾ ਹਰ ਪਲ ਹੀ ਸੁਹਾਵਣਾ ਹੋ ਜਾਂਦਾ ਹੈ। ਨਾ ਫਿਰ ਮਹੂਰਤ ਕਢਵਾਉਣ ਦੀ ਲੋੜ, ਨਾ ਨਛੱਤਰਾਂ ਦਾ ਵਹਿਮ ਤੇ ਨਾਂਹ ਹੀ ਗ੍ਰਹਾਂ ਦਾ ਭੈ।

ਟਿਕੇ ਮਨ ਵਾਲੇ ਨੂੰ ਪ੍ਰਤੀਤੀ ਹੋ ਆਂਦੀ ਹੈ ਕਿ ਸਾਰੇ ਕਾਰਜ ਕਰਨ ਤੇ ਸਵਾਰਨ-ਹਾਰਾ ਆਪ ਵਾਹਿਗੁਰੂ ਹੈ। ਉਸੇ ਨੇ ਹਿਰਦੇ ਦਾ ਪੂਰਨ ਟਿਕਾ ਦੇ ਕੇ ਸੋਹਣਾ ਬਣਾਇਆ ਹੈ। ਮਿਲਾਪ ਵੀ ਉਸੇ ਹੀ ਕਰਾਇਆ ਹੈ। ਉਸੇ ਨੇ ਮੇਹਰ ਕਰ ਕੇ ਬਾਣੀ ਦੇ ਰਾਹ ਟੋਰਿਆ ਤੇ ਮਸਤਕ ਦੇ ਭਾਗ ਜਾਗੇ ਤੇ ਹਿਰਦਾ ਸ਼ੁੱਧ ਹੋਇਆ ਹੈ। ਹੁਣ ਇਹ ਮਿਲਾਪ ਦਾ ਅਨੰਦ ਜਾਂਦਾ ਹੀ ਨਹੀਂ।

**ਵਿਸਥਾਰ**—ਉਸ ਜੀਵ-ਇਸਤ੍ਰੀ ਦੇ ਬਾਰਾਂ ਦੇ ਬਾਰਾਂ ਮਹੀਨੇ, ਛੇ ਰੁੱਤਾਂ, ੧੪ ਥਿਤਾਂ, ਸੱਤ ਵਾਰ, ਸਭੇ ਮਹੂਰਤ ਤੇ ਪਲ ਤਕ ਭਾਗਾਂ ਵਾਲੇ ਹੋ ਗਏ ਜਿਸ ਦੇ ਟਿਕੇ ਹੋਏ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੇ ਟਿਕਾਣਾ ਬਣਾ ਲਿਆ।

ਹੁਣ ਹਰ ਕਾਰਜ ਆਪੇ ਸਿਰੇ ਚੜ੍ਹ ਰਹਿਆ ਹੈ, ਸੌਰ ਰਹੇ ਹਨ, ਕਿਉਂਕਿ ਸਾਰੇ ਢੰਗ ਵਿਧੀਆਂ ਜਾਣਨ ਵਾਲਾ ਪ੍ਰਭੂ ਪਿਆਰਾ ਹਿਰਦੇ ਵਿਚ ਬੈਠਾ ਹੈ। ਪ੍ਰਭੂ ਨੇ ਹੀ ਮਿਹਰ ਕਰ ਸਾਰਾ ਜੀਵਨ, ਘੜ ਸਵਾਰ ਸੋਹਣਾ ਬਣਾਇਆ ਹੈ ਤੇ ਉਹ ਹੀ ਪਿਆਰ ਦੇ ਕੇ ਨੇੜੇ ਆ ਢੁਕਿਆ ਹੈ ਤੇ ਜੀਵ-ਇਸਤ੍ਰੀ ਖ਼ੁਸ਼ੀ ਵਿਚ ਨਹੀਂ ਸਮਾਉਂਦੀ। ਗੁਰੂ ਸ਼ਬਦ ਦੇ ਰਾਹ ਟੁਰ ਸਨਮੁਖ ਟੁਰ ਕੇ ਮੱਥੇ ਦੇ ਭਾਗ ਐਸੇ ਜਾਗੇ ਹਨ ਕਿ ਹਿਰਦਾ ਰੂਪੀ ਸੇਜ ਸੋਹਣੀ ਹੋ ਗਈ ਹੈ ਤੇ ਪ੍ਰਮਾਤਮਾ ਹੁਣ ਮਿਲਾਪ ਦਾ ਅਨੰਦ ਨਿਤ ਬਖ਼ਸ਼ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਫ਼ਰਮਾਂਦੇ ਹਨ ਕਿ 'ਉਸ ਉੱਚੇ ਦੇ ਘਰ ਵਿਚ ਵਾਸਾ ਮਿਲਿਆਂ, ਮਿਲਾਪ ਹੋਇਆਂ ਤੇ ਹਰ ਵੇਲੇ ਮਿਲਾਪ ਦਾ ਅਨੰਦ ਪਾਉਂਦੇ ਰਹਿਆਂ ਸਦਾ ਸੋਹਾਗ ਬਣਿਆ ਰਹਿੰਦਾ ਹੈ। ਪਤੀ ਪ੍ਰਮਾਤਮਾ ਕਦੇ ਦੂਰ ਦਿਖਾਈ ਨਹੀਂ ਦੇਂਦਾ। ਸਦਾ ਰਹਿਮਤ ਬਣੀ ਰਹਿੰਦੀ ਹੈ।

ਇਹ ਉਸ ਦੇ ਟਾਕਰੇ ਕਿਤਨੀ ਤਬਦੀਲੀ ਹੈ ਜਿਸ ਨੂੰ ਆਰੰਭ ਵਿਚ 'ਸੁਖ ਸਹੰਮਾ' ਕਿਹਾ ਸੀ। ਪਹਿਲਾਂ ਡਰ ਬਣਿਆ ਰਹਿੰਦਾ ਸੀ, ਹੁਣ ਕਿਸੇ ਪਰਕਾਰ ਦਾ ਤੌਖਲਾ ਤਕ ਨਹੀਂ ਰਿਹਾ, ਕਿਉਂਕਿ 'ਥਿਰ ਸੋਹਾਗ' ਹੋ ਗਿਆ ਹੈ।

**ਸ਼ਬਦ ਭਾਵ :**

**ਬੇ ਦਸ**—ਬਾਰਾਂ।

**ਰੁਤੀ**—ਰੁੱਤਾਂ। ਜੋ ਗਿਣਤੀ ਵਿਚ ਛੇ ਹਨ।

**ਥਿੱਤੀ**—ਥਿੱਤੀ, ਜੋ ਗਿਣਤੀ ਵਿਚ ਚੌਦਾਂ ਹਨ।

**ਵਾਰ**—ਦਿਹਾੜੇ, ਜੋ ਗਿਣਤੀ ਵਿਚ ਸੱਤ ਹਨ।

**ਘੜੀ**—ਸਮੇਂ ਦਾ ਵਕਫ਼ਾ ਦੱਸਣ ਲਈ। ਸੱਠ ਪਲ ਦੀ ਘੜੀ ਹੁੰਦੀ ਹੈ।

**ਮੂਰਤ**—ਮੂਹਰਤ।(Period of Time)

**ਸਹਜਿ**—ਪੂਰਨ ਟਿਕਾ ਮਿਲਿਆ।

**ਬਿਧਿ**—ਢੰਗ। ਵਿਉਂਤ।

**ਰਾਵੀ**—ਨਾਲ ਮਿਲਾਉਣਾ।

**ਥਿਰੁ ਸੋਹਾਗੋ**—ਸਦਾ ਮਿਲਾਪ ਦਾ ਆਨੰਦ। (Eternal Wedding Bliss)

★